ੴ ਸਤਿਗੁਰ ਪ੍ਰਸਾਦਿ॥

ਗੁਰਮਤਿ ਸਾਚੀ ਸਾਚਾ ਵੀਚਾਰੁ॥

# ਗੁਰਮਤਿ ਪ੍ਰਕਾਸ਼

(ਧਰਮ ਪ੍ਰਚਾਰ ਕਮੇਟੀ ਦਾ ਮਾਸਿਕ-ਪੱਤਰ)

ਭਾਦੋਂ-ਅੱਸੂ, ਸੰਮਤ ਨਾਨਕਸ਼ਾਹੀ ੫੪੯ ਸਤੰਬਰ 2017

ਜਿਲਦ ੬੧ ਅੰਕ ੬

*ਮੁੱਖ ਸੰਪਾਦਕ*
ਸਿਮਰਜੀਤ ਸਿੰਘ

*ਸੰਪਾਦਕ*
ਸਤਵਿੰਦਰ ਸਿੰਘ ਫੂਲਪੁਰ

## ਚੰਦਾ

| (ਦੇਸ਼) | | (ਵਿਦੇਸ਼) | |
|---|---|---|---|
| ਪ੍ਰਤੀ ਕਾਪੀ | ₹ ੫ | ਸਾਲਾਨਾ | ₹ ੧੨੫੦ |
| ਸਾਲਾਨਾ | ₹ ੫੦ | ਪੰਜ ਸਾਲ | ₹ ੫੦੦੦ |
| ਪੰਜ ਸਾਲ | ₹ ੨੫੦ | ਲਾਈਫ਼ | ₹ ੧੦੦੦੦ |
| ਲਾਈਫ਼ | ₹ ੫੦੦ | | |

## ਚੰਦਾ ਭੇਜਣ ਦਾ ਪਤਾ

ਸਕੱਤਰ
ਧਰਮ ਪ੍ਰਚਾਰ ਕਮੇਟੀ
(ਸ਼੍ਰੋਮਣੀ ਗੁ: ਪ੍ਰ: ਕਮੇਟੀ)
ਸ੍ਰੀ ਅੰਮ੍ਰਿਤਸਰ-੧੪੩੦੦੬

Secretary
Dharam Parchar Committee
(S.G.P.C.)
Sri Amritsar-143006

**ਫੋਨ :** 0183-2553956-59 **ਐਕਸ** 304 **ਫੈਕਸ :** 0183-2553919

website : www.sgpc.net
e-mail :gurmatparkashmonthly@gmail.com,
gyan_gurmat@yahoo.com

**ਡਾਕ ਰਾਹੀਂ 'ਗੁਰਮਤਿ ਪ੍ਰਕਾਸ਼' ਨਾ ਪੁੱਜਣ ਬਾਰੇ ਉਪਰੋਕਤ ਫੋਨ ਨੰਬਰ ਮਿਲਾ ਕੇ ਇੰਚਾਰਜ ਗੁਰਮਤਿ ਪ੍ਰਕਾਸ਼ ਨਾਲ ਐਕਸ: 303 'ਤੇ ਸੰਪਰਕ ਕਰੋ ਜੀ।**

Approved for School libraries by the Director of Public Instructions Punjab.
Vide Circular No. 4580-2/25-58-B-49154 Dated Oct. 1958

## ਤਤਕਰਾ


| | | |
|---|---|---|
| ਗੁਰਬਾਣੀ ਵਿਚਾਰ | | ੫ |
| ਸੰਪਾਦਕੀ | | ੬ |
| ਵੀਹਵੀਂ ਸਦੀ ਦਾ ਮਹਾਨ ਜਰਨੈਲ ਹਰਬਖਸ਼ ਸਿੰਘ | -ਪ੍ਰੋ. ਕਿਰਪਾਲ ਸਿੰਘ ਬਡੂੰਗਰ | ੮ |
| ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਹਿਲਾ ਪ੍ਰਕਾਸ਼ ਦਿਵਸ | -ਸ. ਭੁਪਿੰਦਰਪਾਲ ਸਿੰਘ 'ਚੜੀ' | ੨੧ |
| ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੱਭਿਆਚਾਰਕ ਚੇਤਨਾ | -ਡਾ. ਜਸਵਿੰਦਰ ਸਿੰਘ | ੨੪ |
| ਸ੍ਰੀ ਗੁਰੂ ਅੰਗਦ ਦੇਵ ਜੀ ਦੀ ਬਾਣੀ ਵਿਚ ਗੁਰੂ ਦਾ ਸੰਕਲਪ | -ਬੀਬੀ ਜਸਵਿੰਦਰ ਕੌਰ | ੨੮ |
| ਮਾਰੂ ਸੋਲਹੇ: ਇਕ ਅਧਿਐਨ | -ਸਤਵਿੰਦਰ ਸਿੰਘ ਫੂਲਪੁਰ | ੩੨ |
| ਅਰਦਾਸ: ਇਕ ਸੰਕਲਪ | -ਸ. ਮਨਜੀਤ ਸਿੰਘ | ੩੮ |
| ਗੁਰਦੁਆਰਾ ਨਾਨਕਸ਼ਾਹੀ ਢਾਕਾ (ਬੰਗਲਾਦੇਸ਼) | -ਡਾ. ਰੂਪ ਸਿੰਘ | ੪੨ |
| . . . ਭਾਈ ਨੰਦ ਲਾਲ ਜੀ ਗੋਯਾ | -ਸ. ਬੀਰ ਦਵਿੰਦਰ ਸਿੰਘ | ੪੬ |
| ਬਹਾਦਰ ਸਿੱਖ ਜਰਨੈਲ : ਸਰਦਾਰ ਜੋਧ ਸਿੰਘ ਰਾਮਗੜ੍ਹੀਆ | -ਸ. ਬਿਕਰਮਜੀਤ ਸਿੰਘ ਜੀਤ | ੫੨ |
| . . . ਸ਼ਹੀਦ ਭਗਤ ਸਿੰਘ | -ਸਿਮਰਜੀਤ ਸਿੰਘ | ੫੬ |
| ਮਾਤਾ ਕਰਮ ਕੌਰ | -ਡਾ. ਅਮਰਜੀਤ ਕੌਰ | ੭੨ |
| . . . ਗਿ. ਦਿੱਤ ਸਿੰਘ ਸੰਬੰਧੀ ਉਲੇਖ | -ਡਾ. ਕੁਲਵਿੰਦਰ ਸਿੰਘ | ੭੫ |
| ਗਾਗਰ 'ਚ ਸਾਗਰ-- ੭੮ | -ਡਾ. ਇੰਦਰਜੀਤ ਸਿੰਘ ਗੋਗੋਆਣੀ | ੮੬ |
| ਸ੍ਰੀ ਗੁਰੂ ਰਾਮਦਾਸ ਜੀ (ਕਵਿਤਾ) | -ਭਾਈ ਬਲਦੇਵ ਸਿੰਘ ਜ਼ੀਰਾ | ੯੧ |
| ਗੁਰੂ ਗ੍ਰੰਥ ਹੈ ਗੁਰੂ ਬੇਅੰਤ ਸਾਡਾ (ਕਵਿਤਾ) | -ਸ. ਸਤਿਨਾਮ ਸਿੰਘ ਕੋਮਲ | ੯੨ |
| ਖ਼ਬਰਨਾਮਾ | | ੯੩ |
| ਧਰਮ ਪ੍ਰਚਾਰ ਕਮੇਟੀ ਦੀਆਂ ਪ੍ਰਚਾਰ ਸਰਗਰਮੀਆਂ | | ੯੭ |

ਗੁਰਬਾਣੀ ਵਿਚਾਰ :

# ਨਾਨਕ ਅਸੁਨਿ ਮਿਲਹੁ ਪਿਆਰੇ

*ਅਸੁਨਿ ਆਉ ਪਿਰਾ ਸਾ ਧਨ ਝੂਰਿ ਮੁਈ॥*
*ਤਾ ਮਿਲੀਐ ਪ੍ਰਭ ਮੇਲੇ ਦੂਜੈ ਭਾਇ ਖੁਈ॥*
*ਝੂਠਿ ਵਿਗੁਤੀ ਤਾ ਪਿਰ ਮੁਤੀ ਕੁਕਹ ਕਾਹ ਸਿ ਫੁਲੇ॥*
*ਆਗੈ ਘਾਮ ਪਿਛੈ ਰੁਤਿ ਜਾਡਾ ਦੇਖਿ ਚਲਤ ਮਨੁ ਡੋਲੇ॥*
*ਦਹ ਦਿਸਿ ਸਾਖ ਹਰੀ ਹਰੀਆਵਲ ਸਹਜਿ ਪਕੈ ਸੋ ਮੀਠਾ॥*
*ਨਾਨਕ ਅਸੁਨਿ ਮਿਲਹੁ ਪਿਆਰੇ ਸਤਿਗੁਰ ਭਏ ਬਸੀਠਾ॥* *(ਪੰਨਾ ੧੧੦੮)*

ਸ੍ਰੀ ਗੁਰੂ ਨਾਨਕ ਸਾਹਿਬ ਜੀ ਬਾਰਹ ਮਾਹਾ ਤੁਖਾਰੀ ਦੀਆਂ ਇਨ੍ਹਾਂ ਪਾਵਨ ਪੰਕਤੀਆਂ ਦੁਆਰਾ ਅੱਸੂ ਮਹੀਨੇ ਦੀ ਰੁੱਤ ਦਾ ਵਰਣਨ ਕਰਦਿਆਂ ਜੀਵ-ਆਤਮਾ ਦੇ ਪ੍ਰਭੂ-ਪਤੀ ਨਾਲ ਸਦੀਵੀ ਮਿਲਾਪ ਦਾ ਉਪਦੇਸ਼ ਬਖਸ਼ਿਸ਼ ਕਰਦੇ ਹਨ। ਗੁਰੂ ਜੀ ਜੀਵ ਇਸਤਰੀ ਦੀ ਪ੍ਰਭੂ-ਮਿਲਾਪ ਦੀ ਤਾਂਘ ਤੀਬਰ ਹੋਣ ਦਾ ਉਲੇਖ ਕਰਦੇ ਹੋਏ ਫੁਰਮਾਨ ਕਰਦੇ ਹਨ ਕਿ, ਹੇ ਮੇਰੇ ਪਿਆਰੇ ਪ੍ਰੀਤਮ! ਹੁਣ ਤਾਂ ਅੱਸੂ ਦਾ ਮਹੀਨਾ ਵੀ ਆ ਗਿਆ ਹੈ। ਆਪ ਜੀ ਦੇ ਵਿਛੋੜੇ 'ਚ ਮੈਂ ਨਿਮਾਣੀ ਜੀਵ ਇਸਤਰੀ ਦਾ ਬੁਰਾ ਹਾਲ ਹੈ। ਇਸ ਵਿਛੋੜੇ 'ਚ ਬਹੁਤ ਝੂਰਦੀ ਆ ਰਹੀ ਹਾਂ। ਹੇ ਪਿਆਰੇ! (ਪ੍ਰਭੂ ਜੀ) ਮਿਲਾਪ ਆਪ ਦੁਆਰਾ ਨਿਮਾਣੀ 'ਤੇ ਮਿਹਰ ਕਰ ਕੇ ਹੀ ਸੰਭਵ ਹੋ ਸਕਦਾ ਹੈ। ਦੂਸਰੇ ਪਿਆਰ ਅਰਥਾਤ ਦੁਨੀਆ ਨਾਲ ਲੋੜੋਂ ਵੱਧ ਲਗਾਉ ਰੱਖਣ 'ਚ ਤਾਂ ਖੱਜਲ-ਖੁਆਰੀ ਹੀ ਹੈ ਨਾ! ਆਪ ਜੀ ਦੇ ਵਿਛੋੜੇ ਦੀ ਹਾਲਤ ਇਸ ਕਰਕੇ ਵੀ ਅਸਹਿ ਹੈ ਕਿ ਮੈਂ ਸੰਸਾਰਕ ਝੰਜਟਾਂ 'ਚ ਫਸ ਕੇ ਬੜੀ ਖੁਆਰ ਹੋਈ ਹਾਂ। ਅਣਲੋੜੀਂਦੇ ਸੰਸਾਰਕ ਝੰਜਟਾਂ 'ਚ ਲੱਗਿਆਂ ਹੀ ਮੇਰੇ ਸਿਰ ਦੇ ਕੇਸ ਪਿਲਛੀ ਤੇ ਕਾਹੀ ਦੇ ਬੂਰ ਦੀ ਤਰ੍ਹਾਂ ਚਿੱਟੇ ਹੋ ਗਏ। (ਅੱਸੂ ਮਹੀਨੇ ਪੰਜਾਬ ਦੇ ਦਰਿਆਵਾਂ ਕੰਢੇ ਉੱਗੀ ਕਾਹੀ ਤੇ ਪਿਲਛੀ ਨੂੰ ਚਿੱਟਾ ਬੂਰ ਲੱਗਾ ਹੁੰਦਾ ਹੈ।) ਉਸ ਚਿੱਟੇ ਬੂਰ ਨੂੰ ਤੱਕ ਕੇ ਜੀਵ ਇਸਤਰੀ ਨੂੰ ਆਪਣੇ ਬੁਢਾਪੇ ਦਾ ਅਹਿਸਾਸ ਹੁੰਦਾ ਹੈ। ਗੁਰੂ ਜੀ ਦਾ ਸੰਕੇਤ ਹੈ ਕਿ ਇਨਸਾਨ ਜਵਾਨੀ 'ਚ ਪਰਮਾਤਮਾ ਦੀ ਭਗਤੀ ਦਾ ਕਲਿਆਣਕਾਰੀ ਰਾਹ ਆਮ ਕਰ ਕੇ ਅਪਣਾਉਂਦਾ ਨਹੀਂ। ਇਸ ਕਾਰਨ ਬਜ਼ੁਰਗ ਅਵਸਥਾ 'ਚ ਪਛਤਾਵਾ ਹੀ ਪੱਲੇ ਪੈਂਦਾ ਹੈ। ਗਰਮੀ ਵਾਲੀ ਰੁੱਤ ਭਾਵ ਜਵਾਨੀ ਤਾਂ ਚਲੀ ਗਈ। ਹੁਣ ਤਾਂ ਅੱਗੇ ਸਿਆਲ ਹੀ ਨਜ਼ਰ ਆ ਰਿਹਾ ਹੈ। ਸਖਤ ਸੁਭਾਅ ਵਾਲੇ ਸਿਆਲ ਦਾ ਖਿਆਲ ਕਰ ਕੇ ਜੀਵ ਇਸਤਰੀ ਦਾ ਮਨ ਡੋਲਦਾ ਤੇ ਘਬਰਾਉਂਦਾ ਹੈ ਕਿ, ਹਾਏ! ਸਿਆਲ ਦੀ ਮਾਰ ਕੀ ਮੈਂ ਝਲ ਸਕਾਂਗੀ? ਜੀਵ-ਆਤਮਾ ਨੂੰ ਸਿਆਲ ਦੇ ਸੰਸਿਆਂ ਤੋਂ ਛੁਟਕਾਰਾ ਦਿਵਾਉਂਦਿਆਂ ਗੁਰੂ ਜੀ ਸਹਿਜ ਸੁਭਾਅ ਵਾਲਾ ਗੁਰਮਤਿ ਜੀਵਨ-ਢੰਗ ਸੁਝਾਉਂਦੇ ਹਨ। ਬਖਸ਼ਿਸ਼ ਕਰਦੇ ਹਨ ਕਿ ਦਸਾਂ ਹੀ ਦਿਸ਼ਾਵਾਂ 'ਚ ਭਾਵ ਹਰ ਪਾਸੇ ਹੀ ਅੱਸੂ ਦੇ ਮਹੀਨੇ ਹਰੀਆਂ ਟਾਹਣੀਆਂ ਨਜ਼ਰੀਂ ਪੈਂਦੀਆਂ ਹਨ। ਜਿਹੜਾ ਭੋਜਨ ਹੌਲੀ-ਹੌਲੀ ਧੀਰਜ ਰੱਖਦਿਆਂ ਪਕਾਈਏ ਉਹ ਮਿੱਠਾ ਤੇ ਰਸਦਾਇਕ ਬਣਦਾ ਹੈ। ਭਾਵ ਜੀਵ-ਆਤਮਾ ਆਪਣੇ ਰੂਹਾਨੀ ਭੋਜਨ ਨੂੰ ਪਕਾਉਣ ਦਾ ਉੱਦਮ ਉਪਰਾਲਾ ਕਰੇ। ਹੇ ਨਾਨਕ! ਅੱਸੂ ਦੀ ਮਿੱਠੀ ਸੁਹਾਵਣੀ ਰੁੱਤ 'ਚ ਸੱਚੇ ਗੁਰੂ-ਰੂਪੀ ਵਿਚੋਲੇ ਦਾ ਜੇਕਰ ਸਾਥ-ਸਹਿਯੋਗ ਮਿਲ ਜਾਵੇ ਭਾਵ ਸੁਯੋਗ ਗੁਰਮਤਿ ਜੀਵਨ-ਮਾਰਗ ਦੀ ਸੋਝੀ ਪੱਲੇ ਪੈ ਜਾਵੇ ਤਾਂ ਜੀਵ-ਆਤਮਾ, ਜੀਵ ਇਸਤਰੀ ਪਿਆਰੇ-ਪਤੀ ਪਰਮਾਤਮਾ ਨਾਲ ਸਦੀਵੀ ਮਿਲਾਪ ਦਾ ਸੁਖ ਹਾਸਲ ਕਰ ਸਕਦੀ ਹੈ। ■

ਸੰਪਾਦਕੀ...

# ਅੱਜ ਵੀ ਕਿੱਥੇ ਖੜ੍ਹੀ ਹੈ ਸਾਡੀ ਮਾਨਸਿਕਤਾ?

*ਵਿਕਾਸ ਦੇ ਮੁਢਲੇ ਪੜਾਅ 'ਤੇ ਮਨੁੱਖ ਅਤੇ ਪਸ਼ੂ ਵਿਚਕਾਰ ਜ਼ਿਆਦਾ ਅੰਤਰ ਨਹੀਂ ਸੀ। ਖਾਣਾ, ਪੀਣਾ ਅਤੇ ਸੌਣਾ ਆਦਿ ਪਸ਼ੂ ਅਤੇ ਮਨੁੱਖ ਵਿਚ ਸਮਾਨ ਬਿਰਤੀਆਂ ਸਨ। ਇਸ ਅਵਸਥਾ ਵਿਚ ਮਨੁੱਖ ਪ੍ਰਕਿਰਤੀ ਵਿਚ ਵਾਪਰ ਰਹੀਆਂ ਨਿੱਤ ਘਟਨਾਵਾਂ ਤੋਂ ਪੂਰੀ ਤਰ੍ਹਾਂ ਅਣਜਾਣ ਸੀ, ਜਿਸ ਕਾਰਨ ਕਈ ਪ੍ਰਕਾਰ ਦੇ ਵਹਿਮ-ਭਰਮ, ਜਾਦੂ-ਟੂਣੇ ਉਸ ਦੇ ਜੀਵਨ ਦਾ ਅੰਸ਼ ਬਣੇ। ਉਦੋਂ ਤੋਂ ਲੈ ਕੇ ਪੜਾਅ-ਦਰ-ਪੜਾਅ ਵਿਕਾਸ ਦੀਆਂ ਮੰਜ਼ਲਾਂ ਤੈਅ ਕਰਦਾ ਅੱਜ ਮਨੁੱਖ ਵਿਗਿਆਨਕ ਯੁੱਗ ਵਿਚ ਪ੍ਰਵੇਸ਼ ਕਰ, ਸੱਭਿਅਕ ਸਮਾਜ ਦਾ ਵਾਸੀ ਬਣ ਚੁੱਕਾ ਹੈ। ਅੱਜ ਦਾ ਮਨੁੱਖ ਕੁਦਰਤ ਵਿਚ ਵਾਪਰ ਰਹੀਆਂ ਛੋਟੀਆਂ-ਵੱਡੀਆਂ ਤਮਾਮ ਘਟਨਾਵਾਂ ਨੂੰ ਸਮਝਣ ਦੇ ਸਮਰੱਥ ਹੋ ਚੁੱਕਾ ਹੈ। ਇਸ ਬੌਧਿਕ ਸੁਚੇਤਤਾ ਦਾ ਸਿਹਰਾ ਬੇਸ਼ੱਕ ਵਿਗਿਆਨ ਦੇ ਸਿਰ ਵੀ ਬੰਨ੍ਹਿਆ ਜਾਂਦਾ ਹੈ, ਪਰ ਗੁਰੂ ਸਾਹਿਬਾਨ ਨੇ ਅੱਜ ਤੋਂ ਲੱਗਭਗ ਪੰਜ ਸੌ ਸਾਲ ਪਹਿਲਾਂ ਹੀ ਬ੍ਰਹਿਮੰਡੀ ਪੱਧਰ 'ਤੇ ਵਾਪਰ ਰਹੀਆਂ ਕ੍ਰਿਆਵਾਂ ਅਤੇ ਬ੍ਰਹਿਮੰਡ ਦੀ ਵਿਸ਼ਾਲਤਾ ਬਾਰੇ ਆਪਣਾ ਸਪਸ਼ਟ ਨਜ਼ਰੀਆ ਦੱਸ ਕੇ ਇਸ ਪ੍ਰਥਾਇ ਪ੍ਰਚਲਿਤ ਭ੍ਰਾਂਤੀਆਂ ਨੂੰ ਖਤਮ ਕਰਨ ਦਾ ਯਤਨ ਕੀਤਾ ਸੀ। ਸਮਾਜ ਅੰਦਰ ਪ੍ਰਚਲਿਤ ਭਰਮ-ਮੂਲਕ ਰਸਮਾਂ ਦਾ ਖੰਡਨ ਕਰ ਕੇ ਸਾਨੂੰ ਨਿਰੋਈ ਜੀਵਨ-ਜਾਚ ਦੇ ਧਾਰਨੀ ਬਣਾਇਆ। ਗਿਆਨ ਦੇ ਅਥਾਹ ਸਾਗਰ ਗੁਰਬਾਣੀ ਦੀ ਰਚਨਾ ਕਰ ਕੇ ਹਰ ਪ੍ਰਕਾਰ ਦੇ ਵਹਿਮਾਂ-ਭਰਮਾਂ ਦੀਆਂ ਦੀਵਾਰਾਂ ਨੂੰ ਤੋੜਿਆ ਅਤੇ ਨਿਰੋਏ ਸਮਾਜ ਦੀ ਸਿਰਜਣਾ ਕੀਤੀ।*

*ਸਾਡੇ ਕੋਲ ਅਥਾਹ ਅਧਿਆਤਮਕ ਗਿਆਨ ਦਾ ਸੋਮਾ ਗੁਰਬਾਣੀ ਦੇ ਹੁੰਦਿਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਆਪਣਾ ਗੁਰੂ ਮੰਨਣ ਵਾਲਾ ਕੋਈ ਵੀ ਸਿੱਖ ਵਹਿਮਾਂ-ਭਰਮਾਂ ਦੀ ਦਲਦਲ ਵਿਚ ਨਹੀਂ ਫਸ ਸਕਦਾ। ਗੁਰੂ ਸਾਹਿਬਾਨ ਨੇ ਮਨੁੱਖੀ ਜੀਵਨ ਵਿੱਚੋਂ ਇਨ੍ਹਾਂ ਭਰਮਾਂ-ਪਖੰਡਾਂ ਨੂੰ ਦੂਰ ਕਰਨ ਲਈ ਉਪਦੇਸ਼ ਪੱਖੋਂ ਕੋਈ ਕਸਰ ਨਹੀਂ ਛੱਡੀ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦੇ ਉਪਦੇਸ਼ ਤੋਂ ਵਾਂਝੇ ਮਨੁੱਖ ਦੀ ਮੱਤ ਰੂਪੀ ਬਾਂਸ ਹੀ ਖੋਖਲਾ ਹੈ, ਤਾਂ ਉਪਦੇਸ਼ ਰੂਪੀ ਫੂਕ ਬਿਨਾ ਕੋਈ ਗਿਆਨ ਦਾ ਨਾਦ ਛੇੜੇ ਲੰਘ ਜਾਵੇਗੀ ਅਤੇ ਗੁਰੂ ਦੇ ਗਿਆਨ ਤੋਂ ਬਿਨਾ ਵਹਿਮਾਂ-ਭਰਮਾਂ, ਪਖੰਡਾਂ ਦੇ ਅੰਧਕਾਰ ਵਿਚ ਹੀ ਫਸਿਆ ਰਹੇਗਾ।*

*ਸੰਸਾਰ ਅੰਦਰ ਫੈਲੇ ਇਨ੍ਹਾਂ ਵਹਿਮਾਂ-ਭਰਮਾਂ, ਪਖੰਡਾਂ ਦੀ ਜਦੋਂ ਗੱਲ ਚੱਲਦੀ ਹੈ ਤਾਂ ਇਸ ਮਾਨਸਿਕ ਕਮਜ਼ੋਰੀ ਲਈ ਪ੍ਰਚਾਰ ਦੀ ਕਮੀ ਨੂੰ ਜ਼ਿੰਮੇਦਾਰ ਠਹਿਰ ਦਿੱਤਾ ਜਾਂਦਾ ਹੈ, ਪਰ ਇਸ ਸਭ ਕਾਸੇ ਦਾ ਅਸਲ ਕਾਰਨ ਸਾਡੀ* **ਹਾਥ ਦੀਪ ਕੂਐ ਪੜੈ**

*ਵਾਲੀ ਦਸ਼ਾ ਜਾਪਦੀ ਹੈ। ਗੁਰਮਤਿ ਦੇ ਪ੍ਰਚਾਰ-ਪ੍ਰਸਾਰ ਪ੍ਰਤੀ ਤਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਹੋਰ ਬਹੁਤ ਸਾਰੀਆਂ ਸੰਸਥਾਵਾਂ, ਸਭਾ-ਸੁਸਾਇਟੀਆਂ ਆਪੋ-ਆਪਣੀ ਸਮਰੱਥਾ ਅਨੁਸਾਰ ਨਿਰੰਤਰ ਯਤਨਸ਼ੀਲ ਹਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੁਆਰਾ ਵਿਸ਼ੇਸ਼ ਰੂਪ ਵਿਚ ਧਰਮ ਪ੍ਰਚਾਰ ਲਹਿਰ ਚਲਾਈ ਜਾ ਰਹੀ ਹੈ।*

*ਗੁਰੂ ਦੇ ਸਿੱਖ ਹੋਣ ਦੇ ਨਾਤੇ ਸਾਡਾ ਵਿਅਕਤੀਗਤ ਫਰਜ਼ ਵੀ ਬਣਦਾ ਹੈ ਕਿ ਅਸੀਂ ਵੱਧ ਤੋਂ ਵੱਧ ਗੁਰਮਤਿ ਸਾਹਿਤ ਆਪ ਪੜ੍ਹੀਏ ਅਤੇ ਆਪਣੇ ਬੱਚਿਆਂ ਅੰਦਰ ਵੀ ਪੜ੍ਹਨ ਦੀ ਰੁਚੀ ਪੈਦਾ ਕਰੀਏ। ਕੀ ਅੱਜ ਅਸੀਂ ਇੰਨੇ ਅਵੇਸਲੇ ਹੋ ਗਏ ਹਾਂ ਕਿ ਅਸੀਂ ਪੰਥ ਪ੍ਰਵਾਨਿਤ ਸਿੱਖ ਰਹਿਤ ਮਰਯਾਦਾ ਤੋਂ ਵੀ ਅਣਜਾਣ ਹਾਂ। ਸਿੱਖ ਰਹਿਤ ਮਰਯਾਦਾ ਅੰਦਰ ਗੁਰਮਤਿ ਦੀ ਰਹਿਣੀ ਬਾਰੇ ਗੱਲ ਕਰਦਿਆਂ ਬਿਲਕੁੱਲ ਸਪਸ਼ਟ ਲਿਖਿਆ ਹੋਇਆ ਹੈ ਕਿ ਸਿੱਖ ਨੇ:*

***ਇਕ ਅਕਾਲ ਪੁਰਖ ਤੋਂ ਛੁਟ ਕਿਸੇ ਦੇਵੀ-ਦੇਵਤੇ ਦੀ ਉਪਾਸ਼ਨਾ ਨਹੀਂ ਕਰਨੀ। ਆਪਣੀ ਮੁਕਤੀ ਦਾ ਦਾਤਾ ਤੇ ਇਸ਼ਟ ਕੇਵਲ ਦਸ ਗੁਰੂ ਸਾਹਿਬਾਨ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਤੇ ਗੁਰੂ ਸਾਹਿਬਾਨ ਦੀ ਬਾਣੀ ਨੂੰ ਮੰਨਣਾ। . . . ਜ਼ਾਤ-ਪਾਤ, ਛੂਤ-ਛਾਤ, ਜੰਤ੍ਰ-ਮੰਤ੍ਰ-ਤੰਤ੍ਰ, ਸ਼ਗਨ, ਤਿੱਥ, ਮਹੂਰਤ, ਗ੍ਰਹਿ, ਰਾਸ਼, ਸ਼ਰਾਧ, ਪਿੱਤਰ, ਖਿਆਹ, ਪਿੰਡ ਪੱਤਲ, ਦੀਵਾ, ਕਿਰਿਆ ਕਰਮ, ਹੋਮ, ਜੱਗ, ਤਰਪਣ, ਸਿਖਾ ਸੂਤ, ਭੱਦਣ, ਇਕਾਦਸ਼ੀ, ਪੂਰਨਮਾਸ਼ੀ ਆਦਿ ਦੇ ਵਰਤ, ਤਿਲਕ, ਜੰਞੂ,ਤੁਲਸੀ, ਮਾਲਾ, ਗੋਰ, ਮੱਠ, ਮੜ੍ਹੀ, ਮੂਰਤੀ ਪੂਜਾ ਆਦਿ ਭਰਮ-ਰੂਪ ਕਰਮਾਂ ਉੱਤੇ ਨਿਸਚਾ ਨਹੀਂ ਕਰਨਾ। ਗੁਰ ਅਸਥਾਨ ਤੋਂ ਛੁੱਟ ਕਿਸੇ ਅਨ-ਧਰਮ ਦੇ ਤੀਰਥ ਜਾਂ ਧਾਮ ਨੂੰ ਆਪਣਾ ਅਸਥਾਨ ਨਹੀਂ ਮੰਨਣਾ। ਪੀਰ, ਬ੍ਰਾਹਮਣ, ਪੁੱਛਣਾ . . . ਆਦਿ ਉੱਤੇ ਨਿਸ਼ਚਾ ਨਹੀਂ ਕਰਨਾ।***

*ਅਸੀਂ ਅੱਜ ਵੀ ਜਾਤ-ਪਾਤ ਤੇ ਉਚ-ਨੀਚ ਵਿਚ ਬੁਰੀ ਤਰ੍ਹਾਂ ਫਸੇ ਹੋਏ ਹਾਂ, ਇਹ ਸਭ ਕੁਝ ਹੱਥ ਵਿਚ ਦੀਵਾ ਹੁੰਦਿਆਂ ਖੂਹ ਵਿਚ ਡਿੱਗਣ ਵਾਲੀ ਗੱਲ ਹੈ। ਅੱਜ ਕਿੱਥੇ ਖੜੀ ਹੈ ਸਾਡੀ ਮਾਨਸਿਕ ਅਵਸਥਾ? ਕੀ ਇਹ ਸਭ ਕੁਝ ਕਰਕੇ ਅਸੀਂ ਆਪਣੇ ਆਪ ਨੂੰ ਅੱਜ ਵੀ ਮਨੁੱਖੀ ਵਿਕਾਸ ਦੇ ਮੁਢਲੇ ਪੜਾਅ ਉੱਪਰ ਹੀ ਖੜ੍ਹੇ ਮਹਿਸੂਸ ਨਹੀਂ ਕਰਦੇ?*

*ਅਸਲ ਵਿਚ ਇਹ ਵਹਿਮ, ਭਰਮ, ਪਖੰਡ ਆਦਿ ਕਮਜ਼ੋਰ ਮਾਨਸਿਕਤਾ ਦੀ ਹੀ ਉਪਜ ਹਨ, ਜੋ ਵਿਅਕਤੀ, ਉਸ ਦੇ ਪਰਵਾਰ ਅਤੇ ਸਮਾਜ ਦਾ ਤਵਾਜਨ ਵਿਗਾੜਦੇ ਹਨ। ਗੁਰਬਾਣੀ ਹੀ ਇਸ ਦਾ ਅਸਲ ਸਮਾਧਾਨ ਹੈ। ਗੁਰਬਾਣੀ ਹੀ ਮਨੁੱਖੀ ਸੁਰਤ ਨੂੰ ਬਲਵਾਨ ਕਰ ਕੇ ਇਨ੍ਹਾਂ ਵਹਿਮਾਂ-ਭਰਮਾਂ ਪਖੰਡਾਂ ਤੋਂ ਨਿਜਾਤ ਦਿਵਾ ਸਕਦੀ ਹੈ। ਗੁਰਬਾਣੀ ਪੜ੍ਹਨ, ਸੁਣਨ ਅਤੇ ਮੰਨਣ ਨਾਲ ਹੀ ਆਤਮਿਕ ਬਲ ਪੈਦਾ ਹੋਵੇਗਾ ਅਤੇ ਇਹ ਆਤਮਿਕ ਬਲ ਹੀ ਮਾਨਸਿਕ ਕਮਜ਼ੋਰੀਆਂ ਨੂੰ ਦੂਰ ਕਰ ਕੇ ਨਿਰੋਈ ਗੁਰਮਤਿ ਜੀਵਨ-ਜਾਚ ਦੇ ਧਾਰਨੀ ਹੋਣ ਵਿਚ ਸਹਾਈ ਹੋਵੇਗਾ।* ■

# ਵੀਹਵੀਂ ਸਦੀ ਦਾ ਮਹਾਨ ਜਰਨੈਲ ਹਰਬਖਸ਼ ਸਿੰਘ

*-ਪ੍ਰੋ. ਕਿਰਪਾਲ ਸਿੰਘ ਬਡੂੰਗਰ**

ਪੰਜਾਬ ਦੀ ਧਰਤੀ ਉੱਤੇ ਅਣਗਿਣਤ ਸੂਰਬੀਰ, ਯੋਧੇ, ਸੰਤ-ਸਿਪਾਹੀ ਅਤੇ ਜਰਨੈਲ ਪੈਦਾ ਹੋਏ ਜਿਨ੍ਹਾਂ ਨੇ ਇਤਿਹਾਸ ਦੇ ਵਹਿਣ ਹੀ ਨਹੀਂ ਮੋੜੇ, ਸਗੋਂ ਅਸਚਰਜਤਾ ਭਰਪੂਰ ਅੱਡਰਾ ਅਤੇ ਲਾਮਿਸਾਲ ਇਤਿਹਾਸ ਸਿਰਜ ਦਿੱਤਾ। ਇਨ੍ਹਾਂ ਯੋਧਿਆਂ ਨੇ ਭਾਰਤ ਅਤੇ ਪੰਜਾਬ ਦੀ ਇੱਜ਼ਤ, ਆਬਰੂ, ਗੌਰਵ, ਗੈਰਤ ਅਤੇ ਅਣਖ ਦੀ ਰਾਖੀ ਆਪਣੀਆਂ ਜਾਨਾਂ ਵਾਰ ਕੇ ਕੀਤੀ। ਇਸ ਲੇਖ ਵਿਚ ਪੰਜਾਬ ਦੇ ਮਹਾਨ ਸਪੂਤ, ਵੀਹਵੀਂ ਸਦੀ ਦੇ ਦੇਸ਼ ਦੇ ਚੋਟੀ ਦੇ ਜਰਨੈਲ ਅਤੇ ੧੯੪੭, ੧੯੪੮, ੧੯੬੨ ਅਤੇ ਖਾਸ ਕਰਕੇ ੧੯੬੫ ਈ. ਦੀ ਭਾਰਤ-ਪਾਕਿ ਜੰਗ ਦੇ ਮਹਾਂਨਾਇਕ ਜਰਨਲ ਹਰਬਖਸ਼ ਸਿੰਘ ਬਾਰੇ ਵਿਚਾਰ ਕਰ ਰਹੇ ਹਾਂ।

ਜਰਨਲ ਹਰਬਖਸ਼ ਸਿੰਘ ਦਾ ਜਨਮ ੧ ਅਕਤੂਬਰ, ੧੯੧੩ ਈ. ਨੂੰ ਸਰਦਾਰ ਹਰਨਾਮ ਸਿੰਘ ਦੇ ਘਰ ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦੇ ਨਾਨਕੇ ਪਿੰਡ ਬਡਰੁੱਖਾਂ, ਜ਼ਿਲ੍ਹਾ ਸੰਗਰੂਰ (ਪੰਜਾਬ) ਵਿਖੇ ਹੋਇਆ। ਉਨ੍ਹਾਂ ਦੇ ਦਾਦਾ ਜੀ ਸ. ਦਲੇਰ ਸਿੰਘ ਰਿਆਸਤ ਜੀਂਦ ਦੇ ਮਛਾਹੜ ਗੋਤ ਦੇ ਜ਼ਿਮੀਂਦਾਰ ਸਰਦਾਰ ਸਨ। ਪਿਤਾ ਡਾ. ਹਰਨਾਮ ਸਿੰਘ ਰਿਆਸਤ ਜੀਂਦ ਦੀ ਫ਼ੌਜ ਵਿਚ ਡਾਕਟਰ ਦੇ ਅਹੁਦੇ 'ਤੇ ਸੇਵਾ ਕਰਦੇ ਸਨ। ਉਨ੍ਹਾਂ ਦੇ ਚਾਰ ਭਰਾ ਤੇ ਤਿੰਨ ਭੈਣਾਂ ਸਨ। ਪਰਵਾਰਿਕ ਸਿੱਖੀ ਪਿਛੋਕੜ ਅਤੇ ਮਹਾਨ ਸੰਤ ਬਾਬਾ ਅਤਰ ਸਿੰਘ ਜੀ ਮਸਤੂਆਣੇ ਵਾਲਿਆਂ ਦੇ ਪ੍ਰਭਾਵ ਕਾਰਨ ਸ. ਹਰਬਖਸ਼ ਸਿੰਘ ਸਿੱਖੀ ਜਜ਼ਬੇ ਨਾਲ ਸਰਸ਼ਾਰ ਸੀ। ਆਪ ਨੇ ਸਰਕਾਰੀ ਕਾਲਜ ਲਾਹੌਰ ਤੋਂ ਗ੍ਰੈਜੂਏਸ਼ਨ ਕੀਤੀ। ਸ. ਹਰਬਖਸ਼ ਸਿੰਘ ੬ ਫੁੱਟ ਤੋਂ ਵੱਧ ਉੱਚਾ ਲੰਮਾ, ਭਰ ਜਵਾਨ, ਸੁਡੋਲ ਸਰੀਰ ਅਤੇ ਹਾਕੀ ਦਾ ਖਿਡਾਰੀ ਸੁਨੱਖਾ ਗੱਭਰੂ ਸੀ। ਉਨ੍ਹਾਂ ਨੂੰ ੧੯੩੩ ਈ. ਵਿਚ ਭਾਰਤੀ ਮਿਲਟਰੀ ਅਕੈਡਮੀ ਦੇਹਰਾਦੂਨ ਤੋਂ ਬਤੌਰ ਕਮਿਸ਼ੰਡ ਆਫੀਸਰ ਟਰੇਨਿੰਗ ਪ੍ਰਾਪਤ ਕਰਨ ਵਾਲੇ ਪਹਿਲੇ ਭਾਰਤੀ ਬੈਚ ਲਈ ਚੁਣ ਲਿਆ ਗਿਆ। ਟਰੇਨਿੰਗ ਮੁਕੰਮਲ ਹੋਣ ਉਪਰੰਤ ੧੯੩੫ ਈ. ਵਿਚ ਉਨ੍ਹਾਂ ਦੀ ਨਿਯੁਕਤੀ ਬਤੌਰ ਸੈਕੰਡ ਲੈਟਫੀਨੈਂਟ, ਇੰਨਫੈਂਟਰੀ ਦੀ ਸਿੱਖ ਰੈਜਮੈਂਟ ਵਿਚ ਹੋਈ। ਉਨ੍ਹਾਂ ਨੇ ਆਪਣੇ ਸੇਵਾ-ਕਾਲ ਦੀ ਸ਼ੁਰੂਆਤ ਉਸ ਸਮੇਂ ਬ੍ਰਿਟਿਸ਼ ਰਾਜ ਦੇ ਉੱਤਰੀ-ਪੱਛਮੀ ਸੀਮਾ ਪ੍ਰਾਂਤ ਤੋਂ ਕੀਤੀ, ਜਿੱਥੇ 'ਮੁਹੰਮਦ ਓਪਰੇਸ਼ਨ' ਦੇ ਨਾਂ ਹੇਠ ਲੜਾਈ ਵਾਲੀ ਸਥਿਤੀ ਬਣੀ ਹੋਈ ਸੀ। ਇਕ ਨੌਜਵਾਨ ਅਫਸਰ ਵਾਸਤੇ, ਜੋ ਜ਼ਿੰਦਗੀ ਵਿਚ ਕੁਝ ਕਰ ਗੁਜ਼ਰਨ ਦਾ ਜਜ਼ਬਾ ਰੱਖਦਾ ਸੀ, ਆਪਣੇ ਸਾਥੀ ਅਤੇ ਸੀਨੀਅਰ ਅਫਸਰਾਂ ਅਤੇ ਪਲਟਨ ਦੇ ਬਾਕੀ ਸੈਨਿਕਾਂ ਵਿਚ ਆਪਣੀ ਲਗਨ

**ਪ੍ਰਧਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ।*

ਅਤੇ ਮਿਹਨਤ ਨਾਲ ਇਕ ਨਵੇਕਲੀ ਪਛਾਣ ਬਣਾਉਣ ਦਾ ਇਹ ਵਧੀਆ ਮੌਕਾ ਸੀ। ਬਹੁਤ ਜਲਦ ਲੈਟਫੀਨੈਂਟ ਹਰਬਖਸ਼ ਸਿੰਘ ਪਲਟਨ ਵਿਚ ਹਰ ਇਕ ਦੀ ਅੱਖ ਦਾ ਤਾਰਾ ਬਣ ਗਿਆ। ਹਰ ਮੈਦਾਨ ਫਤਿਹ ਵਾਲੇ ਸਿੱਖੀ ਜਜ਼ਬੇ ਦੇ ਧਾਰਨੀ ਨੌਜਵਾਨ ਲੈਫਟੀਨੈਂਟ ਹਰਬਖਸ਼ ਸਿੰਘ ਨੂੰ ਉਨ੍ਹਾਂ ਦੀਆਂ ਵਿਲੱਖਣ ਅਤੇ ਸ਼ਲਾਘਾ ਭਰਪੂਰ ਸੇਵਾਵਾਂ ਕਾਰਨ ਥੋੜੇ-ਥੋੜੇ ਸਮੇਂ ਦੇ ਅੰਤਰਾਲ 'ਤੇ ਹੀ ਇਕ ਤੋਂ ਬਾਅਦ ਇਕ ਤਰੱਕੀ ਮਿਲਦੀ ਗਈ। ੧੯੪੭ ਈ. ਵਿਚ ਹੋਈ ਦੇਸ਼ ਦੀ ਵੰਡ ਸਮੇਂ ਉਹ ਬਤੌਰ ਲੈਫਟੀਨੈਂਟ ਕਰਨਲ, ਸਿੱਖ ਰੈਜਮੈਂਟ ਦੀ ਪਹਿਲੀ ਬਟਾਲੀਅਨ ਦੀ ਕਮਾਨ ਕਰ ਰਹੇ ਸਨ। ੧੯੪੭-੪੮ ਈ. ਵਿਚ ਕਸ਼ਮੀਰ ਵਿਚ ਘੁਸ ਆਏ ਪਾਕਿਸਤਾਨੀ ਕਬਾਇਲੀਆਂ ਨੂੰ ਜੰਮੂ-ਕਸ਼ਮੀਰ ਵਿੱਚੋਂ ਮਾਰ ਭਜਾਉਣ ਵਾਸਤੇ ਭਾਰਤੀ ਫੌਜ ਦਾ ਪਹਿਲਾ ਦਸਤਾ ਜੋ ਸ੍ਰੀਨਗਰ ਹਵਾਈ ਅੱਡੇ ਉੱਤੇ ਉਤਰਿਆ, ਉਹ ਲੈਫਟੀਨੈਂਟ ਕਰਨਲ ਹਰਬਖਸ਼ ਸਿੰਘ ਦੀ ਕਮਾਨ ਹੇਠ ਪਹਿਲੀ ਬਟਾਲੀਅਨ ਸਿੱਖ ਰੈਜਮੈਂਟ ਦਾ ਹੀ ਸੀ। ਇਹ ਪਾਕਿਸਤਾਨੀ ਫੌਜ ਦੀ ਮਦਦ ਨਾਲ ਤੇਜ਼ੀ ਨਾਲ ਸ੍ਰੀਨਗਰ ਸ਼ਹਿਰ ਉੱਤੇ ਕਬਜ਼ਾ ਕਰਨ ਵਾਸਤੇ ਵਧ ਰਹੇ ਕਬਾਇਲੀਆਂ ਖ਼ਿਲਾਫ਼ ਭਾਰਤੀ ਫੌਜ ਦੀ ਜੰਗ ਦੀ ਸ਼ੁਰੂਆਤ ਦਾ ਦਿਨ ਸੀ। ਅੱਜ ਵੀ ਇਹ ਦਿਨ ਪੂਰੀ ਭਾਰਤੀ ਫੌਜ ਵਿਚ ਬਤੌਰ 'ਇਨਫੈਂਟਰੀ ਡੇ' ਮਨਾਇਆ ਜਾਂਦਾ ਹੈ।

ਸਤਿਗੁਰਾਂ ਦੇ ਓਟ-ਆਸਰੇ, ਆਪਣੀ ਮਹਾਨ ਪੰਜਾਬੀ ਵਿਰਾਸਤ ਤੋਂ ਜਾਣੂ ਅਤੇ ਦੇਸ਼-ਭਗਤੀ ਦੇ ਜਜ਼ਬੇ ਨਾਲ ਸਰਸ਼ਾਰ ਲੈਫਟੀਨੈਂਟ ਕਰਨਲ ਹਰਬਖਸ਼ ਸਿੰਘ ਨੇ ਇਸ ਚੁਣੌਤੀ ਨੂੰ ਕਬੂਲਿਆ ਅਤੇ ਸ਼ਾਲਾਤੇਂਗ ਦੀ ਲੜਾਈ ਵਿਚ ਕਬਾਇਲੀਆਂ ਦਾ ਡਟ ਕੇ ਮੁਕਾਬਲਾ ਕਰਦਿਆਂ ਉਨ੍ਹਾਂ ਨੂੰ ਧੂਲ ਚਟਾਈ। ਨਵੰਬਰ, ੧੯੪੭ ਵਿਚ ਲੜੀ ਗਈ ਸ਼ਾਲਾਤੇਂਗ ਦੀ ਇਤਿਹਾਸਿਕ ਲੜਾਈ ਦੇ ਬਾਅਦ ਤਾਂ ਜਿਵੇਂ ਕਬਾਇਲੀਆਂ ਨੂੰ ਭਾਜੜਾਂ ਹੀ ਪੈ ਗਈਆਂ। ਤੁਰੰਤ ਹੀ ਲੜਾਈ ਦੇ ਮੈਦਾਨ ਦਾ ਰੁਖ਼ ਭਾਰਤੀ ਫ਼ੌਜ ਦੇ ਪੱਖ ਵਿਚ ਬਦਲ ਗਿਆ। ਇਸ ਦੇ ਬਾਅਦ ਤਾਂ ਕਰਨਲ ਹਰਬਖਸ਼ ਸਿੰਘ ਦੀ ਪਛਾਣ ਫ਼ੌਜ ਵਿਚ ਹੋਰ ਵੀ ਗੌਰਵ ਕਰਨ ਯੋਗ ਹੋ ਗਈ। ਛੇਤੀ ਹੀ ਉਨ੍ਹਾਂ ਨੂੰ ਤਰੱਕੀ ਦੇ ਕੇ ਬ੍ਰਿਗੇਡ ਕਮਾਂਡਰ ਬਣਾ ਦਿੱਤਾ ਗਿਆ। ਮਈ, ੧੯੪੮ ਵਿਚ ੧੬੩ ਇਨਫੈਂਟਰੀ ਬ੍ਰਿਗੇਡ ਦੀ ਕਮਾਨ ਕਰਦੇ ਸਮੇਂ ਕਸ਼ਮੀਰ ਦੇ ਪਹਿਲਗਾਮ ਇਲਾਕੇ ਵਿਚ ਬੇਹੱਦ ਮਜ਼ਬੂਤ ਕਿਲ੍ਹਾਬੰਦੀ ਕਰੀ ਬੈਠੇ ਦੁਸ਼ਮਣ ਨੂੰ ਬਰਬਾਦ ਕਰਨ ਦਾ ਮਹੱਤਵਪੂਰਨ 'ਅਜ਼ਾਦ ਮਿਸ਼ਨ' ਵੀ ਬ੍ਰਿਗੇਡੀਅਰ ਹਰਬਖਸ਼ ਸਿੰਘ ਨੂੰ ਹੀ ਸੌਂਪਿਆ ਗਿਆ। ਇਸ ਜੰਗ ਵਿਚ ਵੀ ਉਨ੍ਹਾਂ ਦੀ ਯੋਗ ਅਗਵਾਈ ਹੇਠ ਸਾਡੀ ਸੈਨਾ ਨੇ ਦੁਸ਼ਮਣ ਦੇ ਛੱਕੇ ਛਡਾਉਂਦਿਆਂ ਸ਼ਾਨਦਾਰ ਫਤਿਹ ਹਾਸਲ ਕੀਤੀ। ਮੁਸ਼ਕਲ ਪਹਾੜੀ ਇਲਾਕੇ ਵਿਚ ਦੂਰ ਤਕ ਦੁਸ਼ਮਣ ਦਾ ਪਿੱਛਾ ਕਰਦਿਆਂ ਉਨ੍ਹਾਂ ਨੇ ਟਿਥਵਾਲ ਵਿਖੇ ਦੁਸ਼ਮਣ ਦੇ ਬੇਸ ਉੱਤੇ ਵੀ ੨੩ ਮਈ, ੧੯੪੮ ਈ. ਵਾਲੇ ਦਿਨ ਕਬਜ਼ਾ ਕਰ ਲਿਆ। ਇਸ ਤਰ੍ਹਾਂ ਉਨ੍ਹਾਂ ਨੇ ਪੂਰੀ ਤਿਆਰੀ, ਯੋਜਨਾਬੰਦੀ ਅਤੇ ਸੁਯੋਗ ਅਗਵਾਈ ਕਰਦਿਆਂ ਜੰਮੂ-ਕਸ਼ਮੀਰ ਦਾ ਲੱਗਭਗ ੬੦੦੦ ਵਰਗ ਮੀਲ ਦਾ ਮਹੱਤਵਪੂਰਨ

ਇਲਾਕਾ ਦੁਸ਼ਮਣ ਦੇ ਕਬਜ਼ੇ ਹੇਠੋਂ ਛੁਡਾ ਲਿਆ। ਇਸ ਕਮਾਲ ਦੀ ਜਿੱਤ ਉਪਰੰਤ ਬ੍ਰਿਗੇਡੀਅਰ ਹਰਬਖਸ਼ ਸਿੰਘ ਨੂੰ ਟਿਥਵਾਲ ਦਾ ਹੀਰੋ (ਨਾਇਕ) ਕਿਹਾ ਜਾਣ ਲੱਗ ਪਿਆ। ਇਸ ਇਤਿਹਾਸਿਕ ਲੜਾਈ ਦੌਰਾਨ ਉਨ੍ਹਾਂ ਦੀ ਸੂਝ-ਬੂਝ, ਉੱਚ-ਕੋਟੀ ਦੀ ਯੋਜਨਾਬੰਦੀ, ਦਲੇਰੀ, ਲੀਡਰਸ਼ਿਪ ਕੁਆਲਿਟੀ ਅਤੇ ਬਹਾਦਰੀ ਦੀ ਪ੍ਰਸੰਸਾ ਕਰਦਿਆਂ ਉਨ੍ਹਾਂ ਨੂੰ 'ਵੀਰ ਚੱਕਰ' ਨਾਲ ਸਨਮਾਨਿਤ ਕੀਤਾ ਗਿਆ। ਅੱਜ ਸਮਝਿਆ ਜਾਂਦਾ ਹੈ ਕਿ ਉਸ ਸਮੇਂ ਬ੍ਰਿਗੇਡੀਅਰ ਹਰਬਖਸ਼ ਸਿੰਘ ਤਾਂ ਹਮੇਸ਼ਾਂ-ਹਮੇਸ਼ਾਂ ਲਈ ਕਸ਼ਮੀਰ ਦਾ ਮਸਲਾ ਨਜਿੱਠਣਾ ਚਾਹੁੰਦੇ ਸਨ ਪਰੰਤੂ ਕੇਂਦਰੀ ਸਰਕਾਰ ਦੇ ਸਖਤ ਹੁਕਮਾਂ ਕਾਰਨ ਉਸ ਨੂੰ ਆਪਣਾ ਮਾਰਚ ਰੋਕਣਾ ਪਿਆ। ਨਤੀਜੇ ਵਜੋਂ ਕਸ਼ਮੀਰ ਦੀ ਸਮੱਸਿਆ ਭਾਰਤੀ ਸਟੇਟ ਦੇ ਸਰੀਰ ਵਿਚ ਨਾਸੂਰ ਬਣ ਗਈ। ਜਿਸ ਕਾਰਨ ਭਾਰਤ ਨੂੰ ਅੱਜ ਤੀਕ ਹਜ਼ਾਰਾਂ ਕੀਮਤੀ ਜਾਨਾਂ ਅਤੇ ਅਰਬਾਂ-ਖਰਬਾਂ ਰੁਪਏ ਦਾ ਨੁਕਸਾਨ ਝੱਲਣਾ ਪਿਆ ਅਤੇ ਜੰਮੂ-ਕਸ਼ਮੀਰ ਸਮੇਤ ਪੰਜਾਬ ਨੂੰ ਭਾਰੀ ਜਾਨੀ-ਮਾਲੀ ਨੁਕਸਾਨ ਉਠਾਉਣਾ ਪਿਆ ਅਤੇ ਅੱਜ ਵੀ ਇਹ ਬਾਦਸਤੂਰ ਜਾਰੀ ਹੈ। ਕਸ਼ਮੀਰ ਸਮੱਸਿਆ ਦਾ ਹੱਲ ਦਿਸ ਨਹੀਂ ਰਿਹਾ। ਹਾਂ, ਇਸ ਮਸਲੇ ਉੱਤੇ ਰਾਜਨੀਤੀ ਜ਼ਰੂਰ ਹੋ ਰਹੀ ਹੈ। ਹਰ ਦਿਨ ਨਵੀਂ ਪਰੇਸ਼ਾਨੀ ਤੇ ਬੇਚੈਨੀ ਦਾ ਕਾਰਨ ਬਣ ਗਈ ਹੈ-- ਕਸ਼ਮੀਰ ਸਮੱਸਿਆ। ਭਾਸ਼ਾ ਵਿਭਾਗ ਪੰਜਾਬ ਵੱਲੋਂ ਪ੍ਰਕਾਸ਼ਿਤ 'ਪੰਜਾਬ ਕੋਸ਼' ਅਨੁਸਾਰ ਸਰਦਾਰ ਹਰਬਖਸ਼ ਸਿੰਘ ੧੯੪੮ ਤੋਂ ੧੯੪੯ ਤੀਕ ਇੰਡੀਅਨ ਮਿਲਟਰੀ ਅਕਾਡਮੀ ਦੇ ਡਿਪਟੀ ਕਮਾਂਡੈਂਟ ਦੇ ਤੌਰ ਉੱਤੇ ਸੇਵਾ ਨਿਭਾਉਂਦੇ ਰਹੇ। ਇਸ ਪਿੱਛੋਂ ਉਨ੍ਹਾਂ ਨੇ ਆਰਮੀ ਹੈਡ ਕੁਆਟਰ ਵਿਖੇ ਡਾਇਰੈਕਟਰ ਆਫ਼ ਇਨਫੈਂਟਰੀ ਦੇ ਅਹੁਦੇ ਉੱਤੇ ਕੰਮ ਕੀਤਾ ਅਤੇ ਫੌਜ ਦੇ ਕੰਮ ਕਾਜ ਵਿਚ ਹਰ ਪੱਖੋਂ ਮੁਹਾਰਤ ਪ੍ਰਾਪਤ ਕਰ ਲਈ। ਹੁਣ ਸ. ਹਰਬਖਸ਼ ਸਿੰਘ ਵੱਲ ਪੂਰੀ ਭਾਰਤੀ ਫ਼ੌਜ ਵਿਚ ਪੂਰੇ ਸਤਿਕਾਰ ਅਤੇ ਵੱਡੀਆਂ ਉਮੀਦਾਂ ਨਾਲ ਵੇਖਿਆ ਜਾਣ ਲੱਗ ਪਿਆ ਸੀ। ੧੯੫੮ ਵਿਚ ਉਨ੍ਹਾਂ ਨੂੰ ਇਮਪੀਰੀਅਲ ਡਿਫੈਂਸ ਕਾਲਜ ਲੰਡਨ ਵਿਖੇ ਕੋਰਸ ਕਰਨ ਵਾਸਤੇ ਭੇਜਿਆ ਗਿਆ, ਜੋ ਕੁਝ ਗਿਣੇ-ਚੁਣੇ ਉੱਚ ਕੋਟੀ ਦੇ ਸੀਨੀਅਰ ਅਫਸਰਾਂ ਨੂੰ ਹੀ ਨਸੀਬ ਹੁੰਦਾ ਹੈ। ਇਸ ਪਿੱਛੋਂ ਕੁਝ ਸਮੇਂ ਲਈ ਇਕ ਇਨਫੈਂਟਰੀ ਡਵੀਜ਼ਨ ਦੀ ਬਤੌਰ ਡਿੱਬ ਕਮਾਂਡਰ ਕਮਾਨ ਕਰਨ ਉਪਰੰਤ ਉਨ੍ਹਾਂ ਨੂੰ ਜੁਲਾਈ, ੧੯੬੧ ਵਿਚ ਮੇਜਰ ਜਰਨਲ ਦੇ ਰੈਂਕ ਵਿਚ ਪੱਛਮੀ ਕਮਾਨ ਦਾ ਚੀਫ ਆਫ਼ ਸਟਾਫ ਨਿਯੁਕਤ ਕੀਤਾ ਗਿਆ। ਅਕਤੂਬਰ, ੧੯੬੨ ਵਿਚ ਸ. ਹਰਬਖਸ਼ ਸਿੰਘ ਨੂੰ ਬਤੌਰ ਲੈਫਟੀਨੈਂਟ ਜਰਨਲ ਚੌਥੀ ਕੋਰ ਦਾ ਕਮਾਂਡਰ ਨਿਯੁਕਤ ਕਰ ਕੇ ਭਾਰਤ-ਚੀਨ ਜੰਗ ਵਿਚ ਪਹਿਲਾਂ ਨੇਫਾ ਅਤੇ ਫਿਰ ਸਿੱਕਮ ਸੈਕਟਰ ਭੇਜਿਆ ਗਿਆ। ਭਾਵੇਂ ਜਰਨਲ ਹਰਬਖਸ਼ ਸਿੰਘ ਨੇ ਆਪਣੇ ਟਰੂਪਸ (ਅਫਸਰਾਂ ਅਤੇ ਫੌਜੀਆਂ) ਦੀ ਉੱਤਮ ਅਗਵਾਈ ਕਰਦਿਆਂ ਦੁਸ਼ਮਣ ਦਾ ਬੜੀ ਦਲੇਰੀ ਨਾਲ ਟਾਕਰਾ ਕੀਤਾ, ਪਰੰਤੂ ਜਗ ਜਾਣਦਾ ਹੈ ਕਿ ਹਿੰਦੀ ਚੀਨੀ ਭਾਈ-ਭਾਈ ਨਾਅਰੇ ਲਾਉਣ ਵਾਲਿਆਂ ਦੇ, ਨਾ-ਤਜਰਬੇਕਾਰ ਅਤੇ ਨਾਲਾਇਕ ਰਿਸ਼ਤੇਦਾਰ ਫ਼ੌਜ ਦੀ ਕਮਾਨ ਸੰਭਾਲਣ

ਵਾਲੇ ਅਤੇ ਆਪਣੇ ਆਪ ਨੂੰ ਦੁਨੀਆ ਦਾ ਅਮਨ ਦੇਵਤਾ ਕਹਾਉਣ ਦੀ ਲਾਲਸਾ ਰੱਖਣ ਵਾਲੇ ਅਤੇ ਫ਼ੌਜ ਨੂੰ ਬੇਲੋੜੀ ਸਮਝਣ ਵਾਲੇ ਰਾਸ਼ਟਰੀ ਮਹਾਂਰਥੀਆਂ ਦੀ ਕਿਰਪਾ ਕਾਰਨ ਦੇਸ਼ ਅਤੇ ਖਾਸ ਕਰਕੇ ਸ਼ਾਨਾਂਮੱਤੇ ਇਤਿਹਾਸ ਵਾਲੀ ਭਾਰਤੀ ਫ਼ੌਜ ਨੂੰ ਨਮੋਸ਼ੀ ਭਰੀ ਹਾਰ ਦਾ ਮੂੰਹ ਹੀ ਨਹੀਂ ਦੇਖਣਾ ਪਿਆ, ਸਗੋਂ ਹਜ਼ਾਰਾਂ ਮੀਲ ਲੰਮਾ-ਚੌੜਾ ਭਾਰਤੀ ਇਲਾਕਾ ਵੀ ਚੀਨ ਦੇ ਅਧੀਨ ਹੋ ਗਿਆ, ਜੋ ਅੱਜ ਵੀ ਚੀਨ ਦੇ ਅਧੀਨ ਹੀ ਹੈ। ਚੀਨ ਦੇ ਕਬਜ਼ੇ ਅਧੀਨ ਇਸ ਇਲਾਕੇ ਦੇ ਭਵਿੱਖ ਬਾਰੇ ਕੁਝ ਵੀ ਕਹਿਣਾ ਅਸੰਭਵ ਹੈ। ਇਹ ਸਮਝਿਆ ਜਾਂਦਾ ਹੈ ਕਿ ਤੱਤਕਾਲੀਨ ਪ੍ਰਧਾਨ ਮੰਤਰੀ ਪੰਡਿਤ ਜਵਾਹਰ ਲਾਲ ਨੂੰ ਸਾਰੀਆਂ ਊਣਤਾਈਆਂ, ਉਕਾਈਆਂ, ਗਲਤੀਆਂ ਅਤੇ ਵਿਦੇਸ਼ੀ ਆਗੂਆਂ ਦੇ ਵਿਸ਼ਵਾਸਘਾਤ ਦੇ ਅਹਿਸਾਸ ਕਾਰਨ ਹੱਦੋਂ ਵੱਧ ਮਾਨਸਿਕ ਤਣਾਅ ਝੱਲਣਾ ਪਿਆ, ਜਿਸ ਦਾ ਅੰਤ ਉਨ੍ਹਾਂ ਦੀ ਮੌਤ ਨਾਲ ਹੋਇਆ।

੧੬ ਦਸੰਬਰ, ੧੯੬੪ ਈ. ਨੂੰ ਲੈਫਟੀਨੈਂਟ ਜਰਨਲ ਹਰਬਖਸ਼ ਸਿੰਘ ਨੂੰ ਪੱਛਮੀ ਕਮਾਂਡ ਦੇ ਬਤੌਰ ਜਨਰਲ ਆਫਿਸਰ ਕਮਾਂਡਿੰਗ-ਇਨ-ਚੀਫ ਨਿਯੁਕਤ ਕੀਤਾ ਗਿਆ। ਉਨ੍ਹਾਂ ਦੀ ਇਸ ਨਿਯੁਕਤੀ ਨਾਲ ਉਸ ਸਮੇਂ ਪੱਛਮੀ ਕਮਾਂਡ ਦੇ ਸਮੂਹ ਅਫਸਰਾਂ ਅਤੇ ਦੂਸਰੇ (ਅਦਰ ਰੈਂਕਸ) ਫੌਜੀਆਂ ਅੰਦਰ ਇਕ ਨਵਾਂ ਵਿਸ਼ਵਾਸ, ਜੋਸ਼ ਅਤੇ ਜਜ਼ਬਾ ਬਣ ਗਿਆ ਸੀ। ਪਾਕਿਸਤਾਨ ਨੇ ੧੯੬੨ ਈ. ਦੀ ਭਾਰਤੀ ਹਾਰ ਨੂੰ ਭਾਰਤ ਦੀ ਫ਼ੌਜੀ ਕਮਜ਼ੋਰੀ ਅਤੇ ਘੱਟ ਜੰਗੀ ਤਿਆਰੀ ਨੂੰ ਭਾਂਪਦਿਆਂ ਭਾਰਤ ਉੱਤੇ ਫ਼ੌਜੀ ਹਮਲਾ ਕਰ ਦਿੱਤਾ। ਇਸ ਤਰ੍ਹਾਂ ੧੯੬੫ ਈ. ਵਿਚ ਭਾਰਤ-ਪਾਕਿ ਦੀ ਜੰਗ ਲੱਗ ਗਈ। ਜਰਨਲ ਹਰਬਖਸ਼ ਸਿੰਘ ਨੂੰ ੧੯੪੭-੧੯੪੮ ਈ. ਦੀਆਂ ਜੰਗਾਂ ਦੌਰਾਨ ਉਨ੍ਹਾਂ ਨੂੰ ਅੱਗੇ ਵਧਣ ਤੋਂ ਰੋਕੇ ਜਾਣ ਵਾਲੀ ਗੱਲ ਅੱਜ ਵਾਂਗ ਯਾਦ ਸੀ। ਉਹ ਦੁਸ਼ਮਣ ਨੂੰ ਸਦਾ ਲਈ ਕਮਜ਼ੋਰ ਕਰਨਾ ਅਤੇ ਸਬਕ ਸਿਖਾਉਣਾ ਚਾਹੁੰਦੇ ਸਨ। ਦੁਨੀਆ ਦੇ ਜੰਗਾਂ-ਯੁੱਧਾਂ ਦੇ ਮਾਹਰ ਇਕ ਰਾਏ ਸਨ ਕਿ ਜਿਸ ਸੂਝ-ਬੂਝ ਨਾਲ ਯੁੱਧ ਦੀ ਯੋਜਨਾਬੰਦੀ ਜਰਨਲ ਹਰਬਖਸ਼ ਸਿੰਘ ਨੇ ਕੀਤੀ ਅਤੇ ਸਾਰੀ ਜੰਗ ਦੌਰਾਨ ਆਪਣੇ ਮੂਹਰਲੇ ਮੋਰਚਿਆਂ ਵਿਚ ਸਿਪਾਹੀਆਂ ਨਾਲ ਸ਼ਾਮਲ ਹੋ ਕੇ ਫ਼ੌਜ ਦੀ ਹੌਂਸਲਾ-ਅਫ਼ਜ਼ਾਈ ਅਤੇ ਅਗਵਾਈ ਕੀਤੀ, ਉਸ ਨਾਲ ਵੈਰੀ ਦੇ ਦੰਦ ਖੱਟੇ ਕਰ ਦਿੱਤੇ। ਜਰਨਲ ਹਰਬਖਸ਼ ਸਿੰਘ ਪਾਕਿਸਤਾਨ ਦੇ ਇਸ ਟੈਂਟੇ, ਜੋ ਭਾਰਤ ਅਤੇ ਖਾਸ ਕਰਕੇ ਪੰਜਾਬ ਲਈ ਰੋਜ਼ ਦੀ ਸਿਰਦਰਦੀ ਬਣਿਆ ਹੋਇਆ ਸੀ, ਨੂੰ ਇੱਕੋ ਵਾਰ ਮੁਕਾਉਣਾ ਚਾਹੁੰਦੇ ਸਨ। ਉਨ੍ਹਾਂ ਦਾ ਹਰ ਕਦਮ ਜੇਤੂ ਰੂਪ ਵਿਚ ਅੱਗੇ ਹੀ ਅੱਗੇ ਵਧਦਾ ਜਾ ਰਿਹਾ ਸੀ। ਪਾਕਿਸਤਾਨ ਦੇ ਅਨੇਕਾਂ ਉਸ ਸਮੇਂ ਦੁਨੀਆ ਵਿਚ ਮਸ਼ਹੂਰ ਪੈਟਨ ਟੈਂਕ ਖਾਮੋਸ਼ ਹੀ ਨਹੀਂ ਸਨ ਕੀਤੇ, ਸਗੋਂ ਬਹੁਤ ਸਾਰੇ ਪੈਟਨ ਟੈਂਕ ਭਾਰਤੀ ਫੌਜ ਨੇ ਆਪਣੇ ਕਬਜ਼ੇ ਵਿਚ ਲੈ ਲਏ ਸਨ। ਭਾਰਤੀ ਫੌਜ ਦੇ ਮੁਕਾਬਲੇ ਦੁਸ਼ਮਣ ਦੀਆਂ ਫ਼ੌਜਾਂ ਦਾ ਜਾਨੀ-ਮਾਲੀ, ਆਰਮਜ਼ ਤੇ ਅਮੁਨਿਸ਼ਨ ਦਾ ਕਿਤੇ ਜ਼ਿਆਦਾ ਨੁਕਸਾਨ ਹੋਇਆ। ਭਾਰਤੀ ਫ਼ੌਜੀ ਅਫਸਰਾਂ, ਜੂਨੀਅਰ ਅਫਸਰਾਂ ਅਤੇ ਅਦਰ ਰੈਂਕਸ (ਫੌਜੀਆਂ) ਦੇ ਮੁਕਾਬਲੇ ਪਾਕਿ ਫੌਜ ਦੇ ਵਧੇਰੇ ਯੁੱਧਬੰਦੀ ਬਣਾ ਲਏ ਗਏ, ਪਰੰਤੂ ਅਫਸੋਸ ਅਤਿ

ਦੁਖਦਾਇਕ ਉਤਲਿਆਂ ਦੇ ਹੁਕਮਾਂ ਅਨੁਸਾਰ, ਜਰਨੈਲ ਦੀਆਂ ਪੁਰਜ਼ੋਰ ਅਤੇ ਬਾਦਲੀਲ ਬੇਨਤੀਆਂ ਦੇ ਬਾਵਜੂਦ ਭਾਰਤੀ ਫ਼ੌਜ ਨੂੰ ਪਿੱਛੇ ਹਟਣਾ ਪਿਆ ਅਤੇ ਜਿੱਤਿਆ ਇਲਾਕਾ ਛੱਡਣਾ ਪਿਆ। ਪਿੱਛੋਂ ਰੂਸ ਦੇ ਭਾਰੀ ਦਬਾਅ ਹੇਠ ਪਾਕਿ ਦੇ ਯੁੱਧਬੰਦੀ ਤਾਂ ੧੦ ਜਨਵਰੀ, ੧੯੬੬ ਦੇ ਨਖਿਧ ਤਾਸ਼ਕੰਦ ਸਮਝੌਤੇ ਅਧੀਨ ਤੱਤਕਾਲੀਨ ਪ੍ਰਧਾਨ ਮੰਤਰੀ ਦੇ ਹੁਕਮ ਨਾਲ ਛੱਡ ਦਿੱਤੇ ਗਏ, ਪਰੰਤੂ ਭਾਰਤੀ ਯੁੱਧਬੰਦੀ ਤਾਂ ਅਜੇ ਵੀ ਪਾਕਿਸਤਾਨ ਦੀਆਂ ਜੇਲਾਂ ਵਿਚ ਰੁਲ ਰਹੇ ਹਨ ਅਤੇ ਉਨ੍ਹਾਂ ਦੇ ਵਾਰਸ ਖ਼ੁਦ ਆਪਣੇ ਸੰਬੰਧੀਆਂ, ਰਿਸ਼ਤੇਦਾਰਾਂ ਅਤੇ ਪਿਆਰਿਆਂ ਨੂੰ ਲੱਭਦੇ ਫਿਰਦੇ ਹਨ। ਜੰਗ ਦੇ ਖਤਮ ਹੋ ਜਾਣ ਉਪਰੰਤ ਦੁਨੀਆ ਦੇ ਫ਼ੌਜੀ ਮਾਹਿਰਾਂ ਅਤੇ ਭਾਰਤ ਦੇ ਕਈ ਸਾਬਕਾ ਜਰਨੈਲਾਂ ਅਤੇ ਮੀਡੀਆ ਵੱਲੋਂ ਕੇਂਦਰੀ ਸਰਕਾਰ ਵੱਲੋਂ ਨਿਭਾਏ ਗਏ ਗਲਤ ਕਿਰਦਾਰ ਉੱਤੇ ਟਿੱਪਣੀਆਂ ਕੀਤੀਆਂ ਅਤੇ ਨੁਕਤਾਚੀਨੀ ਕੀਤੀ। ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦੇ ਅਕਾਲ ਚਲਾਣੇ ਉਪਰੰਤ ਹੋਈਆਂ ਐਂਗਲੋ ਸਿੱਖ ਲੜਾਈਆਂ (ਸਿੰਘਾਂ ਅਤੇ ਫਿਰੰਗੀਆਂ ਦੀ ਲੜਾਈਆਂ) ਵਿਚ, ਫ਼ੌਜਾਂ ਵੱਲੋਂ ਦਿਖਾਏ ਜ਼ੌਹਰ ਅਤੇ ਨਿਭਾਏ ਗਏ ਹੈਰਾਨਕੁੰਨ ਬਹਾਦਰੀ ਭਰਪੂਰ ਰੋਲ ਲਈ ਖਾਲਸਾ ਫ਼ੌਜਾਂ ਦੀ ਬਹਾਦਰੀ ਬਾਰੇ ਮਹਾਨ ਕਵੀ ਸ਼ਾਹ ਮੁਹੰਮਦ ਲਿਖਦਾ ਹੈ:

*ਸ਼ਾਹ ਮੁਹੰਮਦਾ ਸਿੰਘਾਂ ਨੇ ਗੋਰਿਆਂ ਦੇ ਵਾਂਗ ਨਿੰਬੂਆਂ ਲਹੂ ਨਿਚੋੜ ਦਿੱਤੇ।*

ਉਸ ਨੇ ਲਿਖਿਆ ਹੈ ਕਿ ਅੰਗਰੇਜ਼ੀ ਫ਼ੌਜ ਨੂੰ ਅਜਿਹੀ ਮਾਰ ਪਈ ਕਿ ਉਸ ਦਾ ਭਾਰੀ ਜਾਨੀ-ਮਾਲੀ ਨੁਕਸਾਨ ਕੀਤਾ। ਅੰਗਰੇਜ਼ੀ ਰਾਜ ਕੰਬ ਉੱਠਿਆ ਅਤੇ ਲੰਦਨ ਦੇ ਟਾਪੂਆਂ ਵਿਚ ਕੁਰਲਾਹਟ ਮੱਚ ਗਈ, ਪਰੰਤੂ ਇਸ ਸਭ ਕੁਝ ਦੇ ਬਾਵਜੂਦ ਦੇਸ਼-ਧ੍ਰੋਹੀ ਗੱਦਾਰਾਂ-- ਤੇਜ ਸਿੰਘ, ਲਾਲ ਸਿੰਘ ਅਤੇ ਗੁਲਾਬ ਸਿੰਘ ਵਰਗੇ ਨਮਕਹਰਾਮਾਂ ਦੀਆਂ ਕਾਲੀਆਂ ਕਰਤੂਤਾਂ ਅਤੇ ਅਤਿ ਘਿਰਣਾਜਨਕ ਸਾਜ਼ਿਸ਼ਾਂ ਕਾਰਨ ਖਾਲਸਾ ਫੌਜਾਂ ਮੁਦਕੀ, ਫੇਰੂ ਸ਼ਹਿਰ, ਅਲੀਵਾਲ, ਸਭਰਾਵਾਂ ਅਤੇ ਚੇਲਿਆਂਵਾਲੀ ਦੀਆਂ ਲੜਾਈਆਂ ਹਾਰ ਗਈਆਂ ਅਤੇ ਅੰਤ ਨੂੰ ਦੇਸ ਪੰਜਾਬ ਅੰਗਰੇਜ਼ੀ ਪ੍ਰਬੰਧ ਅਧੀਨ (ਫਿਰੰਗੀ ਅਧੀਨ) ੨੯ ਮਾਰਚ, ੧੮੪੯ ਈ. ਨੂੰ ਗ਼ੁਲਾਮ ਹੋ ਗਿਆ। ਗੱਦਾਰਾਂ ਨੂੰ ਗੱਦਾਰੀ ਇਨਾਮ ਜੰਮੂ ਦਾ ਰਾਜ ਅਤੇ ਅੰਗਰੇਜ਼ ਨੂੰ ਦੇਸ਼ ਪੰਜਾਬ ਮਿਲਿਆ ਅਤੇ ਖਾਲਸਾ ਪੰਥ ਦੇ ਦੇਸ਼ ਪੰਜਾਬ ਨੂੰ ਗ਼ੁਲਾਮੀ ਮਿਲੀ। ਇਨ੍ਹਾਂ ਹਾਲਾਤਾਂ ਉੱਤੇ ਸ਼ਾਹ ਮੁਹੰਮਦ ਇਉਂ ਹੰਝੂ ਕੇਰਦਾ ਹੈ:

*ਅੱਜ ਹੋਵੇ ਸਰਕਾਰ ਤਾਂ ਮੁੱਲ ਪਾਵੇ, ਜਿਹੜੀਆਂ ਖਾਲਸੇ ਨੇ ਤੇਗਾਂ ਮਾਰੀਆਂ ਨੀ।*
*ਸ਼ਾਹ ਮੁਹੰਮਦਾ ਇਕ ਸਰਕਾਰ ਬਾਝੋਂ, ਫ਼ੌਜਾਂ ਜਿੱਤ ਕੇ ਅੰਤ ਨੂੰ ਹਾਰੀਆਂ ਨੀ।*

ਪਰੰਤੂ ਅਜਿਹਾ ਤਾਂ ਇਸ ਲਈ ਹੋਇਆ ਸੀ ਕਿਉਂਕਿ ਸ਼ੇਰ-ਏ-ਪੰਜਾਬ ਨਹੀਂ ਰਹੇ ਸਨ ਅਤੇ ਲਾਹੌਰ ਦਰਬਾਰ ਨਿੱਤ ਦੀਆਂ ਸਾਜ਼ਿਸ਼ਾਂ ਦਾ ਅਖਾੜਾ ਬਣ ਗਿਆ ਸੀ। ਡੋਗਰੇ ਪੰਜਾਬ ਨੂੰ ਤਬਾਹ ਕਰ, ਅੰਗਰੇਜ਼ ਦੇ ਅਧੀਨ ਕਰ, ਆਪਣੇ ਆਪ ਲਈ ਜੰਮੂ-ਕਸ਼ਮੀਰ ਲੋੜਦੇ ਸਨ। ਇੰਜ ਹੀ ਹੋਇਆ ਡੋਗਰਿਆਂ ਨੂੰ ਜੰਮੂ ਦਾ ਰਾਜ ਮਿਲ ਗਿਆ, ਪਰੰਤੂ ੧੯੪੭, ੧੯੪੮, ੧੯੬੨ ਅਤੇ ੧੯੬੫ ਈ. ਦੀਆਂ ਲੜਾਈਆਂ ਸਮੇਂ ਅਤੇ ਉਸ ਪਿੱਛੋਂ

ਤਾਂ ਭਾਰਤ ਵਿਚ ਇਕ ਮਜ਼ਬੂਤ ਸਰਕਾਰ ਸੀ। ਫਿਰ ਫ਼ੌਜਾਂ ਜਿੱਤ ਕੇ ਅੰਤ ਨੂੰ ਕਿਉਂ ਹਾਰੀਆਂ? ਚੀਨ ਅਤੇ ਕਸ਼ਮੀਰ ਸਮੱਸਿਆ ਦਾ ਨਾਸੂਰ ਭਾਰਤੀ ਸਟੇਟ ਦੇ ਸਰੀਰ ਵਿਚ ਇਉਂ ਕਾਇਮ ਦਾਇਮ ਹੈ? ਖੈਰ! ਇਤਿਹਾਸ ਹੀ ਇਨ੍ਹਾਂ ਸੁਆਲਾਂ ਦਾ ਨਿਬੇੜਾ ਕਰ ਰਿਹਾ ਹੈ ਅਤੇ ਕਰਦਾ ਰਹੇਗਾ ਅਤੇ ਦੇਸ਼-ਵਾਸੀ ਆਪਣੇ ਨੇਤਾਵਾਂ ਦੀਆਂ ਗਲਤੀਆਂ ਉੱਤੇ ਹੰਝੂ ਵਹਾਉਂਦੇ ਰਹਿਣਗੇ।

੧੯੬੫ ਈ. ਦੀ ਭਾਰਤ-ਪਾਕਿ ਜੰਗ ਨਾਲ ਜਰਨਲ ਹਰਬਖਸ਼ ਸਿੰਘ ਦੀ ਧਾਂਕ ਦੇਸ਼ ਅਤੇ ਵਿਦੇਸ਼ਾਂ ਵਿਚ ਪੈ ਗਈ। ਭਾਰਤੀ ਮੀਡੀਆ ਨੇ ਅਤੇ ਦੇਸ਼-ਵਾਸੀਆਂ ਨੇ ਜਰਨੈਲ ਨੂੰ ਇਕ ਮਹਾਨ ਹੀਰੋ ਅਤੇ ਦੇਸ਼ ਦਾ ਹੀਰਾ ਕਹਿ ਕੇ ਵਡਿਆਇਆ। ਸਭ ਨੂੰ ਉਮੀਦ ਸੀ ਕਿ ਇੰਨੀ ਵੱਡੀ ਪ੍ਰਾਪਤੀ ਉਪਰੰਤ ਉਸ ਨੂੰ ਭਾਰਤੀ ਫੌਜਾਂ ਦਾ ਕਮਾਂਡਰ-ਇਨ-ਚੀਫ ਪੂਰਾ-ਸੂਰਾ ਜਰਨੈਲ ਬਣਾਇਆ ਜਾਵੇਗਾ। ਪਰੰਤੂ ਜੋ ਮਗਰੋਂ ੧੯੭੧ ਈ. ਦੀ ਜੰਗ ਦੇ ਪ੍ਰਸਿੱਧ ਹੀਰੋ ਜਰਨਲ ਜਗਜੀਤ ਸਿੰਘ ਅਰੋੜਾ ਨਾਲ ਹੋਇਆ ਸੀ ਉਹ ਹੀ ਜਰਨਲ ਹਰਬਖਸ਼ ਸਿੰਘ ਨਾਲ ੧੯੬੫ ਈ. ਦੀ ਜੰਗ ਉਪਰੰਤ ਹੋਇਆ। ਪਦਮ ਭੂਸ਼ਣ ਅਤੇ ਬਾਅਦ ਵਿਚ ਪਦਮ-ਵਿਭੂਸ਼ਣ ਨਾਲ ਸਨਮਾਨ ਦੇ ਕੇ ਉਸ ਦੀਆਂ ਅਤੇ ਉਸ ਦੇ ਪ੍ਰਸੰਸਕਾਂ ਦੀਆਂ ਅੱਖਾਂ ਪੂੰਝ ਦਿੱਤੀਆਂ ਅਤੇ ਅਨੇਕਾਂ ਭਾਰਤੀਆਂ ਦੀਆਂ ਉਮੀਦਾਂ ਉੱਤੇ ਪਾਣੀ ਫੇਰ ਕੇ ਇਸ ਮਹਾਨ ਯੋਧੇ ਜਰਨੈਲ ਨੂੰ ਰਿਟਾਇਰ ਕਰ ਕੇ ਬਾਕੀ ਰਹਿੰਦੀ ਉਮਰ ਵਿਚ ਮਹਾਨ ਕਾਰਨਾਮਿਆਂ ਨੂੰ ਯਾਦ ਕਰ ਕੇ ਝੂਰਨ ਲਈ ੩੪ ਸਾਲ ਦੀ ਸ਼ਾਨਦਾਰ ਅਤੇ ਨਮੂਨੇ ਦੀ ਸੇਵਾ ਉਪਰੰਤ ਸਤੰਬਰ, ੧੯੬੯ ਨੂੰ ਘਰ ਭੇਜ ਦਿੱਤਾ। ਉਪਰੰਤ ਲੰਮਾ ਸਮਾਂ ਉਹ ਦਿੱਲੀ ਦੀ ਬਸੰਤ ਵਿਹਾਰ ਵਿਚ ਆਪਣੀ ਪਤਨੀ ਅਤੇ ਰਿਟਾਇਰ ਹੋਏ ਪੁਰਾਣੇ ਫੌਜੀ ਤੇ ਸਿਵਲ ਅਫਸਰਾਂ ਨਾਲ ਆਪਣੀ ਜ਼ਿੰਦਗੀ ਜਿਉਂਦੇ ਰਹੇ। ਕੇਂਦਰੀ ਸਰਕਾਰ ਨੇ ਉਨ੍ਹਾਂ ਦੀ ਲਿਆਕਤ, ਕੁਰਬਾਨੀ, ਦੇਸ਼-ਭਗਤੀ ਅਤੇ ਪ੍ਰਾਪਤੀ ਨੂੰ ਮੁੱਖ ਰੱਖਦਿਆਂ ਉਨ੍ਹਾਂ ਤੋਂ ਕਿਧਰੇ ਹੋਰ ਸੇਵਾ ਲੈਣੀ ਜ਼ਰੂਰੀ ਹੀ ਨਹੀਂ ਸਮਝੀ। ਉਨ੍ਹਾਂ ਦੇ ਗੁਣਾਂ ਦਾ ਮੁੱਲ ਨਹੀਂ ਪਾਇਆ ਗਿਆ। ਜੌਹਰੀ ਬਿਨਾਂ ਲਾਲ ਦੀ ਕੀਮਤ ਨਹੀਂ ਪਾਈ ਜਾਂਦੀ। ਬਿਨਾਂ ਗਾਹਕ ਦੇ ਗੁਣ ਵੇਚਿਆਂ ਕੌਡੀਆਂ ਭਾਅ ਹੀ ਜਾਂਦਾ ਹੈ। ਸਤਿਗੁਰਾਂ ਦਾ ਫੁਰਮਾਨ ਹੈ:

*ਵਿਣੁ ਗਾਹਕ ਗੁਣੁ ਵੇਚੀਐ ਤਉ ਗੁਣੁ ਸਹਘੋ ਜਾਇ॥*
*ਗੁਣ ਕਾ ਗਾਹਕੁ ਜੇ ਮਿਲੈ ਤਉ ਗੁਣੁ ਲਾਖ ਵਿਕਾਇ॥* *(ਪੰਨਾ ੧੦੮੬)*

ਭਾਈ ਗੁਰਦਾਸ ਜੀ ਲਿਖਦੇ ਹਨ:

*ਰਤਨ ਮਣੀ ਗਲਿ ਬਾਂਦਰੈ ਕਿਹੁ ਕੀਮ ਨ ਜਾਣੈ॥* *(ਵਾਰ ੩੪:੪)*

ਉਸ ਵੇਲੇ ਦੇ ਰੱਖਿਆ ਮੰਤਰੀ ਸ੍ਰੀ ਵਾਈ.ਬੀ.ਚਵਾਨ ਦੀ ਡਾਇਰੀ ਦੇ ਹਵਾਲੇ ਅਨੁਸਾਰ ਜਰਨਲ ਹਰਬਖਸ਼ ਸਿੰਘ ਨੇ ਉਸ ਵੇਲੇ ਪੰਜਾਬ ਦੀ ਦੁਬਾਰਾ ਵੰਡ ਹੋਣ ਤੋਂ ਬਚਾ ਲਈ ਸੀ। ਇਹ ਤੱਥ ਰੱਖਿਆ ਮੰਤਰੀ ਸ੍ਰੀ ਚਵਾਨ ਦੇ ਉਸ ਸਮੇਂ ਦੇ ਪਰਸਨਲ ਸਕੱਤਰ ਆਰ.ਡੀ. ਪ੍ਰਧਾਨ ਨੇ ਆਪਣੀ ਪੁਸਤਕ '੧੯੬੫ ਵਾਰ-ਦੀ ਇਨਸਾਈਡ ਸਟੋਰੀ' ਵਿਚ

ਲਿਖੀ ਹੈ, ਜੋ ਤਤਕਾਲੀਨ ਰੱਖਿਆ ਮੰਤਰੀ ਦੀ ਹੱਥ-ਲਿਖਤ ਰੋਜ਼ਾਨਾ ਡਾਇਰੀ 'ਤੇ ਆਧਾਰਿਤ ਹੈ। ਉਨ੍ਹਾਂ ਨੇ ਲਿਖਿਆ ਹੈ ਕਿ ਉਸ ਵੇਲੇ ਫੌਜਾਂ ਦੇ ਕਮਾਂਡਰ-ਇਨ-ਚੀਫ ਜਨਰਲ ਜੇ.ਐਨ. ਚੌਧਰੀ ਨੇ ਫੌਜਾਂ ਨੂੰ ਬਿਆਸ ਦਰਿਆ ਉੱਤੇ ਡਿਫੈਂਸ ਲਾਈਨ ਬਣਾਉਣ ਦਾ ਹੁਕਮ ਦੇ ਦਿੱਤਾ ਸੀ। ਇਸ ਹੁਕਮ ਨੂੰ ਜਰਨਲ ਹਰਬਖਸ਼ ਸਿੰਘ ਨੇ ਮੰਨਣ ਤੋਂ ਇਨਕਾਰ ਕਰ ਦਿੱਤਾ ਸੀ। ਉਨ੍ਹਾਂ ਦਾ ਇਰਾਦਾ ਵਾਹਗਾ ਅਤੇ ਖੇਮਕਰਨ ਬਾਰਡਰ 'ਤੇ ਹੀ ਲੜ ਕੇ ਵੈਰੀ ਨੂੰ ਸਦਾ-ਸਦਾ ਲਈ ਕਮਜ਼ੋਰ ਕਰ ਦੇਣ ਦਾ ਸੀ। ਰੱਖਿਆ ਮੰਤਰੀ ਸ੍ਰੀ ਵਾਈ.ਬੀ. ਚਵਾਨ ਨੇ ਵੀ ਜਨਰਲ ਹਰਬਖਸ਼ ਸਿੰਘ ਦੀ ਰਾਏ ਨੂੰ ਠੀਕ ਮੰਨਿਆ (ਦੀ ਟ੍ਰਿਬਿਊਨ ੧੭-੦੬-੨੦੦੭) ਇਸ ਤਰ੍ਹਾਂ ਜਰਨਲ ਹਰਬਖਸ਼ ਸਿੰਘ ਨੇ ਆਪਣੇ ਉਪਰਲੇ ਅਧਿਕਾਰੀ ਦੇ ਹੁਕਮ ਦੀ ਉਲੰਘਣਾ ਕਰ ਕੇ ਵੀ ਪੰਜਾਬ ਦਾ ਵੱਡਾ ਨੁਕਸਾਨ ਹੋਣ ਤੋਂ ਬਚਾਇਆ ਸੀ। ਉਨ੍ਹਾਂ ਨੇ ਇੰਨੀ ਸਿਆਣਪ ਅਤੇ ਬੀਰਤਾ ਨਾਲ ਇਹ ਲੜਾਈ ਲੜੀ ਕਿ ਅੱਗੇ ਵਧੇ ਦੁਸ਼ਮਣ ਦਾ ਮੂੰਹ ਮੋੜ ਦਿੱਤਾ ਤੇ ਉਸ ਨੂੰ ਪਿੱਛੇ ਧਕੇਲ ਦਿਤਾ। ਈਛੋਗਿਲ ਨਹਿਰ ਤਕ ਪਾਕਿਸਤਾਨ ਦਾ ਇਲਾਕਾ ਆਪਣੇ ਕਬਜ਼ੇ ਵਿਚ ਲੈ ਲਿਆ। ਵਾਹਗਾ ਸਰਹੱਦ ਤੋਂ ਗੁਜਰਾਤ ਤਕ ਦੇ ਧੁਨੰਗੇ ਸਰਹੱਦ ਉੱਤੇ ਜਰਨਲ ਹਰਬਖਸ਼ ਸਿੰਘ ਦੀ ਕਮਾਨ ਹੇਠ ਭਾਰਤੀ ਫੌਜ ਪਾਕਿਸਤਾਨ ਦੇ ਧੁਰ ਅੰਦਰ ਤੀਕ ਜੇਤੂ ਹਾਲਤ ਵਿਚ ਸੀ ਅਤੇ ਦੁਸ਼ਮਣ ਇਸ ਸਮੇਂ ਆਪਣੇ ਆਪ ਨੂੰ ਹਾਰਿਆ ਅਤੇ ਬੇਵੱਸ ਮਹਿਸੂਸ ਕਰ ਰਿਹਾ ਸੀ।

ਸ੍ਰੀ ਆਰ.ਡੀ. ਪਰਧਾਨ ਦੀ ਇਸ ਪੁਸਤਕ ਵਿਚ ਰੂਸ ਦੇ ਦਬਾਅ ਹੇਠ ਕੀਤੇ ੧੦ ਜਨਵਰੀ, ੧੯੬੬ ਈ. ਨੂੰ ਤਾਸ਼ਕੰਦ ਸਮਝੌਤੇ ਦੀਆਂ ਘਟਨਾਵਾਂ ਦਾ ਵਰਣਨ ਵੀ ਕੀਤਾ ਗਿਆ ਹੈ। ਇਹ ਟਿੱਪਣੀ ਕੀਤੀ ਗਈ ਹੈ ਕਿ ਇਸ ਸਮਝੌਤੇ ਅਨੁਸਾਰ ਭਾਰਤ ਨੂੰ ਆਪਣੀਆਂ ਫੌਜਾਂ ਪਿੱਛੇ ਹਟਾਉਣੀਆਂ ਪਈਆਂ। ਉਸ ਨੂੰ ਈਛੋਗਿਲ ਦੇ ਇਲਾਕੇ ਸਮੇਤ ਹਾਜੀਪੀਰ ਪਾਸ ਆਦਿ ਦੇ ਇਲਾਕੇ ਪਾਕਿਸਤਾਨ ਨੂੰ ਵਾਪਸ ਕਰਨੇ ਪਏ। ਅਫਸੋਸ ਅਤੇ ਦੁਖਦਾਇਕ! ਜੋ ਲੜਾਈ ਦੇ ਮੈਦਾਨ ਵਿਚ ਇਲਾਕਾ ਜਿੱਤਿਆ ਸੀ, ਉਹ ਇਸ ਗੱਲਬਾਤ ਦੀ ਮੇਜ ਉੱਤੇ ਬਹਿ ਕੇ ਸਾਡੇ ਰਾਸ਼ਟਰੀ ਨੇਤਾ ਰੂਸ ਦੇ ਦਬਾਅ ਹੇਠ ਹਾਰ ਗਏ। ਜਰਨਲ ਹਰਬਖਸ਼ ਸਿੰਘ ਦੀ ਸੁਯੋਗ ਕਮਾਨ ਹੇਠ ਭਾਰਤੀ ਫੌਜ ਵੱਲੋਂ ਕੀਤੀਆਂ ਪ੍ਰਾਪਤੀਆਂ ਖੂਹ ਵਿਚ ਸੁੱਟ ਦਿੱਤੀਆਂ। ਸ਼ਾਇਦ ਇਹ ਸਮਝੌਤਾ ਹੀ ਲਾਲ ਬਹਾਦਰ ਸ਼ਾਸਤਰੀ ਦੀ ਪ੍ਰੇਸ਼ਾਨੀ ਦਾ ਕਾਰਨ ਸੀ, ਜਿਸ ਕਰਕੇ ੧੧ ਜਨਵਰੀ, ੧੯੬੬ ਈ. ਨੂੰ ਉਨ੍ਹਾਂ ਦੀ ਮ੍ਰਿਤੂ ਹੋ ਗਈ। ਇਹ ਸਾਰੀ ਜਾਣਕਾਰੀ ਉਸ ਵਿਅਕਤੀ ਵਲੋਂ ਦਿੱਤੀ ਹੋਈ ਹੈ ਜਿਸ ਨੇ ਉਸ ਲੜਾਈ ਦੌਰਾਨ ਸਾਰੇ ਮੋਰਚਿਆਂ ਦਾ ਦੌਰਾ ਕੀਤਾ ਸੀ ਅਤੇ ਲੜਾਈ ਬੰਦ ਹੋਣ ਦੇ ਦਿਨ ੨੩ ਸਤੰਬਰ, ੧੯੬੫ ਈ. ਨੂੰ ਉਹ ਆਪ ਈਛੋਗਿਲ ਨਹਿਰ 'ਤੇ ਹਾਜਰ ਸੀ।

ਆਪਣੀ ਮਾਤਰ-ਭੂਮੀ ਨਾਲ ਸਨੇਹ ਅਤੇ ਦੇਸ਼ ਕੌਮ ਪ੍ਰਤੀ ਉਹ ਕਿੰਨੇ ਸਮਰਪਿਤ ਸਨ, ਇਸ ਦੀ ਮਿਸਾਲ ਇਕ ਬਹੁ-ਚਰਚਿਤ ਘਟਨਾ ਤੋਂ ਮਿਲਦੀ ਹੈ, ਜਿਸ ਦੀ ਸੰਖੇਪ ਜਾਣਕਾਰੀ ਜਰਨਲ ਹਰਬਖਸ਼ ਸਿੰਘ ਦੀ ਕਿਤਾਬ "ਵਾਰ ਡਿਸਪੈਚਜ਼-ਇੰਡੋ-ਪਾਕਿ

ਕਾਨਫਲਿਕਟ ੧੯੬੫" ਦੇ ਪੰਨਾ ਨੰ: ੧੦੭-੧੦੮ ਵਿਚ ਅੰਕਿਤ ਹੈ। ਇਹ ਵਾਕਿਆ ੯-੧੦ ਸਤੰਬਰ, ੧੯੬੫ ਈ. ਦਾ ਹੈ। ਜਿਸ ਸਮੇਂ ਪੂਰੇ ਜੰਮੂ-ਕਸ਼ਮੀਰ ਅਤੇ ਪੰਜਾਬ ਦੇ ਬਾਰਡਰ 'ਤੇ ਲੜਾਈ ਆਪਣੀ ਚਰਮ-ਸੀਮਾ 'ਤੇ ਸੀ। ਲੜਾਈ ਦੀ ਸ਼ੁਰੂਆਤ ਤੋਂ ਹੀ ਖੇਮਕਰਨ ਸੈਕਟਰ ਵਿਚ ਸਾਡੀ ਸੈਨਾ ਦਾ ਭਾਰੀ ਨੁਕਸਾਨ ਹੋਇਆ ਸੀ, ਪਰ ਜਰਨਲ ਹਰਬਖਸ਼ ਸਿੰਘ ਵਿਚ ਵਾਹਿਗੁਰੂ ਦੀ ਬਖਸ਼ਿਸ ਸਦਕਾ ਇਕ ਫੌਜੀ ਕਮਾਂਡਰ ਦੇ ਉਹ ਅਨੂਠੇ ਗੁਣ ਸਨ, ਜੋ ਇਸ ਤਰ੍ਹਾਂ ਦੀ ਬੇਹੱਦ ਮੁਸ਼ਕਿਲ ਸਥਿਤੀ ਵਿਚ ਵੀ ਆਪਣੇ ਬੁਲੰਦ ਹੌਸਲੇ, ਯੁੱਧ ਦੇ ਮੈਦਾਨ ਦੀਆਂ ਸੱਚਾਈਆਂ ਦੀਆਂ ਬਾਰੀਕੀਆਂ ਵਿਚ ਜਾਣਕਾਰੀ ਅਤੇ ਆਪਣੀ ਸੂਰਬੀਰਤਾ ਦਾ ਸਦਕਾ ਅਗਾਂਹ ਵਧਦੇ ਹੋਏ ਦੁਸ਼ਮਣ ਦੇ ਛੱਕੇ ਛੁਡਾਉਣ ਦੀ ਕਾਬਲੀਅਤ ਰੱਖਦੇ ਸਨ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਹਰ ਗੁਰਸਿੱਖ ਲਈ ਨਿਰਧਾਰਿਤ ਕੀਤਾ ਹੋਇਆ ਨਿਸ਼ਾਨਾ *ਨਿਸਚੈ ਕਰ ਅਪਨੀ ਜੀਤ ਕਰੋਂ* ਉਨ੍ਹਾਂ ਨੂੰ ਚੰਗੀ ਤਰ੍ਹਾਂ ਦ੍ਰਿੜ੍ਹ ਸੀ।

ਹਾਲਾਂਕਿ ੧੦ ਸਤੰਬਰ, ੧੯੬੫ ਈ. ਦੀ ਸਵੇਰ ਉਨ੍ਹਾਂ ਨੇ ਸਾਂਭਾ-ਜੰਮੂ ਦੇ ਇਲਾਕੇ ਵਿਚ ਆਪਣੀਆਂ ਹਮਲਾਵਰ ਫ਼ੌਜਾਂ ਦੀ ਹੌਸਲਾ-ਅਫਜ਼ਾਈ ਅਤੇ ਅਗਵਾਈ ਕਰਨ ਵਾਸਤੇ ਜਾਣ ਦਾ ਮਨ ਬਣਾਇਆ ਸੀ। ਜਿਨ੍ਹਾਂ ਨੇ ਸਿਆਲਕੋਟ ਸੈਕਟਰ ਵਿਚ ਹਮਲੇ ਦੀ ਚੰਗੀ ਸ਼ੁਰੂਆਤ ਕੀਤੀ ਸੀ, ਪਰ ਅਚਾਨਕ ੦੯ ਸਤੰਬਰ ਸ਼ਾਮ ਨੂੰ ਸੈਨਾ ਮੁਖੀ ਦਾ ਫ਼ੋਨ ਆਇਆ। ਉਨ੍ਹਾਂ ਦਾ ਕਹਿਣਾ ਸੀ ਕਿ ਉਹ ਅਗਲੀ ਸਵੇਰ, ਯਾਨੀ ੧੦ ਸਤੰਬਰ ਨੂੰ ਅੰਬਾਲੇ ਆਉਣਗੇ ਅਤੇ ਜਰਨਲ ਹਰਬਖਸ਼ ਸਿੰਘ ਉਨ੍ਹਾਂ ਨੂੰ ਉੱਥੇ ਹੀ ਮਿਲਣ। ਖੇਮਕਰਨ ਸੈਕਟਰ ਵਿਚ ੧੦ ਸਤੰਬਰ ਸਵੇਰੇ ੭:੦੦ ਵਜੇ ਪਾਕਿਸਤਾਨ ਦੇ ੧ ਆਰਮਡ ਡਵੀਜ਼ਨ (ਇਸ ਡਵੀਜ਼ਨ ਨੂੰ "ਫ਼ਖਰ-ਏ-ਪਾਕਿਸਤਾਨ" ਕਿਹਾ ਜਾਂਦਾ ਸੀ) ਨੇ ਇਕ ਵੱਡਾ ਹਮਲਾ ਕਰ ਦਿੱਤਾ। ਸਾਡੀ ਸੈਨਾ ਦਾ ੪ ਮਾਉਂਟੇਨ ਡਵੀਜ਼ਨ ਪੂਰੀ ਬਹਾਦਰੀ ਨਾਲ ਆਪਣੇ ਦੇਸ਼ ਦੀ ਇੱਕ-ਇੱਕ ਇੰਚ ਜ਼ਮੀਨ ਵਾਸਤੇ ਲੜ ਰਿਹਾ ਸੀ। ਘਮਸਾਨ ਦੀ ਲੜਾਈ ਚੱਲ ਰਹੀ ਸੀ। ਜਰਨਲ ਹਰਬਖਸ਼ ਸਿੰਘ ਦੀ ਲੜਾਈ ਦੇ ਹਾਲਾਤ ਉੱਪਰ ਪੂਰੀ ਨਜ਼ਰ ਸੀ ਅਤੇ ਉਹ ਲਗਾਤਾਰ ਆਪਣੇ ਕਮਾਡਰਾਂ ਨਾਲ ਰਾਬਤਾ ਰੱਖ ਕੇ ਲੋੜੀਂਦੇ ਦਿਸ਼ਾ-ਨਿਰਦੇਸ਼ ਦੇ ਰਹੇ ਸਨ। ਸਥਿਤੀ ਬੇਹੱਦ ਨਾਜ਼ੁਕ ਸੀ। ਤਕਰੀਬਨ ੧੧ ਵਜੇ ਸੈਨਾ ਮੁਖੀ ਅੰਬਾਲਾ ਪਹੁੰਚੇ। ਤੁਰੰਤ ਹੀ (War Room) ਬੰਦ ਕਮਰਾ ਮੀਟਿੰਗ ਸ਼ੁਰੂ ਹੋਈ। ਮੀਟਿੰਗ ਵਿਚ ਚੀਫ-ਆਫ-ਸਟਾਫ ਮੇਜਰ ਜਰਨਲ ਜੋਗਿੰਦਰ ਸਿੰਘ ਵੀ ਹਾਜ਼ਰ ਸਨ। ਸੈਨਾ ਮੁਖੀ ਖੇਮਕਰਨ ਸੈਕਟਰ ਵਿਚ ੪ ਮਾਉਂਟੇਨ ਡਵੀਜ਼ਨ ਦੇ ੭ ਸਤੰਬਰ ਨੂੰ ਹੋਏ ਭਾਰੀ ਨੁਕਸਾਨ ਤੋਂ ਅਤੇ ਦੁਸ਼ਮਣ ਦੇ ਟੈਂਕਾਂ ਨਾਲ ਰਾਤ ਦਿਨ ਹੋ ਰਹੇ ਦਲੇਰਾਨਾ ਹਮਲਿਆਂ ਤੋਂ ਕਾਫੀ ਚਿੰਤਤ ਸਨ। ਅਚਾਨਕ ਉਸੇ ਦਿਨ (੧੦ ਸਤੰਬਰ) ਦੀ ਸਵੇਰ ਤੋਂ ਚੱਲ ਰਹੇ ਘਮਾਸਾਨ ਯੁੱਧ ਦੀ ਉਦੋਂ ਤਕ ਦੀ ਸਮੀਖਿਆ ਨੇ ਸੈਨਾ ਮੁਖੀ ਨੂੰ ਹੋਰ ਵੀ ਚਿੰਤੁਤ ਕਰ ਦਿੱਤਾ। ਸੈਨਾ ਮੁਖੀ ਪੂਰੀ ਤਰ੍ਹਾਂ ਡੋਲ ਗਏ ਸਨ। ਪਾਕਿਸਤਾਨ ਨੇ ਇਸ ਸੈਕਟਰ ਵਿਚ ਆਪਣੀ ਪੂਰੀ ਤਾਕਤ ਲਗਾਈ ਹੋਈ ਸੀ। ਉਸ ਦਾ ਸਭ ਤੋਂ ਤਾਕਤਵਰ ੧ ਆਰਮਡ

ਡਵੀਜ਼ਨ ਆਪਣੇ ਪੈਟਨ ਟੈਂਕਾਂ ਨਾਲ ਗੋਲੇ ਵਰਸੌਂਦਾ ਡਿੱਬੀਪੁਰ-ਮਹਿਮੂਦਪੁਰ ਦੇ ਨਜ਼ਦੀਕ ਪਹੁੰਚ ਗਿਆ ਸੀ। ਸੈਨਾ ਮੁਖੀ ਨੇ ਹੁਕਮ ਦੇ ਦਿੱਤਾ ਕਿ ਸਾਨੂੰ ਆਪਣੀ ਸੈਨਾ ਨੂੰ ਰੀ-ਐਡਜੇਸਟ ਕਰਨ ਬਾਰੇ ਸੋਚਣਾ ਚਾਹੀਦਾ ਹੈ (ਲੜਾਈ ਦੌਰਾਨ "ਰੀ-ਐਡਜੇਸਟਮੈਂਟ ਆਫ ਡਿਸਪੋਜ਼ੀਸ਼ਨਜ਼" ਦਾ ਮਤਲਬ ਹੁੰਦਾ ਹੈ ਕਿ ਜਿਨ੍ਹਾਂ ਸੈਨਾਂ ਦੀਆਂ ਟੁੱਕੜੀਆਂ ਤੋਂ ਦੁਸ਼ਮਣ ਲੜਾਈ ਕਰ ਕੇ ਜਾਂ ਬਾਈਪਾਸ ਕਰ ਕੇ ਅੱਗੇ ਨਿਕਲ ਆਇਆ ਹੋਵੇ ਉਨ੍ਹਾਂ ਨੂੰ (Withdraw) ਕਰ ਕੇ ਜਾਂ ਪਿੱਛੇ ਹਟਾ ਕੇ ਕਿਸੇ ਐਸੇ ਕੁਦਰਤੀ ਜਾਂ ਬਨਾਵਟੀ ਰੁਕਾਵਟ (ਆਬਸਟੇਕਲ) ਦਰਿਆ ਆਦਿ 'ਤੇ ਤੈਨਾਤ ਕੀਤਾ ਜਾਵੇ, ਜਿੱਥੇ ਵਧਦੇ ਹੋਏ ਦੁਸ਼ਮਣ ਨੂੰ ਰੋਕਿਆ ਜਾ ਸਕੇ) ਇੱਥੇ ਤਾਂ ਦੁਸ਼ਮਣ ਪੂਰੇ ੪ ਮਾਉਂਟੇਨ ਡਵੀਜ਼ਨ ਤੋਂ ਹੀ ਅੱਗੇ ਨਿਕਲਦਾ ਜਾਪਦਾ ਸੀ। ਬੇਸ਼ੱਕ ਜਰਨਲ ਹਰਬਖਸ਼ ਸਿੰਘ ਨੇ ਆਪਣੇ ਜੀਵਨ-ਕਾਲ ਵਿਚ ਸੈਨਾ ਮੁਖੀ ਦੀ ਗਰਿਮਾ ਨੂੰ ਮੁੱਖ ਰੱਖਦੇ ਹੋਏ ਇਸ ਦਾ ਖੁਲਾਸਾ ਨਹੀਂ ਕੀਤਾ, ਪਰ ਆਮ ਫ਼ੌਜੀ ਸੂਝ-ਬੂਝ ਮੁਤਾਬਿਕ ਅਤੇ ਪ੍ਰਾਈਵੇਟ ਜਾਣਕਾਰੀ ਮੁਤਾਬਿਕ ਇਹ ਮੰਨਿਆ ਜਾਂਦਾ ਹੈ ਕਿ ਸੈਨਾ ਮੁਖੀ ਦਾ ਇਸ਼ਾਰਾ ਬਿਆਸ ਨਦੀ ਤਕ ਪਿੱਛੇ ਹਟਣ ਦਾ ਸੀ। ਜਰਨਲ ਹਰਬਖਸ਼ ਸਿੰਘ ਲਿਖਦੇ ਹਨ ਕਿ "ਮੈਂ ਉਨ੍ਹਾਂ ਨੂੰ ਯਕੀਨ ਦੁਆਇਆ ਕਿ ਮੈਨੂੰ ਪੂਰਾ ਭਰੋਸਾ ਹੈ ਕਿ ਮੈਂ ਦੁਸ਼ਮਣ ਦੇ ਆਰਮਡ ਡਵੀਜ਼ਨ ਨੂੰ ਅੱਗੇ ਵਧਣੋਂ ਰੋਕ ਲਵਾਂਗਾ। ਬੇਸ਼ੱਕ ਦੁਸ਼ਮਣ ਦੇ ਕੁਝ ਟੈਂਕ ਸਾਡੀਆਂ ਫ਼ੌਜਾਂ ਦੇ ਪਿੱਛੇ ਤਕ ਪਹੁੰਚ ਜਾਣ, ਪਰ ਇਸ ਤਰ੍ਹਾਂ ਦੀ ਕੋਈ ਵੀ ਕੋਸ਼ਿਸ਼ ਕੁਦਰਤੀ ਮੌਤ ਮਰ ਜਾਵੇਗੀ। ਚੀਫ ਨੇ ਸੋਚਿਆ ਕਿ ਮੈਂ (ਜਰਨਲ ਹਰਬਖਸ਼ ਸਿੰਘ) ਹਮੇਸ਼ਾਂ ਹੀ ਜ਼ਰੂਰਤ ਤੋਂ ਵੱਧ ਆਤਮ-ਵਿਸ਼ਵਾਸ਼ੀ (ਓਵਰ-ਕਾਨਫੀਡੈਂਟ) ਹੁੰਦਾ ਹਾਂ। ਇਸ ਵਾਸਤੇ ਉਨ੍ਹਾਂ ਨੇ ਇਸ ਬਾਰੇ ਚੀਫ਼-ਆਫ਼-ਸਟਾਫ਼ ਦੇ ਵਿਚਾਰ ਜਾਣਨੇ ਚਾਹੇ। ਆਪਣੇ ਸੈਨਾ ਮੁਖੀ ਦੇ ਹੁਕਮਾਂ ਦੀ ਖ਼ਿਲਾਫ਼ਤ ਤੋਂ ਡਰਦੇ ਹੋਏ ਉਹ ਗੋਲ-ਮੋਲ ਜਿਹਾ ਜੁਆਬ ਦੇ ਗਏ। (ਅਜਿਹੇ ਮੌਕਾਪ੍ਰਸਤ ਪਰੰਤੂ ਖਤਰਨਾਕ ਝੋਲੀਚੁੱਕ ਕਿਸਮ ਲੋਕ ਤੁਹਾਨੂੰ ਹਰ ਖੇਤਰ ਵਿਚ ਮਿਲ ਸਕਦੇ ਹਨ) ਜਰਨਲ ਹਰਬਖਸ਼ ਸਿੰਘ ਅੱਗੇ ਲਿਖਦੇ ਹਨ ਕਿ ਮੈਂ ਦੇਖ ਸਕਦਾ ਸੀ ਕਿ ਸੈਨਾ ਮੁਖੀ ਨੂੰ ਮੇਰੇ ਜੁਆਬ 'ਤੇ ਕੋਈ ਜ਼ਿਆਦਾ ਭਰੋਸਾ ਨਹੀਂ ਲੱਗਾ ਅਤੇ ਉਨ੍ਹਾਂ ਨੇ ਮੈਨੂੰ ਚੇਤਾਵਨੀ ਦੇ ਦਿੱਤੀ ਕਿ ਬਹੁਤ ਬੁਰਾ ਹੋ ਸਕਦਾ ਹੈ ਕਿਉਂਕਿ ਉਹ (ਜਰਨਲ ਚੌਧਰੀ) ਟੈਂਕਾਂ ਦੀ ਲੜਾਈ ਨੂੰ ਮੇਰੇ (ਜਰਨਲ ਹਰਬਖਸ਼ ਸਿੰਘ) ਤੋਂ ਬੇਹਤਰ ਜਾਣਦੇ ਹਨ। ਇਸ ਉੱਪਰ ਮੇਰਾ ਜਵਾਬ ਸੀ ਕਿ "ਮੈਂ ਵੀ ਪੂਰੀ ਤਰ੍ਹਾਂ ਜਾਣਦਾ ਹਾਂ ਕਿ ਟੈਂਕਾਂ ਦੀ ਕਾਬਲੀਅਤ (ਆਰਮਰ ਪੋਟੈਂਸ਼ੀਐਲੀਟੀਜ਼) ਕਿੰਨੀ ਕੁ ਹੈ। ਬਹਿਸ ਏਥੇ ਹੀ ਖਤਮ ਹੋ ਗਈ ਅਤੇ ਸੈਨਾ ਮੁਖੀ ਦੁਪਹਿਰ ਦਾ ਖਾਣਾ ਖਾ ਕੇ ਦਿੱਲੀ ਚਲੇ ਗਏ।" ਫ਼ੌਜ ਦੇ ਇਤਿਹਾਸ ਵਿਚ ਇਹ ਸ਼ਾਇਦ ਪਹਿਲੀ ਮਿਸਾਲ ਹੈ ਜਦੋਂ ਇਕ ਫ਼ੌਜੀ ਅਫਸਰ ਨੇ ਦੇਸ਼ ਅਤੇ ਆਪਣੀ ਮਾਤਰ-ਭੂਮੀ ਦੇ ਹਿੱਤ ਵਿਚ ਫ਼ੌਜ ਦੇ ਮੁਖੀ ਦਾ ਗਲਤ ਅਤੇ ਦੇਸ਼, ਖਾਸ ਕਰਕੇ ਪੰਜਾਬ ਦੇ ਵਿਰੁੱਧ ਹੁਕਮ ਮੰਨਣ ਤੋਂ ਇਨਕਾਰ ਕਰ ਦਿੱਤਾ ਸੀ। ਇਸ ਤੋਂ ਸਾਬਤ ਹੁੰਦਾ ਹੈ ਕਿ ਉਨ੍ਹਾਂ ਦੇ ਮਨ ਵਿਚ ਪੰਜਾਬ ਦੀ ਧਰਤੀ ਦਾ ਪੰਜਾਬ ਦੇ ਲੋਕਾਂ ਦਾ

ਕਿੰਨਾ ਪਿਆਰ ਸੀ ਕਿ ਉਹ ਬਹੁਤ ਵੱਡਾ ਖਤਰਾ ਸਹੇੜਨ ਨੂੰ ਵੀ ਤਿਆਰ ਹੋ ਗਏ ਸਨ।

ਖੇਮਕਰਨ ਸੈਕਟਰ ਵਿਚ ਪਾਕਿਸਤਾਨ ਦੀ ਫ਼ੌਜ ੫ ਕਿਲੋਮੀਟਰ ਅੱਗੇ ਵਧ ਆਈ ਸੀ, ਕਿਉਂਕਿ ਉੱਥੇ ਤਾਇਨਾਤ ਡੋਗਰਾ ਰੈਜਮੈਂਟ ਦੇ ਅਫਸਰ ਅਤੇ ਸਿਪਾਹੀ ਲੜਨ ਦੀ ਥਾਂ ਆਪਣਾ ਅਸਲਾ ਸੁੱਟ ਕੇ ਭੱਜ ਪਏ ਸਨ। ਜਰਨਲ ਹਰਬਖਸ਼ ਸਿੰਘ ਫੌਜ ਦੇ ਗੌਰਵ ਅਤੇ ਗੈਰਤ ਨੂੰ ਰੁਲਣ ਨਹੀਂ ਸੀ ਦੇਣਾ ਚਾਹੁੰਦੇ। ਉਹ ਨਹੀਂ ਸਨ ਚਾਹੁੰਦੇ ਕਿ ਪੰਜਾਬ ਦੀ ਹੋਰ ਦਰਦਨਾਕ ਵੰਡ ਹੋਵੇ। ਜਰਨਲ ਹਰਬਖਸ਼ ਸਿੰਘ ਨੇ ਉੱਥੇ ੧੮੯੭ ਈ. ਦੀ ਸਾਰ੍ਹਾਗੜ੍ਹੀ ਦੀ ਲੜਾਈ ਨਾਲ ਸੰਬੰਧਤ ਸ਼ਾਨਾਂਮੱਤੇ ਇਤਿਹਾਸ ਵਾਲੀ ੩੬ ਸਿੱਖ ਹੁਣ ੪ ਸਿੱਖ ਬਟਾਲੀਅਨ ਭੇਜ ਦਿੱਤੀ, *"ਜਬ ਆਵ ਕੀ ਅਉਧ ਨਿਦਾਨ ਬਨੈ ਅਤ ਹੀ ਰਨ ਮੈ ਤਬ ਜੂਝ ਮਰੋਂ॥"* ਦੇ ਮਹਾਨ ਸਿਧਾਂਤ ਅਨੁਸਾਰ ਇਹ ਬਟਾਲੀਅਨ ਪੂਰੀ ਸੂਰਮਗਤੀ ਨਾਲ ਮੈਦਾਨ ਵਿਚ ਜੂਝੀ। ਸਿੱਖ ਬਟਾਲੀਅਨ ਦਾ ਨੁਕਸਾਨ ਤਾਂ ਬਹੁਤ ਹੋਇਆ, ਪਰ ਸਿੱਖ ਫੌਜ ਨੇ ਵੈਰੀ ਨੂੰ ਠੱਲ੍ਹ ਪਾ ਦਿੱਤੀ। ਇਹ ਪਿੰਡ ਅਸਲ ਉਤਾੜ ਅਤੇ ਚੀਮਾ ਪਿੰਡ ਦੇ ਨੇੜੇ ਲੜਾਈ ਹੋਈ। ਇਸ ਵਿਚ ਦੁਸ਼ਮਣ ਦੇ ੨੪੦ ਪੈਟਨ ਟੈਂਕ ਤਬਾਹ ਕੀਤੇ ਗਏ। ਭਿੱਖੀਵਿੰਡ ਦੇ ਨੇੜ੍ਹੇ ਇਨ੍ਹਾਂ ਟੈਂਕਾਂ ਦੀ ਕਬਰ ਬਣਾ ਦਿੱਤੀ ਗਈ। ਚੀਮਾ ਪਿੰਡ ਵਿਖੇ 'ਪਰਮਵੀਰ ਚੱਕਰ' ਵਿਜੇਤਾ ਹੋਲਦਾਰ ਅਬਦੁਲ ਹਮੀਦ ਦੀ ਕਬਰ ਬਣੀ ਹੋਈ ਹੈ, ਕਿਉਂਕਿ ਉਹ ਇੱਥੇ ਹੀ ਲੜਾਈ ਵਿਚ ਪੈਟਨ ਟੈਂਕਾਂ ਨੂੰ ਤਬਾਹ ਕਰਦਾ ਹੋਇਆ ਸ਼ਹੀਦੀ ਜਾਮ ਪੀ ਗਿਆ ਸੀ। ਫ਼ੌਜ ਨੇ ਅਸਲ ਉਤਾੜ ਪਿੰਡ ਜਿੱਥੇ ਪਾਕਿ ਫੌਜ ਨੂੰ ਸਦਾ ਯਾਦ ਰਹਿਣ ਵਾਲਾ ਸਬਕ ਸਿਖਾਇਆ, ਬਦਲ ਕੇ ਅਸਲ ਉਤਾੜ ਦੀ ਥਾਂ ਅਸਲ ਉੱਤਰ ਰੱਖ ਦਿੱਤਾ ਹੈ। ਇਨ੍ਹਾਂ ਦੋਹਾਂ ਪਿੰਡਾਂ ਵਿਚ ਸ਼ਹੀਦਾਂ ਦੀ ਯਾਦ ਹਰ ਸਾਲ ੨੫ ਸਤੰਬਰ ਨੂੰ ਮਨਾਈ ਜਾਂਦੀ ਹੈ।

੧੯੭੨ ਈ. ਵਿਚ ਮੈਨੂੰ ਇਕ ਵਾਰ ਫਿਰ ਜਰਨੈਲ ਸਾਹਿਬ ਨੂੰ ਦਿਲੀ ਬਸੰਤ ਵਿਹਾਰ ਸਥਿਤ ਉਨ੍ਹਾਂ ਦੀ ਮਾਡਰੇਟ ਜਿਹੀ ਕੋਠੀ ਵਿਚ ਮਿਲਣ ਦਾ ਮੌਕਾ ਮਿਲਿਆ। ਕੋਠੀ ਦੇ ਬਾਹਰ ਕੋਈ ਬੰਦਾ ਨਹੀਂ ਸੀ। ਮੈਂ (Call Bell) ਘੰਟੀ ਦੱਬੀ ਤਾਂ ਮੈਂ ਦੇਖਿਆ ਕਿ ਜਰਨੈਲ ਸਾਹਿਬ ਨਿੱਕਰ ਬਨੈਣ ਵਿਚ ਹੀ ਸਿਰ ਉੱਤੇ ਖੱਟਾ ਪੱਟਕਾ ਬੰਨ੍ਹਿਆ ਹੋਇਆ ਆ ਰਹੇ ਹਨ। ਪੂਰੀ ਗਰਮ ਜੋਸ਼ੀ ਨਾਲ ਮਿਲੇ ਘਰ-ਪਰਵਾਰ ਦੀਆਂ ਗੱਲਾਂ ਕਰਦੇ ਰਹੇ। ਜਦੋਂ ਵੀ ਕੋਈ ਫ਼ੌਜ ਦੀ ਅਤੇ ਖਾਸ ਕਰਕੇ ਜੰਗ ਦੀ ਗੱਲ ਛੇੜਨੀ ਚਾਹੀ, ਉੱਥੇ ਬੜੀ ਸੁਹਿਰਦਾ ਅਤੇ ਸਿਆਣਪ ਨਾਲ ਮਜ਼ਮੂਨ ਬਦਲ ਦੇਂਦੇ। ਮੈਂ ਕੰਮ ਦੱਸਿਆ ਉਨ੍ਹਾਂ ਬਿਨ੍ਹਾਂ ਦੇਰੀ ਸੰਬੰਧਿਤ ਅਫ਼ਸਰ ਨੂੰ ਟੈਲੀਫ਼ੋਨ ਕਰ ਦਿੱਤਾ ਅਤੇ ਕੰਮ ਹੋ ਗਿਆ। ਅਸੀਂ ਖੁਸ਼ੀ-ਖੁਸ਼ੀ ਵਾਪਸ ਆ ਗਏ।

ਜਦੋਂ ੨੦੦੨ ਈ. ਵਿਚ ਮੈਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਵਜੋਂ ਸੇਵਾ ਕਰ ਰਿਹਾ ਸੀ, ਉਦੋਂ ਮੈਨੂੰ ਖੁਦ ਖੇਮਕਰਨ ਦੇ ਇਲਾਕੇ ਵਿਚ ਜਾਣ ਦਾ ਮੌਕਾ ਮਿਲਿਆ। ਉਨ੍ਹਾਂ ਲੋਕਾਂ ਦੇ ਦਿਲ ਵਿਚ ਮੈਂ ਜਰਨਲ ਸਾਹਿਬ ਦਾ ਬੇਹੱਦ ਸਤਿਕਾਰ ਮਹਿਸੂਸ ਕੀਤਾ। ਉਹ ਉਨ੍ਹਾਂ ਨੂੰ ਆਪਣਾ ਰੱਖਿਅਕ ਮੰਨਦੇ ਹਨ।

ਲੋਕਾਂ ਨੇ ਦੱਸਿਆ ਕਿ ਜਰਨੈਲ ਸਾਹਿਬ ਦੀ ਭੰਬੀਰੀ ਵਾਂਗ ਇਕ ਮੋਰਚੇ ਤੋਂ ਦੂਜੇ ਮੋਰਚਿਆਂ ਵਿਚ ਜਾ ਕੇ ਕੀਤੀ ਫ਼ੌਜੀਆਂ ਦੀ ਹੌਂਸਲਾ ਅਫਜਾਈ ਦਾ ਕ੍ਰਿਸ਼ਮਾ ਹੀ ਸੀ ਕਿ ਹੌਲਦਾਰ ਅਬਦੁਲ ਹਮੀਦ ਨੇ ਬੜੀ ਦਲੇਰੀ ਨਾਲ ਦੁਸ਼ਮਣ ਦੇ ਪੈਟਨ ਟੈਂਕਾਂ ਨੂੰ ਸਦਾ ਦੀ ਨੀਂਦ ਸੁਲਾ ਦਿੱਤਾ ਅਤੇ ਆਪ ਸ਼ਹੀਦ ਹੋ ਗਏ। ਲੋਕਾਂ ਨੇ ਇਹ ਵੀ ਦੱਸਿਆ ਕਿ ਕਿਵੇਂ ਜਰਨੈਲ ਸਾਹਿਬ ਨੇ ਅਬਦੁਲ ਹਮੀਦ ਦਾ ਸਰੀਰ ਸਾਂਭਿਆ। ਭੂਰਾ ਕੋਨਾ ਪਿੰਡ ਦੇ ਇਕ ਸਿੰਘ ਸ. ਮਹਿੰਦਰ ਸਿੰਘ ਨੇ ਦੱਸਿਆ ਕਿ ਵਰ੍ਹਦੀਆਂ ਗੋਲੀਆਂ ਵਿਚ ਉਹ ਖੇਤਾਂ ਵਿਚ ਕੰਮ ਕਰ ਰਹੇ ਸਨ। ਜਰਨੈਲ ਸਾਹਿਬ ਨੇ ਪੁੱਛਿਆ ਕਿ ਤੁਸੀਂ ਡਰਦੇ ਨਹੀਂ ਹੋ? ਸ. ਮਹਿੰਦਰ ਸਿੰਘ ਨੇ ਉੱਤਰ ਦਿੱਤਾ ਕਿ ਇਹ ਠੂ-ਠਾਹ ਤਾਂ ਹੁਣ ਰੋਜ਼ ਦਾ ਹੀ ਵਰਤਾਰਾ ਬਣ ਗਿਆ ਹੈ। ਡਰ ਕੇ ਕੀ ਕਰਾਂਗੇ? ਜਰਨੈਲ ਨੇ ਕਿਸਾਨਾਂ ਦਾ ਹੌਂਸਲਾ ਵੇਖ ਕੇ ਜਿੱਥੇ ਆਪ ਹੋਰ ਸ਼ੇਰ-ਦਿਲ ਹੋ ਗਏ, ਉੱਥੇ ਫੌਜੀਆਂ ਨੂੰ ਇਸ਼ਾਰਾ ਕੀਤਾ ਕਿ ਆਮ ਸਿਵਲੀਅਨ ਲੋਕਾਂ ਦਾ ਜ਼ੇਰਾ ਅਤੇ ਹੌਂਸਲਾ ਕਿੱਡਾ ਵੱਡਾ ਹੈ। ੨੦੦੭ ਈ. ਦੀ ਅਸੈਂਬਲੀ ਹਲਕਾ ਵਲਟੋਹਾ ਦੀ ਜ਼ਿਮਨੀ ਚੋਣ ਸਮੇਂ ਮੈਨੂੰ ਖੇਮਕਰਨ ਏਰੀਏ ਵਿਚ ਇਕ ਵਾਰ ਫਿਰ ਇਨ੍ਹਾਂ ਪਿੰਡਾਂ ਵਿਚ ਚੋਣ ਪ੍ਰਚਾਰ ਦਾ ਕੰਮ ਕਰਨ ਦਾ ਮੌਕਾ ਮਿਲਿਆ। ਮੈਂ ਵੇਖਿਆ ਕਿ ਹਰ ਜ਼ਬਾਨ ਉੱਤੇ ਉਦੋਂ ਵੀ ਜਰਨੈਲ ਦਾ ਨਾਮ ਸੀ। ਉਨ੍ਹਾਂ ਨੇ ਅਤੇ ਖਾਸ ਕਰਕੇ ਮਨਾਵਾਂ ਪਿੰਡ ਦੇ ਸਰਦਾਰ ਖਜ਼ਾਨ ਸਿੰਘ ਨੇ ਵਿਸਥਾਰ ਵਿਚ ਮੈਨੂੰ ਦੱਸਿਆ ਕਿ ਸਤਿਗੁਰਾਂ ਤੋਂ ਬਾਅਦ ਜੇ ਕੋਈ ਸਾਡਾ ਰੱਖਿਅਕ ਹੋ ਕੇ ਬਹੁੜਿਆ ਤਾਂ ਉਹ ਜਰਨਲ ਹਰਬਖਸ਼ ਸਿੰਘ ਸੀ, ਐਸੇ ਪੂਰਨੇ ਪਾ ਗਏ ਜਰਨਲ ਹਰਬਖਸ਼ ਸਿੰਘ ਜੀ। ਪੰਜਾਬ ਦੇ ਖਾਸ ਕਰਕੇ ਪੱਛਮੀ ਕਮਾਨ ਦੇ ਲੰਮੇ ਬਾਰਡਰ ਦੇ ਇਲਾਕੇ ਦੇ ਲੋਕ ਲੰਮਾ ਸਮਾਂ ਜਰਨਲ ਹਰਬਖਸ਼ ਸਿੰਘ ਨੂੰ ਯਾਦ ਹੀ ਨਹੀਂ ਕਰਦੇ ਰਹਿਣਗੇ, ਸਗੋਂ ਆਪਣੇ ਦਿਲਾਂ ਵਿਚ ਉਸ ਦੀ ਪੂਜਾ ਕਰਦੇ ਰਹਿਣਗੇ।

ਭਾਰਤ-ਪਾਕਿ ਦੀ ਜੰਗ ਉਪਰੰਤ ਜਦੋਂ ਜਰਨਲ ਹਰਬਖਸ਼ ਸਿੰਘ ਜੀ ਆਪਣੇ ਪਿੱਤਰੀ ਸ਼ਹਿਰ ਸੰਗਰੂਰ ਵਿਖੇ ਪਹੁੰਚੇ ਤਾਂ ਇਲਾਕਾ ਨਿਵਾਸੀਆਂ ਨੇ ਪੂਰੇ ਉਤਸ਼ਾਹ, ਜੋਸ਼ ਅਤੇ ਸਤਿਕਾਰ ਨਾਲ ਉਨ੍ਹਾਂ ਨੂੰ ਜਲੂਸ ਦੀ ਸ਼ਕਲ ਵਿਚ ਸ਼ਹਿਰ ਵਿਚ ਘੁੰਮਾਇਆ ਗਿਆ ਅਤੇ ਉਨ੍ਹਾਂ ਦਾ ਸੁਆਗਤ ਇਕ ਮਹਾਂਨਾਇਕ-ਜੇਤੂ ਜਰਨੈਲ ਵਜੋਂ ਕੀਤਾ ਗਿਆ ਸੀ।

ਜਰਨਲ ਸਾਹਿਬ ਦੇ ਦਿਲ ਵਿਚ ਸਮਾਜ ਸੇਵਾ ਦੀ ਵੀ ਬਹੁਤ ਡੂੰਘੀ ਭਾਵਨਾ ਸੀ। ੧੯੮੪ ਈ. ਦੇ ਸਿੱਖ ਕਤਲ-ਏ-ਆਮ ਤੋਂ ਪਿੱਛੋਂ ਉਨ੍ਹਾਂ ਨੇ ਦਿੱਲੀ ਵਿਚ ਸਿੱਖ ਪਰਵਾਰਾਂ ਦੇ ਪੁਨਰ-ਵਸੇਬੇ ਲਈ ਕੰਮ ਕੀਤਾ। ਇਸ ਵਿਚ ਐਸਕਾਰਟ ਦੇ ਮੈਨੇਜਰ ਸ੍ਰੀ ਨੰਦਾ ਨੇ ਉਨ੍ਹਾਂ ਦੀ ਮਦਦ ਕੀਤੀ ਤੇ ੧੫ ਲੱਖ ਰੁਪਏ ਆਪਣੇ ਦੇਸ਼-ਵਾਸੀਆਂ ਵੱਲੋਂ ਹੀ ਬਣਾਏ ਗਏ ਸਿੱਖ ਸ਼ਰਨਾਰਥੀਆਂ ਦੇ ਮੁੜ-ਵਸੇਬੇ ਲਈ ਦਿੱਤੇ। ਜਰਨਲ ਹਰਬਖਸ਼ ਸਿੰਘ ਨੇ ਦਿੱਲੀ ਦੀਆਂ ਹੋਰ ਵੀ ਕਈ ਨਾਮਵਰ ਸ਼ਖ਼ਸੀਅਤਾਂ ਨੂੰ ਇਸ ਮਨੁੱਖੀ ਹਮਦਰਦੀ ਵਾਲੇ ਸ਼ੁੱਭ ਕਾਰਜ ਵਿਚ ਸ਼ਾਮਲ ਕਰ ਕੇ ਵਡਮੁੱਲੀ ਸੇਵਾ ਕੀਤੀ। ਇਸੇ ਤਰ੍ਹਾਂ ਪਟਿਆਲਾ ਵਿਚ ਵੀ ਉਨ੍ਹਾਂ ਨੇ ਵੱਧ-ਚੜ੍ਹ ਕੇ ਹਿੱਸਾ ਪਾਇਆ। ਪਟਿਆਲਾ ਵਿਚ ਸਿੱਖ ਸ਼ਰਨਾਰਥੀਆਂ ਦੇ

ਪੁਨਰ-ਵਸੇਬੇ ਲਈ ਕਮੇਟੀ ਬਣਾਈ ਗਈ ਸੀ। ਇਸ ਕਮੇਟੀ ਵਿਚ ਜਰਨਲ ਹਰਬਖਸ਼ ਸਿੰਘ, ਜਰਨਲ ਗੁਰਬਚਨ ਸਿੰਘ ਬੁਚ, ਬ੍ਰਿਗੇਡੀਅਰ ਸੁਖਦੇਵ ਸਿੰਘ, ਲੇਖਕ ਪ੍ਰੋ. ਕਿਰਪਾਲ ਸਿੰਘ ਬਡੂੰਗਰ, ਜਥੇਦਾਰ ਮਨਮੋਹਨ ਸਿੰਘ, ਕੈਪਟਨ ਅਮਰਿੰਦਰ ਸਿੰਘ, ਕਰਨਲ ਜੋਗਿੰਦਰ ਸਿੰਘ, ਸ. ਜਸਦੇਵ ਸਿੰਘ ਆਦਿ ਸ਼ਾਮਲ ਸਨ। ਜਰਨੈਲ ਸਾਹਿਬ ਬੜੇ ਉਤਸ਼ਾਹ ਨਾਲ ਸਮਾਜ ਸੇਵਾ ਵਿਚ ਹਿੱਸਾ ਲੈਂਦੇ ਸਨ ਤੇ ਇਕੱਤਰਤਾਵਾਂ ਵਿਚ ਬੜਾ ਜੋਸ਼ੀਲਾ ਭਾਸ਼ਣ ਵੀ ਕਰਦੇ ਸਨ। ਅਜਿਹੇ ਨੇਕ ਇਨਸਾਨ ਸਨ- ਜਰਨੈਲ ਸਾਹਿਬ।

੧੯੮੪ ਈ. ਵਿਚ ਭਾਰਤੀ ਫ਼ੌਜ ਵੱਲੋਂ ਸ੍ਰੀ ਅਕਾਲ ਤਖਤ ਸਾਹਿਬ ਦੇ ਢਾਹੇ ਜਾਣ ਅਤੇ ਸ੍ਰੀ ਹਰਿਮੰਦਰ ਸਾਹਿਬ ਦੇ ਸੀਨੇ ਵਿਚ ਗੋਲੀਆਂ ਦਾਗ਼ੇ ਜਾਣ ਕਾਰਨ ਨੌਜਵਾਨ ਸਿੱਖ ਫੌਜੀਆਂ ਵੱਲੋਂ ਧਾਰਮਿਕ ਜੋਸ਼ ਅਤੇ ਹਾਲਾਤ ਦੀ ਪੂਰੀ ਜਾਣਕਾਰੀ ਨਾ ਮਿਲਣ ਕਾਰਨ ਛਾਉਣੀਆਂ ਤੋਂ ਸ੍ਰੀ ਅੰਮ੍ਰਿਤਸਰ ਸਾਹਿਬ ਵੱਲ ਚੱਲਣ ਵਾਲੇ ਫ਼ੌਜੀਆਂ ਦੇ ਖ਼ਿਲਾਫ ਕੋਰਟ ਮਾਰਸ਼ਲ ਬਿਠਾਇਆ ਗਿਆ ਸੀ। ੧੯੮੫ ਈ. ਵਿਚ ਇਨ੍ਹਾਂ ਸਿੱਖ ਫੌਜੀਆਂ ਦੇ ਸਬੰਧ ਵਿਚ ਜਰਨਲ ਸਾਹਿਬ ਕੋਰਟ ਮਾਰਸ਼ਲ ਦੇ ਸਾਹਮਣੇ ਗਵਾਹੀ ਦੇਣ ਜਬਲਪੁਰ ਗਏ ਸਨ। ਉਨ੍ਹਾਂ ਦਾ ਬਿਆਨ ਅਖ਼ਬਾਰਾਂ ਵਿਚ ਛਪਿਆ ਸੀ। ਇਸ ਬਿਆਨ ਦੇ ਛਪਣ ਤੋਂ ਪਿੱਛੋਂ ਮਾਸਟਰ ਤਾਰਾ ਸਿੰਘ ਜੀ ਦੀ ਸਪੁੱਤਰੀ ਤੇ ਮੈਂਬਰ ਪਾਰਲੀਮੈਂਟ ਸਰਦਾਰਨੀ ਰਾਜਿੰਦਰ ਕੌਰ ਨੇ ਉਨ੍ਹਾਂ ਦੀ ਇੰਟਰਵਿਊ ਕੀਤੀ, ਜਿਸ ਵਿਚ ਉਨ੍ਹਾਂ ਨੇ ਸਿੱਖ ਫ਼ੌਜੀਆਂ ਦੀ ਹੱਦੋਂ ਵੱਧ ਪ੍ਰਸੰਸਾ ਕੀਤੀ ਹੈ ਤੇ ਬੈਰਕਾਂ ਛੱਡਣ ਵਾਲੇ ਫੌਜੀਆਂ ਨੂੰ ਦਲੀਲਾਂ ਸਹਿਤ ਬੇਗੁਨਾਹ ਸਾਬਤ ਕੀਤਾ ਹੈ। ਉਨ੍ਹਾਂ ਨੇ ਦੱਸਿਆ ਕਿ ਦੁਨੀਆ ਵਿਚ ਸਿੱਖ ਸਿਪਾਹੀ ਹੀ ਇਕ ਐਸਾ ਸਿਪਾਹੀ ਹੈ, ਜੋ ਅਫਸਰ ਦੇ ਸਾਹਮਣੇ ਹੋ ਕੇ ਉਸ ਨੂੰ ਬਚਾਉਣ ਹਿੱਤ ਖ਼ੁਦ ਗੋਲੀ ਖਾਂਦਾ ਹੈ। (ਇਸ ਤਰ੍ਹਾਂ ਦੇ ਭਾਵ ਕਈ ਅੰਗਰੇਜ਼ ਅਫ਼ਸਰਾਂ ਨੇ ਵੀ ਆਪਣੀਆਂ ਲਿਖਤਾਂ ਵਿਚ ਅੰਕਿਤ ਕੀਤੇ ਹਨ)। ਉਨ੍ਹਾਂ ਨੇ ਕਿਹਾ ਕਿ ਅਸੀਂ ਜਵਾਨਾਂ ਨੂੰ ਆਪਣੇ ਧਰਮ ਵਿਚ ਦ੍ਰਿੜ੍ਹ ਕਰ ਕੇ ਹੀ ਲੜਾਈ ਵਿਚ ਉਨ੍ਹਾਂ ਨੂੰ ਜਾਨ ਦੇਣ ਲਈ ਤਿਆਰ ਕਰਦੇ ਹਾਂ। ਜੇ ਉਨ੍ਹਾਂ ਦੇ ਧਰਮ ਅਸਥਾਨ ਉੱਤੇ ਹਮਲਾ ਹੋਵੇਗਾ ਤਾਂ ਉਨ੍ਹਾਂ ਨੂੰ ਬਰਦਾਸ਼ਤ ਨਹੀਂ ਹੋ ਸਕਦਾ। ਉਨ੍ਹਾਂ ਨੇ ਇਹ ਵੀ ਦੱਸਿਆ ਕਿ ਸਿੱਖ ਰੈਜੀਮੈਂਟ ਦਾ ਸਿੰਬਲ (ਚਿੰਨ੍ਹ) ਹੀ ਚੱਕਰ ਤੇ ਖੰਡਾ ਹੈ ਜੋ ਸਿੱਖ ਧਰਮ ਦਾ ਸਿੰਬਲ (ਚਿੰਨ੍ਹ) ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਸਿੱਖ ਫੌਜੀ ਸਹੁੰ ਚੁੱਕਦੇ ਹਨ। ਸਾਡੇ ਸਿੱਖ ਰੈਜੀਮੈਂਟ ਦੇ ਚਾਰ ਜੰਗੀ ਮੈਮੋਰੀਅਲ ਉੱਤੇ ਵੀ ਏਹੋ ਖੰਡਾ ਚੱਕਰ ਲੱਗਾ ਹੁੰਦਾ ਹੈ। ਅਸੀਂ ਨੌਜਵਾਨਾਂ ਨੂੰ ਅਪੀਲ ਹੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੇ ਖਾਲਸਾ ਪੰਥ ਦੇ ਨਾਂ ਉੱਤੇ ਕਰਦੇ ਹਾਂ ਅਤੇ ਲੜਾਈ ਜਿੱਤਣ ਲਈ ਉਨ੍ਹਾਂ ਨੂੰ ਜਾਨਾਂ ਕੁਰਬਾਨ ਕਰਨ ਲਈ ਪ੍ਰੇਰਦੇ ਹਾਂ।

ਜਨਰਲ ਹਰਬਖਸ਼ ਸਿੰਘ ਨੇ ਬੀਬੀ ਰਾਜਿੰਦਰ ਕੌਰ ਨੂੰ ਦੱਸਿਆ ਕਿ ਉਨ੍ਹਾਂ ਦਾ ਹੋ ਰਹੇ ਕੋਰਟ ਮਾਰਸ਼ਲ ਵਾਲਿਆਂ ਨੂੰ ਕਹਿਣਾ ਹੀ ਇਹ ਸੀ ਕਿ ਦੇਸ਼ ਦੇ ਫੌਜੀਆਂ ਲਈ ਵੱਖਰੇ-ਵੱਖਰੇ ਮਿਆਰ ਨਾ ਰੱਖੋ। ਜੋ ਅਫਸਰ ਅਤੇ ਫ਼ੌਜੀ ਫਰੰਟ ਤੋਂ ਆਪਣੀ ਡਿਊਟੀ

ਛੱਡ ਕੇ ਦੌੜੇ ਸਨ, ਉਨ੍ਹਾਂ ਨੂੰ ਤਾਂ ਕੋਈ ਸਜ਼ਾ ਨਹੀਂ ਦਿੱਤੀ ਗਈ ਸੀ। ਇਹ ਸਿੱਖ ਫ਼ੌਜ ਦੇ ਜਵਾਨ ਤਾਂ ਭੜਕੇ ਹੋਏ ਜਜ਼ਬਾਤਾਂ ਕਾਰਨ ਬੈਰਕਾਂ ਛੱਡ ਕੇ ਆਪਣੇ ਪਵਿੱਤਰ ਗੁਰਧਾਮ ਸ੍ਰੀ ਅੰਮ੍ਰਿਤਸਰ ਸਾਹਿਬ ਵੱਲ ਦੌੜੇ ਹਨ, ਜਦੋਂ ਕਿ ਉਹ ਅਫਸਰ ਜਿਨ੍ਹਾਂ ਨੂੰ ਉਹ ਆਪਣਾ ਮਾਈ-ਬਾਪ ਸਮਝਦੇ ਸਨ ਉਹ ਪਹਿਲਾਂ ਹੀ ਦੌੜ ਗਏ ਸਨ।

ਉਨ੍ਹਾਂ ਨੇ ਇਹ ਵੀ ਮਹਿਸੂਸ ਕੀਤਾ ਕਿ ਕੋਰਟ ਮਾਰਸ਼ਲ ਵੱਲੋਂ ਸਿੱਖ ਫ਼ੌਜੀਆਂ ਨਾਲ ਇਨਸਾਫ ਨਹੀਂ ਕੀਤਾ ਜਾ ਰਿਹਾ। ਉਨ੍ਹਾਂ ਨੇ ਕੋਰਟ ਮਾਰਸ਼ਲ ਕਰ ਰਹੇ ਜੱਜਾਂ ਨੂੰ ਕਿਹਾ ਕਿ ਕੋਰਟ ਮਾਰਸ਼ਲ ਵਾਲੇ ਸਿਰਫ ਜੱਜ ਹੀ ਨਹੀਂ ਸਗੋਂ ਜੂਰੀ ਵੀ ਹੁੰਦੇ ਹਨ, ਜਿਨ੍ਹਾਂ ਨੇ ਮੁਲਜ਼ਮ ਦਾ ਭਲਾ ਵੀ ਸੋਚਣਾ ਹੁੰਦਾ ਹੈ ਤੇ ਇਨਸਾਨੀ ਨਾਤੇ ਫੈਸਲਾ ਦੇਣਾ ਹੁੰਦਾ ਹੈ, ਪਰ ਇਨ੍ਹਾਂ ਫੌਜੀਆਂ ਨਾਲ ਹੋਰ ਹੀ ਸਲੂਕ ਕੀਤਾ ਗਿਆ ਹੈ। ਬਗ਼ਾਵਤ ਦਾ ਕੇਸ ਇਨ੍ਹਾਂ ਵਿਰੁੱਧ ਬਣਦਾ ਹੀ ਨਹੀਂ ਤੇ ਦੂਜੇ ਕੇਸ ਯੂਨਿਟ 'ਚੋਂ ਛੁੱਟੀ ਬਿਨ੍ਹਾਂ ਚਲੇ ਜਾਣ ਦੀ ਸਜ਼ਾ ਕੋਈ ਖਾਸ ਨਹੀਂ, ਇਸੇ ਕਰਕੇ ਮੈਂ ਤਾਂ ਕਹਿੰਦਾ ਹਾਂ ਕਿ ਇਨ੍ਹਾਂ ਫੌਜੀਆਂ ਦੇ ਘੱਟ ਕਸੂਰ ਦੇ ਬਾਵਜੂਦ ਇਨ੍ਹਾਂ ਨੂੰ ਵੱਧ ਸਜ਼ਾ ਦਿੱਤੀ ਜਾ ਰਹੀ ਹੈ।

ਜੰਗ ਦੇ ਖੇਤਰ ਵਿਚ ਤਾਂ ਜਰਨੈਲ ਸਾਹਿਬ ਦਾ ਸਿਰ ਪਹਿਲਾਂ ਹੀ ਮਾਣ ਨਾਲ ਉੱਚਾ ਸੀ, ਪਰ ਇਸ ਸ਼ੁੱਭ ਕਰਮ (ਸੁਭ ਕਰਮਨ ਤੇ ਕਬਹੂੰ ਨ ਟਰੋਂ) ਨਾਲ ਧਰਮ ਦੇ ਖੇਤਰ ਵਿਚ ਵੀ ਉਨ੍ਹਾਂ ਦਾ ਕੱਦ ਹੋਰ ਉੱਚਾ ਹੋਇਆ ਹੈ। ਸਾਡੇ ਨੌਜਵਾਨਾਂ ਨੂੰ ਅਜਿਹੀਆਂ ਹੀ ਕੱਦਾਵਾਰ ਅਤੇ ਅਜ਼ੀਮ ਸ਼ਖ਼ਸੀਅਤਾਂ ਨੂੰ ਆਪਣੇ ਆਦਰਸ਼ ਬਣਾਉਣਾ ਚਾਹੀਦਾ ਹੈ।

ਜਰਨਲ ਹਰਬਖਸ਼ ਸਿੰਘ ਦੇ ਦੋ ਪੁੱਤਰੀਆਂ ਹੀ ਸਨ। ਬੇਟਾ ਨਹੀਂ ਸੀ। ਉਨ੍ਹਾਂ ਨੇ ਆਪਣੀਆਂ ਪੁੱਤਰੀਆਂ ਨੂੰ ਪੁੱਤਰਾਂ ਨਾਲੋਂ ਵੀ ਵੱਧ ਪਿਆਰ ਅਤੇ ਸਤਿਕਾਰ ਦਿੱਤਾ ਅਤੇ ਇਸ ਪੱਖੋਂ ਵੀ ਅੱਜ ਜਦੋਂ ਕਮਲੇ ਲੋਕ ਕੁੱਖਾਂ ਵਿਚ ਲੜਕੀਆਂ ਨੂੰ ਮਾਰ ਰਹੇ ਹਨ, ਜਰਨਲ ਹਰਬਖਸ਼ ਸਿੰਘ ਸਾਡੇ ਸਮਾਜ ਲਈ ਇਕ ਮਿਸਾਲ ਅਤੇ ਰੋਲ-ਮਾਡਲ ਬਣੇ ਰਹਿਣਗੇ।

ਅੰਤ ਕਈ ਮਹੀਨੇ ਬੀਮਾਰੀ ਨਾਲ ਫ਼ੌਜੀ ਹਸਪਤਾਲ ਵਿਚ ਜੂਝਦਾ ਇਹ ਮਹਾਨ ਜੰਗਾਂ-ਯੁੱਧਾਂ ਦੇ ਜੇਤੂ ਅਤੇ ਵਿਲੱਖਣ ਜਰਨੈਲ ਸਰਦਾਰ ਹਰਬਖਸ਼ ਸਿੰਘ ਆਪਣੇ ਦੇਸ਼ ਅਤੇ ਕੌਮ ਦੀ ਚੜ੍ਹਦੀ ਕਲਾ ਅਤੇ ਉੱਜਲ ਭਵਿੱਖ ਲਈ ਅਰਦਾਸਾਂ ਕਰਦਾ ਹੋਇਆ ੨੨-੧੧-੧੯੯੯ ਨੂੰ ਗੁਰੂ-ਚਰਨਾਂ ਵਿਚ ਜਾ ਬਿਰਾਜਿਆ।

ਜਰਨਲ ਹਰਬਖਸ਼ ਸਿੰਘ ਉੱਤੇ ਦੇਸ਼ ਅਤੇ ਖਾਸ ਕਰਕੇ ਪੰਜਾਬ ਅਤੇ ਸਮੁੱਚੀ ਸਿੱਖ ਕੌਮ ਨੂੰ ਹਮੇਸ਼ਾਂ-ਹਮੇਸ਼ਾਂ ਮਾਣ ਰਹੇਗਾ। ਦੁਸ਼ਮਣ ਉਸ ਵੱਲੋਂ ਦਿਖਾਏ ਜੋਹਰ ਨੂੰ ਸਦਾ ਯਾਦ ਰੱਖੇਗਾ ਅਤੇ ਉਹ ਭਾਰਤੀ ਫ਼ੌਜ ਲਈ ਹਮੇਸ਼ਾ ਇਕ ਚਾਨਣ-ਮੁਨਾਰੇ ਦਾ ਕੰਮ ਕਰਦੇ ਰਹਿਣਗੇ।

*ਚਲਦਾ . . .*

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਹਿਲਾ ਪ੍ਰਕਾਸ਼ ਦਿਵਸ

*-ਸ. ਭੁਪਿੰਦਰਪਾਲ ਸਿੰਘ 'ਚੜੀ'**

ਬਾਣੀ ਕੇ ਬੋਹਿਥ, ਸ਼ਾਂਤੀ ਦੇ ਸੋਮੇ ਅਤੇ ਸ਼ਹੀਦਾਂ ਦੇ ਸਿਰਤਾਜ ਸ੍ਰੀ ਗੁਰੂ ਅਰਜਨ ਦੇਵ ਜੀ ਨੇ ੧੫੮੮ ਈ. ਵਿਚ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਦਰਬਾਰ ਸਾਹਿਬ ਦੀ ਸੰਪੂਰਨਤਾ ਉਪਰੰਤ ਦੂਰ-ਅੰਦੇਸ਼ੀ ਨਾਲ ਵੇਖਿਆ ਕਿ ਸੰਸਾਰ ਵਿਚ ਹਰ ਧਰਮ ਦਾ ਆਪਣਾ ਧਾਰਮਿਕ ਗ੍ਰੰਥ ਹੈ। ਕਿਸੇ ਧਰਮ ਦੀ ਸਥਿਰਤਾ ਲਈ ਧਾਰਮਿਕ ਗ੍ਰੰਥ ਦਾ ਹੋਣਾ ਬਹੁਤ ਜ਼ਰੂਰੀ ਹੈ। ਇਸ ਲਈ ਉਨ੍ਹਾਂ ਨੇ ਇਕ ਰੂਹਾਨੀ ਧਾਰਮਿਕ ਗ੍ਰੰਥ ਤਿਆਰ ਕਰਨ ਦਾ ਮਨ ਬਣਾਇਆ, ਜੋ ਸਰਬ-ਸਾਂਝੀਵਾਲਤਾ ਦਾ ਪ੍ਰਤੀਕ ਹੋਵੇ, ਸਮੁੱਚੀ ਮਾਨਵਤਾ ਨੂੰ ਆਪਸੀ ਭਾਈਚਾਰੇ, ਧਰਮ ਅਤੇ ਹਲੀਮੀ ਦਾ ਸੰਦੇਸ਼ ਦੇਵੇ।

ਸ੍ਰੀ ਗੁਰੂ ਗ੍ਰੰਥ ਸਾਹਿਬ ਬਾਬਤ ਸਰੂਪ ਦਾਸ ਜੀ ਭੱਲਾ ਲਿਖਦੇ ਹਨ:

*ਏਕ ਦਿਵਸ ਪ੍ਰਭ ਪ੍ਰਾਤਹਕਾਲ। ਦਯਾ ਕਰੇ ਪ੍ਰਭ ਦੀਨ ਦਯਾਲ।*
*ਯੇ ਮਨ ਉਪਜੀ ਪ੍ਰਗਟਿਓ ਜਗ ਪੰਥ। ਤਿਹ ਕਾਰਨ ਕੀਜੈ ਅਬ ਗ੍ਰੰਥ।*

*(ਮਹਿਮਾ ਪ੍ਰਕਾਸ਼)*

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਆਪਣੀ ਅਤੇ ਆਪਣੇ ਤੋਂ ਪਹਿਲੇ ਗੁਰੂ ਸਾਹਿਬਾਨ, ਭਗਤ ਸਾਹਿਬਾਨ, ਭੱਟ ਸਾਹਿਬਾਨ ਅਤੇ ਗੁਰੂ-ਘਰ ਵੱਲੋਂ ਬਖਸ਼ਿਸ਼ਾਂ ਪ੍ਰਾਪਤ ਗੁਰਸਿੱਖਾਂ ਦੀ ਬਾਣੀ ਪਹਿਲਾਂ ਇਕੱਤਰ ਕੀਤੀ ਅਤੇ ਫਿਰ ਸਮੁੱਚੀ ਬਾਣੀ ਨੂੰ ਰਾਗਾਂ ਵਿਚ ਤਰਤੀਬ ਦੇ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਰੂਪ ਵਿਚ ਸੰਪਾਦਿਤ ਕੀਤਾ।

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਦਾ ਇਹ ਪਵਿੱਤਰ ਕਾਰਜ ਰਮਣੀਕ ਅਤੇ ਪਵਿੱਤਰ ਸਥਾਨ ਗੁਰਦੁਆਰਾ ਸ੍ਰੀ ਰਾਮਸਰ ਸਾਹਿਬ, ਸ੍ਰੀ ਅੰਮ੍ਰਿਤਸਰ ਵਿਖੇ ਬੈਠ ਕੇ ਕੀਤਾ। ਕਲਮਬੰਦ ਕਰਨ ਦੀ ਸੇਵਾ ਭਾਈ ਗੁਰਦਾਸ ਜੀ ਨੂੰ ਸੌਂਪੀ ਗਈ। ਇਸ ਪਵਿੱਤਰ ਗ੍ਰੰਥ ਦੀ ਸੰਪਾਦਨਾ ਦਾ ਕੰਮ ੧੬੦੧ ਈ. ਨੂੰ ਅਰੰਭ ਕਰ ਕੇ ੧੬੦੪ ਈ. ਨੂੰ ਸੰਪੂਰਨ ਕੀਤਾ ਗਿਆ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਾਨਵ ਸਮਾਜ ਦੇ ਸਰਬਪੱਖੀ ਕਲਿਆਣ ਲਈ ਅਕਾਲ ਪੁਰਖ ਦਾ ਇਕ ਇਲਾਹੀ ਤੋਹਫਾ ਅਤੇ ਸਮੁੱਚੇ ਮੋਤੀਆਂ ਦਾ ਭਰਪੂਰ ਖਜ਼ਾਨਾ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਜਿੱਥੇ (ਆਪਣੇ ਸਮੇਤ) ਛੇ ਗੁਰੂ ਸਾਹਿਬਾਨ ਦੀ ਬਾਣੀ ਦਰਜ ਕੀਤੀ, ਉੱਥੇ ਹਿੰਦੁਸਤਾਨ ਦੇ ਵੱਖ-ਵੱਖ ਇਲਾਕਿਆਂ ਵਿਚ ਅਕਾਲ ਪੁਰਖ ਦੀ ਅਰਾਧਨਾ ਕਰਨ ਵਾਲੇ ਉਨ੍ਹਾਂ ੧੫ ਭਗਤ ਜਨਾਂ ਦੀ ਬਾਣੀ ਵੀ ਦਰਜ ਕੀਤੀ, ਜਿਨ੍ਹਾਂ ਨੇ ਸਮੁੱਚੀ ਮਾਨਵਤਾ ਨੂੰ ਸ਼ਾਂਤੀ, ਆਪਸੀ ਭਾਈਚਾਰੇ, ਨਿਮਰਤਾ, ਹਲੀਮੀ, ਸੇਵਾ ਤੇ ਸਿਮਰਨ ਦਾ ਸੰਦੇਸ਼ ਦੇ ਕੇ ਧਰਮ ਦੇ ਮਾਰਗ 'ਤੇ ਚੱਲਣ ਦੀ ਪ੍ਰੇਰਨਾ ਦਿੱਤੀ। ਇਸੇ ਤਰ੍ਹਾਂ ੧੧ ਭੱਟ ਸਾਹਿਬਾਨ ਅਤੇ

*ਸਾਬਕਾ ਐਡੀਸ਼ਨਲ ਸਕੱਤਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਸਾਹਿਬ।
ਮੋ: +੯੧੯੮੭੨੫-੭੭੭੨੩

ਗੁਰੂ-ਘਰ ਵੱਲੋਂ ਬਖਸ਼ਿਸ਼ਾਂ ਪ੍ਰਾਪਤ ਗੁਰਸਿੱਖਾਂ ਦੀ ਬਾਣੀ ਦਰਜ ਕੀਤੀ। ਇਸ ਤਰ੍ਹਾਂ ਸਪਸ਼ਟ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਇੱਕ ਖਿੱਤੇ ਜਾਂ ਇੱਕ ਧਰਮ ਦੇ ਨਹੀਂ ਸਗੋਂ ਸਮੁੱਚੀ ਮਾਨਵਤਾ ਨੂੰ ਏਕਤਾ ਤੇ ਵਿਸ਼ਵ-ਸ਼ਾਂਤੀ ਦਾ ਉਪਦੇਸ਼ ਦੇਣ ਵਾਲੇ ਸਭ ਦੇ ਸਾਂਝੇ ਹਨ। ਇਵੇਂ ਅਨੁਭਵ ਹੁੰਦਾ ਹੈ ਕਿ ਇਸ ਪਾਵਨ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚਲੇ ਬਾਣੀਕਾਰ ਅਧਿਆਤਮਕ ਉਪਦੇਸ਼ ਦਾ ਸੰਚਾਰ ਕਰਨ ਹਿੱਤ ਸਮੁੱਚੀ ਮਾਨਵ ਜਾਤੀ ਨੂੰ ਕਲਿਆਣਮਈ ਪ੍ਰਵਚਨਾਂ ਰਾਹੀਂ ਆਤਮਿਕ ਉੱਚਤਾ ਤੇ ਇਖਲਾਕੀ ਪ੍ਰਪੱਕਤਾ ਦਾ ਸੰਦੇਸ਼ ਦੇ ਰਹੇ ਹੋਣ।

ਇਸ ਪਾਵਨ ਗ੍ਰੰਥ ਦੀ ਜਿਲਦਬੰਦੀ ਲਈ ਭਾਈ ਬੰਨੋ ਜੀ ਨੂੰ ਲਾਹੌਰ ਭੇਜਿਆ ਗਿਆ। ਇਹ ਸਾਰਾ ਸ਼ੁੱਭ ਕਾਰਜ ਸੰਪੂਰਨ ਹੋਣ 'ਤੇ ਇਸ ਪਾਵਨ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਬਾਬਾ ਬੁੱਢਾ ਜੀ ਨੇ ਆਪਣੇ ਸੀਸ 'ਤੇ ਸੁਭਾਇਮਾਨ ਕਰ ਕੇ ਗੁਰਦੁਆਰਾ ਰਾਮਸਰ ਸਾਹਿਬ, ਸ੍ਰੀ ਅੰਮ੍ਰਿਤਸਰ ਦੇ ਸਥਾਨ ਤੋਂ ਇਕ ਨਗਰ ਕੀਰਤਨ ਦੇ ਰੂਪ ਵਿਚ ਨਰਸਿੰਘਿਆਂ ਵਾਜਿਆਂ ਦੀ ਘਨਕੋਰ ਵਿਚ ਸੰਗਤਾਂ ਦੀ ਭਾਰੀ ਗਿਣਤੀ ਸਹਿਤ ਸ਼ਹਿਰ ਵਿੱਚੋਂ ਦੀ ਲੰਘਦਿਆਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਬਿਰਾਜਮਾਨ ਕੀਤਾ। ਸਾਰੇ ਰਸਤੇ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਚੌਰ ਸਾਹਿਬ ਦੀ ਸੇਵਾ ਕਰਦੇ ਰਹੇ। ਰਸਤੇ ਵਿਚ ਸੰਗਤਾਂ ਰਸ-ਭਿੰਨੀ ਸੁਰ ਵਿਚ ਗੁਰੂ ਜਸ ਕਰਦੀਆਂ ਆਨੰਦਿਤ ਹੋ ਰਹੀਆਂ ਸਨ। ਇਸ ਨਗਰ ਕੀਰਤਨ ਸਮੇਂ ਸੰਗਤਾਂ ਦੀ ਸ਼ਰਧਾ ਤੇ ਵਿਸਮਾਦੀ ਚਾਅ ਰੁਹਾਨੀ ਮੰਡਲ ਸਿਰਜ ਰਿਹਾ ਸੀ। ਇਸ ਤਰ੍ਹਾਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ ਸਾਹਿਬ ਜੀ ਵਿਖੇ ਭਾਦਰੋਂ ਸੁਦੀ ਏਕਮ ੧੬੦੪ ਈ. ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਹਿਲਾ ਪ੍ਰਕਾਸ਼ ਕੀਤਾ ਗਿਆ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਬਾਬਾ ਬੁੱਢਾ ਜੀ ਨੂੰ ਕਿਹਾ:-

*ਬੁੱਢਾ ਜੀ ਅਬ ਖੋਲਹੁ ਗ੍ਰੰਥ। ਲੇਹੁ ਅਵਾਜ ਸੁਨਹਿ ਸਭ ਪੰਥ।*
*ਸੁਨਿ ਗੁਰ ਬਚਨ ਰੁਚਿਰ ਮਨ ਲਾਇਕ। ਸੱਤ ਵਾਕ ਮੁਖ ਜਲਧ ਅਲਾਇਕ।*
*ਅਦਬ ਸੰਗ ਤਬਿ ਗ੍ਰੰਥ ਸੋ ਖੋਲਾ। ਲੈ ਅਵਾਜ ਬੁੱਢਾ ਮੁਖਿ ਬੋਲਾ।*

*(ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ)*

ਬਾਬਾ ਬੁੱਢਾ ਜੀ ਨੇ ਅਦਬ-ਸਤਿਕਾਰ ਸਹਿਤ ਪਹਿਲਾ ਪ੍ਰਕਾਸ਼ ਕੀਤਾ। ਪਹਿਲਾ ਪਾਵਨ ਮੁੱਖਵਾਕ ਜੋ ਆਇਆ ਉਹ ਸੀ:

*ਸੂਹੀ ਮਹਲਾ ੫॥*
*ਸੰਤਾ ਕੇ ਕਾਰਜਿ ਆਪਿ ਖਲੋਇਆ ਹਰਿ ਕੰਮੁ ਕਰਾਵਣਿ ਆਇਆ ਰਾਮ॥*
*ਧਰਤਿ ਸੁਹਾਵੀ ਤਾਲੁ ਸੁਹਾਵਾ ਵਿਚਿ ਅੰਮ੍ਰਿਤ ਜਲੁ ਛਾਇਆ ਰਾਮ॥*

*(ਪੰਨਾ ੭੮੩)*

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਬਾਬਾ ਬੁੱਢਾ ਸਾਹਿਬ ਜੀ ਨੂੰ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ ਸਾਹਿਬ ਦਾ ਪਹਿਲਾ ਮੁੱਖ ਗ੍ਰੰਥੀ ਥਾਪਿਆ।

ਪਹਿਲੇ ਪ੍ਰਕਾਸ਼ ਦੇ ਦਿਨ ਤੋਂ ਹੀ ਇਸ ਮਹਾਨ ਪਵਿੱਤਰ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸ੍ਰੀ ਹਰਿਮੰਦਰ ਸਾਹਿਬ ਜੀ ਵਿਖੇ ਅੰਮ੍ਰਿਤ ਵੇਲੇ ਹਰ ਰੋਜ਼ ਅਦਬ

ਸਤਿਕਾਰ ਸਹਿਤ ਪ੍ਰਕਾਸ਼ ਕੀਤਾ ਜਾਂਦਾ ਹੈ ਅਤੇ ਮੁੱਖਵਾਕ ਲਿਆ ਜਾਂਦਾ ਹੈ। ਗੁਰੂ ਸਾਹਿਬ ਵੱਲੋਂ ਗੁਰਬਾਣੀ ਦੇ ਕੀਰਤਨ ਪ੍ਰਵਾਹ ਸਦਕਾ ਸ੍ਰੀ ਹਰਿਮੰਦਰ ਸਾਹਿਬ ਜੀ ਵਿਖੇ ਇਕ ਰੂਹਾਨੀ ਵਾਤਾਵਰਨ ਸਿਰਜਿਆ ਗਿਆ। ਦੂਰ-ਦੁਰਾਡੇ ਤੋਂ ਸੰਗਤਾਂ ਸ੍ਰੀ ਦਰਬਾਰ ਸਾਹਿਬ ਅੰਦਰ ਸੁਭਾਇਮਾਨ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਦਰਸ਼ਨਾਂ ਲਈ ਰੋਜ਼ਾਨਾ ਆਉਣ ਲੱਗ ਪਈਆਂ। ਸ਼ਾਮ ਵੇਲੇ ਸੰਗਤਾਂ ਇਸ ਮਹਾਨ ਪਵਿੱਤਰ ਗ੍ਰੰਥ ਨੂੰ ਸੀਸ 'ਤੇ ਬਿਰਾਜਮਾਨ ਕਰ ਕੇ ਸਤਿਕਾਰ ਤੇ ਅਦਬ ਸਹਿਤ ਸੁਖ-ਆਸਣ ਸਥਾਨ 'ਤੇ ਛੱਡ ਕੇ ਆਉਂਦੀਆਂ, ਇਹੋ ਪਰੰਪਰਾ ਹੁਣ ਤਕ ਚੱਲੀ ਆ ਰਹੀ ਹੈ।

੧੭੦੬ ਈ. ਵਿਚ ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਤਲਵੰਡੀ ਸਾਬੋ ਦੇ ਸਥਾਨ 'ਤੇ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਵਿਚ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ੫੭ ਸ਼ਬਦ ਅਤੇ ੫੯ ਸਲੋਕ ਭਾਈ ਮਨੀ ਸਿੰਘ ਜੀ ਪਾਸੋਂ ਦਰਜ ਕਰਵਾਏ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਸ ਸੰਸਾਰਕ ਯਾਤਰਾ ਸੰਪੂਰਨ ਕਰਦਿਆਂ ਜੋਤੀ ਜੋਤਿ ਸਮਾਉਣ ਤੋਂ ਪਹਿਲਾਂ ਨਾਂਦੇੜ ਸ੍ਰੀ ਹਜ਼ੂਰ ਸਾਹਿਬ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜ ਲਾਇਆ। ਉਸ ਸਮੇਂ ਸੰਗਤਾਂ ਵਿਚ ਮੌਜੂਦ ਭਾਈ ਨਰਬਦ ਸਿੰਘ ਭੱਟ ਨੇ 'ਭੱਟ ਵਹੀ ਤਲਾਉਂਡਾ ਪ੍ਰਗਨਾ ਜੀਂਦ' ਵਿਚ ਜ਼ਿਕਰ ਕੀਤਾ ਹੈ:

*"ਦਯਾ ਸਿੰਘ ਸੇ ਬਚਨ ਹੋਆ ਸ੍ਰੀ ਗ੍ਰੰਥ ਸਾਹਿਬ ਲੈ ਆਓ।*
*ਬਚਨ ਪਾਇ ਦਯਾ ਸਿੰਘ ਗ੍ਰੰਥ ਸਾਹਿਬ ਲੇ ਆਏ।". . .*
*"ਸਰਬਤ ਸੰਗਤ ਸੇ ਕਹਾ ਮੇਰਾ ਹੁਕਮ ਹੈ-ਮੇਰੀ ਜਗਾ ਸ੍ਰੀ (ਗੁਰੂ) ਗ੍ਰੰਥ ਸਾਹਿਬ ਕੋ ਜਾਨਨਾ।*
*ਜੋ ਸਿਖ ਜਾਨੇਗਾ ਤਿਸ ਕੀ ਘਾਲ ਥਾਂਇ ਪਏਗੀ ਗੁਰੂ ਤਿਸ ਦੀ ਬਹੁੜੀ ਕਰੇਗਾ"*

ਇਸ ਤਰ੍ਹਾਂ ਸੰਨ ੧੭੦੮ ਈ. ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਨਾਂਦੇੜ ਦੀ ਪਵਿੱਤਰ ਧਰਤੀ 'ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਗੁਰਿਆਈ ਬਖਸ਼ ਦਿੱਤੀ ਤੇ ਆਪਣੇ ਪਿਆਰੇ ਸਿੱਖਾਂ ਨੂੰ ਜੁਗੋ ਜੁਗ ਅਟੱਲ ਗੁਰੂ, ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਗੁਰੂ ਮੰਨਣ ਦਾ ਹੁਕਮ ਕੀਤਾ:

*ਆਗਿਆ ਭਈ ਅਕਾਲ ਕੀ ਤਬੈ ਚਲਾਯੋ ਪੰਥ।*
*ਸਭ ਸਿੱਖਨ ਕੋ ਹੁਕਮ ਹੈ ਗੁਰੂ ਮਾਨਿਓ ਗ੍ਰੰਥ।* *(ਗਿਆਨੀ ਗਿਆਨ ਸਿੰਘ)*

ਇਸ ਉਪਰੰਤ ਭਾਈ ਦਇਆ ਸਿੰਘ ਜੀ ਨੇ ਮੁੱਖਵਾਕ ਸਾਹਿਬ ਲਿਆ:

*ਮਾਰੂ ਮਹਲਾ ੫ ॥*
*ਖੁਲਿਆ ਕਰਮੁ ਕ੍ਰਿਪਾ ਭਈ ਠਾਕੁਰ ਕੀਰਤਨੁ ਹਰਿ ਹਰਿ ਗਾਈ॥*
*ਸ੍ਰਮੁ ਥਾਕਾ ਪਾਏ ਬਿਸ੍ਰਾਮਾ ਮਿਟਿ ਗਈ ਸਗਲੀ ਧਾਈ॥* *(ਪੰਨਾ ੧੦੦੦)*

ਦਸਮੇਸ਼ ਪਿਤਾ ਜੀ ਵੱਲੋਂ ਕੀਤੇ ਹੁਕਮ ਅਨੁਸਾਰ ਹਰ ਸਿੱਖ ਲਈ 'ਸ਼ਬਦ ਗੁਰੂ' ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਜੁਗੋ ਜੁਗ ਅਟੱਲ ਗੁਰੂ ਹਨ। ਗੁਰਸਿੱਖ ਨੇ ਹਰ ਤਰ੍ਹਾਂ ਦੀਆਂ ਅਧਿਆਤਮਕ, ਆਤਮਿਕ ਤੇ ਮਾਨਸਿਕ ਲੋੜਾਂ ਸ਼ਬਦ ਗੁਰੂ ਪਾਸੋਂ ਪ੍ਰਾਪਤ ਕਰਨੀਆਂ ਹਨ। ਇਸ ਤਰ੍ਹਾਂ ਸਰਬ-ਸ਼ਕਤੀਮਾਨ ਅਕਾਲ ਪੁਰਖ ਦਾ ਅਦੁੱਤੀ ਸਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਸਕਾਰਤਾ ਦਾ ਰੂਪ ਧਾਰਨ ਕਰ ਸਕਿਆ, ਜਿਸ ਨਾਲ ਦੁਨੀਆ ਭਰ ਦਾ ਧਾਰਮਿਕ ਵਾਤਾਵਰਨ ਰੁਸ਼ਨਾ ਗਿਆ। ■

# ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੱਭਿਆਚਾਰਕ ਚੇਤਨਾ

*-ਡਾ. ਜਸਵਿੰਦਰ ਸਿੰਘ**

ਸੱਭਿਆਚਾਰ ਇਕ ਅਜਿਹਾ ਦਰਪਣ ਹੈ, ਜਿਸ ਵਿਚ ਅਸੀਂ ਕਿਸੇ ਕੌਮ ਦੀ ਸਮੁੱਚੀ ਨੁਹਾਰ ਵੇਖ ਸਕਦੇ ਹਾਂ। ਕਿਸੇ ਕੌਮ ਦੀ ਸਮਾਜਿਕ, ਰਾਜਨੀਤਕ, ਆਰਥਿਕ ਤੇ ਮਾਨਸਿਕ ਅਮੀਰੀ ਦਾ ਪ੍ਰਤੀਬਿੰਬ ਉਸ ਦੀ ਸੱਭਿਆਚਾਰਕ ਸਥਿਤੀ ਤੋਂ ਗਿਆਤ ਕਰ ਸਕਦੇ ਹਾਂ। ਸੱਭਿਆਚਾਰ ਮਨੁੱਖ ਜਾਤੀ ਦਾ ਸਮਾਜਿਕ ਵਿਰਸਾ ਹੈ। ਕਿਸੇ ਵੀ ਸਮਾਜਿਕ ਸੰਗਠਨ ਦਾ ਅਧਿਐਨ ਕਰਨ ਲਈ ਉਸ ਸਮਾਜ ਦੇ ਸੱਭਿਆਚਾਰ ਨੂੰ ਪੂਰਨ ਦ੍ਰਿਸ਼ਟੀ ਨਾਲ ਵੇਖਣਾ ਪੈਂਦਾ ਹੈ। ਸੱਭਿਆਚਾਰ ਇਕ ਅਜਿਹਾ ਸ਼ਬਦ ਹੈ, ਜਿਸ ਦਾ ਪ੍ਰਯੋਗ ਪੜ੍ਹੇ-ਲਿਖੇ ਸਭਿਅਕ ਲੋਕ ਕਰਦੇ ਹਨ। ਹਰੇਕ ਸਮਾਜ ਵਿਚ ਸਭਿਅਕ ਮਨੁੱਖ ਦੀ ਹੀ ਕਦਰ ਹੁੰਦੀ ਹੈ।

ਸੱਭਿਆਚਾਰ ਦੇ ਸ਼ਬਦੀ ਅਰਥ ਸੱਭਿਆ + ਆਚਾਰ ਹਨ। ਸੱਭਿਆ ਦਾ ਅਰਥ ਹੈ- ਸੁਲਝਇਆ ਹੋਇਆ ਅਤੇ ਆਚਾਰ ਦਾ ਅਰਥ ਹੈ- ਆਚਰਨ, ਭਾਵ ਸੁਲਝਿਆ ਆਚਰਨ ਹੀ ਸੱਭਿਆਚਾਰ ਹੈ। ਹਿੰਦੀ ਭਾਸ਼ਾ ਵਿਚ ਇਸ ਨੂੰ 'ਸੰਸਕ੍ਰਿਤੀ' ਕਿਹਾ ਜਾਂਦਾ ਹੈ। ਸ਼ਬਦ 'ਸੰਸਕ੍ਰਿਤੀ' ਸੁਧਰੀ, ਸੰਵਾਰੀ, ਉਚੇਰੀ, ਅਵਸਥਾ ਵੱਲ ਸੰਕੇਤ ਕਰਦਾ ਹੈ। ਅੰਗਰੇਜ਼ੀ ਭਾਸ਼ਾ ਵਿਚ ਇਸ ਨੂੰ 'ਕਲਚਰ' (Culture) ਕਿਹਾ ਜਾਂਦਾ ਹੈ। ਸ਼ਬਦ 'ਕਲਚਰ' ਪਾਲਣਾ, ਪੋਸ਼ਣਾ ਤੇ ਸਾਧਨਾ ਨਾਲ ਸੰਬੰਧਿਤ ਹੈ।

ਹਰ ਸਮਾਜ ਦਾ ਆਪੋ-ਆਪਣਾ ਜੀਵਨ ਢੰਗ ਹੁੰਦਾ ਹੈ, ਜਿਸ ਨੂੰ ਸੱਭਿਆਚਾਰ ਕਿਹਾ ਜਾਂਦਾ ਹੈ। ਸੱਭਿਆਚਾਰ ਉਸ ਸਮਾਜ ਦੇ ਕੰਮ, ਸੋਚ, ਕ੍ਰਿਆ ਤੇ ਭਾਵਨਾ ਨੂੰ ਸਪਸ਼ਟ ਕਰਦਾ ਹੈ। ਸੱਭਿਆਚਾਰ ਵਿਕਾਸ ਕਰਦਾ ਹੈ ਅਤੇ ਇਸ ਵਿਕਾਸ ਪਿੱਛੇ ਉਸ ਸਮਾਜ ਦਾ ਹਜ਼ਾਰਾਂ ਸਾਲਾਂ ਦਾ ਇਤਿਹਾਸ ਤੇ ਜੀਵਨ ਤਜ਼ਰਬਾ ਹੁੰਦਾ ਹੈ। ਸਾਨੂੰ ਸੱਭਿਆਚਾਰ ਦੀਆਂ ਕੁਝ ਪਰਿਭਾਸ਼ਾਵਾਂ ਦਾ ਅਧਿਐਨ ਕਰਨਾ ਲਾਭਦਾਇਕ ਸਿੱਧ ਹੋਵੇਗਾ। ਸਭ ਤੋਂ ਪਹਿਲਾਂ ਸਮਾਜ ਵਿਗਿਆਨੀ ਈ.ਬੀ. ਟੇਲਰ ਵੱਲੋਂ ਸੱਭਿਆਚਾਰ ਦੀ ਪਰਿਭਾਸ਼ਾ ਵੇਖਾਂਗੇ:

"ਸੱਭਿਆਚਾਰ ਜਾਂ ਸੱਭਿਅਤਾ ਉਹ ਜਟਿੱਲ ਇਕਾਈ ਹੈ, ਜਿਸ ਵਿਚ ਗਿਆਨ ਵਿਸ਼ਵਾਸ, ਕਲਾ, ਨੀਤੀ, ਨਿਯਮ, ਰਿਵਾਜ ਅਤੇ ਹੋਰ ਯੋਗਤਾਵਾਂ ਰਹਿੰਦੀਆਂ ਹਨ ਅਤੇ ਸਮਾਜ ਦਾ ਮੈਂਬਰ ਹੋਣ ਦੇ ਨਾਤੇ ਮਨੁੱਖ ਹਮੇਸ਼ਾ ਗ੍ਰਹਿਣ ਕਰਦਾ ਰਹਿੰਦਾ ਹੈ।"

ਸੱਭਿਆਚਾਰ, ਗਿਆਨ, ਵਿਸ਼ਵਾਸ, ਕਲਾ, ਨੈਤਿਕਤਾ, ਕਾਨੂੰਨ ਅਤੇ ਰਿਵਾਜਾਂ ਆਦਿ ਦਾ ਸੰਗ੍ਰਹਿ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੱਭਿਆਚਾਰਕ ਚੇਤਨਾ ਦੇ ਬਹੁਤ ਸਾਰੇ ਪੱਖ ਮਿਲਦੇ

*ਸ੍ਰੀ ਗੁਰੂ ਅੰਗਦ ਦੇਵ ਇੰਸਟੀਚਿਊਟ ਆਫ਼ ਰਿਲੀਜੀਅਸ ਸਟੱਡੀਜ਼, ਨਿਸ਼ਾਨ-ਏ-ਸਿੱਖੀ, ਖਡੂਰ ਸਾਹਿਬ। ਮੋ: +੯੧੭੫੦੮੭-੮੬੬੭੬

ਹਨ। ਇਨ੍ਹਾਂ ਵਿਚ ਇੱਕ ਪੱਖ ਇਹ ਵੀ ਹੈ ਕਿ ਗੁਰਬਾਣੀ ਜਨ-ਜੀਵਨ ਦੀ ਭਾਸ਼ਾ ਵਿਚ ਰਚੀ ਗਈ ਹੈ। ਗੁਰੂ ਸਾਹਿਬਾਨ ਨੇ ਜਨ-ਭਾਸ਼ਾ ਨੂੰ ਇੱਕ ਵਿਸ਼ੇਸ਼ ਗੌਰਵ ਪ੍ਰਦਾਨ ਕੀਤਾ। ਜਿਸ ਕੌਮ ਨੂੰ ਆਪਣੀ ਭਾਸ਼ਾ ਉੱਤੇ ਮਾਣ ਨਹੀਂ, ਉਹ ਲੋਕ ਜਿਉਂਦੇ ਜਾਗਦੇ ਸੱਭਿਆਚਾਰਕ ਕਦਰਾਂ ਤੋਂ ਸੁੰਞੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ *ਘਰਿ ਘਰਿ ਮੀਆ ਸਭਨਾਂ ਜੀਆਂ ਬੋਲੀ ਅਵਰ ਤੁਮਾਰੀ* ਕਹਿ ਕੇ ਆਪਣੇ ਸੱਭਿਆਚਾਰਕ ਵਿਰਸੇ ਤੋਂ ਟੁੱਟਣ ਵਾਲਿਆਂ ਨੂੰ ਤੰਬੀਹ (ਨਸੀਹਤ) ਕੀਤੀ ਗਈ ਹੈ। ਇਸ ਨੂੰ ਅਧਰਮ ਦੀ ਅਵਸਥਾ ਕਹਿ ਕੇ ਸ੍ਰੀ ਗੁਰੂ ਨਾਨਕ ਸਾਹਿਬ ਜੀ ਨੇ ਇਸ ਤੋਂ ਮੁਕਤ ਹੋਣ ਲਈ ਪਤਿਤਾਂ ਨੂੰ ਸੰਬੋਧਨ ਕੀਤਾ ਹੈ।

*ਖਤ੍ਰੀਆ ਤ ਧਰਮੁ ਛੋਡਿਆ ਮਲੇਛ ਭਾਖਿਆ ਗਹੀ॥*
*ਸ੍ਰਿਸਟਿ ਸਭ ਇਕ ਵਰਨ ਹੋਈ ਧਰਮ ਕੀ ਗਤਿ ਰਹੀ॥* *(ਪੰਨਾ ੬੬੩)*

ਸੱਭਿਆਚਾਰਕ ਚੇਤਨਾ ਲਿਆਉਣ ਲਈ ਸ੍ਰੀ ਗੁਰੂ ਨਾਨਕ ਸਾਹਿਬ ਜੀ ਨੇ ਉਸ ਵਕਤ ਪ੍ਰਚਲਿਤ ਸਾਰੀਆਂ ਸਾਧਨਾ-ਪ੍ਰਣਾਲੀਆਂ ਦੇ ਮੁਖੀਆਂ ਨਾਲ ਸੰਵਾਦ ਸ਼ੁਰੂ ਕੀਤਾ। ਇਸ ਸੰਵਾਦ ਲਈ ਉਨ੍ਹਾਂ ਨੂੰ ਪੰਜਾਬ ਤੋਂ ਬਾਹਰ ਸਾਰੇ ਭਾਰਤ ਵਿਚ ਯਾਤਰਾਵਾਂ ਕਰਨੀਆਂ ਪਈਆਂ। ਗੁਰੂ ਜੀ ਭਾਰਤ ਤੋਂ ਬਾਹਰ ਵੀ ਗਏ। ਮਿਹਰਬਾਨ ਦੇ ਨਾਂ ਨਾਲ ਸੰਬੰਧਿਤ ਜਨਮ ਸਾਖੀ ਦੀ ਤਾਂ ਸਾਰੀ ਉਸਾਰੀ ਹੀ ਸੰਵਾਦਾਂ ਦੇ ਰੂਪ ਵਿਚ ਹੋਈ ਹੈ। ਸਪਸ਼ਟ ਹੈ ਕਿ ਸੱਭਿਆਚਾਰਕ ਚੇਤਨਾ ਪੈਦਾ ਕਰਨ ਲਈ ਸ੍ਰੀ ਗੁਰੂ ਨਾਨਕ ਸਾਹਿਬ ਜੀ ਨੇ ਵਿਚਾਰਧਾਰਕ ਸੰਵਾਦ ਦੀ ਵਿਧੀ ਨੂੰ ਅਪਣਾਇਆ। ਉਨ੍ਹਾਂ ਦੀ ਬਾਣੀ ਅਮਲੋਂ ਸੰਵਾਦ ਆਧਾਰਿਤ ਸੱਭਿਆਚਾਰਕ ਚੇਤਨਾ ਦੀ ਕਾਵਿਕ ਅਭਿਵਿਅਕਤੀ ਹੈ।

ਡਾ. ਰਤਨ ਸਿੰਘ ਜੱਗੀ 'ਸਿੱਖ ਪੰਥ ਵਿਸ਼ਵ ਕੋਸ਼' ਵਿਚ ਲਿਖਦੇ ਹਨ ਕਿ, ਸੱਭਿਆਚਾਰਕ ਚੇਤਨਾ ਲਈ ਧਾਰਮਿਕ ਏਕਤਾ ਦੀ ਭਾਵਨਾ ਨੂੰ ਵਿਕਸਿਤ ਕਰਨਾ ਬਹੁਤ ਜ਼ਰੂਰੀ ਹੈ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਇਸ ਦੀ ਵਿਸਥਾਰ ਸਹਿਤ ਚਰਚਾ ਹੋਈ ਹੈ। ਇੱਥੇ ਧਾਰਮਿਕ ਬਿਰਤੀ ਨੂੰ ਮਾਨਵ-ਧਰਮ ਦਾ ਨਾਂ ਦਿੱਤਾ ਜਾ ਸਕਦਾ ਹੈ। ਸ੍ਰੀ ਗੁਰੂ ਨਾਨਕ ਸਾਹਿਬ ਜੀ ਨੇ ਵੇਈਂ ਨਦੀ ਵਿੱਚੋਂ ਪ੍ਰਗਟ ਹੋਣ ਉਪਰੰਤ ਸੱਭਿਆਚਾਰਕ ਚੇਤਨਾ ਦਾ ਸੰਵਾਦ ਕਰਨ ਤੋਂ ਪਹਿਲਾਂ ਜੋ ਘੋਸ਼ਣਾ ਕੀਤੀ *ਨਾ ਹਮ ਹਿੰਦੂ ਨ ਮੁਸਲਮਾਨ* ਉਸ ਤੋਂ ਸਪਸ਼ਟ ਹੈ ਕਿ ਸਹੀ ਅਰਥਾਂ ਵਿਚ ਨਾ ਕੋਈ ਹਿੰਦੂ ਹੈ ਅਤੇ ਨਾ ਹੀ ਮੁਸਲਮਾਨ, ਕਿਉਂਕਿ ਇਹ ਦੋਵੇਂ ਵਾਸਤਵਿਕ ਧਰਮ ਮਾਰਗ ਤੋਂ ਪਤਿਤ ਹੋ ਚੁੱਕੇ ਹਨ। ਇਨ੍ਹਾਂ ਦੇ ਪਰਸਪਰ ਦੁਅੰਦ ਨੂੰ ਖਤਮ ਕਰਨ ਲਈ ਇਨ੍ਹਾਂ ਵਿਚ ਸਰਬ-ਸ੍ਰੇਸ਼ਟਤਾ ਦੀ ਭਾਵਨਾ ਦਾ ਖਾਤਮਾ ਕਰਨਾ ਬੜਾ ਜ਼ਰੂਰੀ ਸੀ। ਇਸ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਧਾਰਮਿਕ ਏਕਤਾ ਦੀ ਭਾਵਨਾ ਬੜੀ ਉੱਭਰ ਕੇ ਸਾਹਮਣੇ ਆਈ ਹੈ। *ਏਕੁ ਪਿਤਾ ਏਕਸ ਕੇ ਹਮ ਬਾਰਿਕ* ਕਹਿ ਕੇ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਇਸੇ ਬਿਰਤੀ ਨੂੰ ਵਿਕਸਿਤ ਕੀਤਾ ਹੈ।

ਧਰਮ ਸੁਧਾਰ ਵੇਲੇ ਸਮਾਜ ਨੂੰ ਵੱਖ ਨਹੀਂ ਕੀਤਾ ਜਾ ਸਕਦਾ। ਧਰਮ ਅਤੇ ਸਮਾਜ ਵਿਚ ਬਹੁਤ ਡੂੰਘਾ ਸੰਬੰਧ ਹੈ, ਦੋਵੇਂ ਇਕ-ਦੂਜੇ 'ਤੇ ਆਧਾਰਿਤ ਹੁੰਦੇ ਹਨ। ਇਹੀ ਕਾਰਨ ਹੈ ਕਿ ਜਦੋਂ ਧਰਮ ਅਧੋਮੁਖੀ ਹੁੰਦਾ ਹੈ, ਤਾਂ ਸਮਾਜ ਵਿਚ ਵੀ ਵਿਕਾਰ ਪਸਰ ਜਾਂਦੇ ਹਨ।

ਵਿਕਾਰਾਂ ਨੂੰ ਦੂਰ ਕਰਨ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਬਹੁਤ ਬਲ ਦਿੱਤਾ ਗਿਆ ਹੈ। ਗੁਰੂ ਸਹਿਬਾਨ ਨੇ ਸਮਾਜ ਨੂੰ ਇਸ ਸੰਕਟ ਤੋਂ ਕੱਢਣ ਲਈ ਇਕ ਨਵਾਂ ਦ੍ਰਿਸ਼ਟੀਕੋਣ ਦਿੱਤਾ। ਮੱਧਕਾਲ ਦੇ ਲੱਗਭਗ ਸਾਰੇ/ਨਿਰਗੁਣਵਾਦੀ ਸਾਧਕਾਂ ਨੇ ਭਗਤੀ ਦੇ ਖੇਤਰ ਵਿਚ ਜਾਤੀ ਭੇਦ-ਭਾਵ ਨੂੰ ਗੈਰ ਜ਼ਰੂਰੀ ਸਮਝਿਆ ਗੁਰੂ ਸਹਿਬਾਨ ਦੀ ਵਿਸ਼ੇਸ਼ਤਾ ਇਹ ਰਹੀ ਹੈ ਕਿ ਉਨ੍ਹਾਂ ਦੇ ਵਰਨ ਧਰਮ ਦਾ ਨਿਸੰਗ ਵਿਰੋਧ ਕੀਤਾ। ਉਨ੍ਹਾਂ ਨੇ ਆਪਣੇ ਆਪ ਨੂੰ ਸਭ ਤੋਂ ਨੀਵਾਂ ਮੰਨ ਕੇ ਨੀਚਾਂ ਦੀ ਸੰਗਤ ਵਿਚ ਰਹਿਣਾ ਉੱਚਿਤ ਸਮਝਿਆ:

*ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ॥*
*ਨਾਨਕ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ॥* *(ਪੰਨਾ ੧੫)*

ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਕੇਂਦਰ ਬਿੰਦੂ ਮਨੁੱਖ ਹੈ, ਜਾਤ ਜਾਂ ਲੱਛਣ ਨਹੀਂ। ਇਸ ਲਈ ਸਭ ਵਿਚ ਇੱਕ ਹੀ ਪਰਮਸੱਤਾ ਦੀ ਜੋਤ ਦਾ ਦਰਸ਼ਨ ਕਰਨ ਵਿਚ ਸਮਰੱਥ ਬਾਣੀਕਾਰਾਂ ਨੇ ਜਾਤ-ਪਾਤ ਨੂੰ ਗੈਰ-ਜ਼ਰੂਰੀ ਹੀ ਦਰਸਾਇਆ ਹੈ। ਜਾਤੀਵਾਦ 'ਤੇ ਚੋਟ ਕਰਦਿਆਂ ਸ੍ਰੀ ਗੁਰੂ ਨਾਨਕ ਸਾਹਿਬ ਜੀ ਨੇ ਫੁਰਮਾਇਆ ਹੈ:

*ਸਾ ਜਾਤਿ ਸਾ ਪਤਿ ਹੈ ਜੇਹੇ ਕਰਮ ਕਮਾਇ॥* *(ਪੰਨਾ ੧੩੩੦)*

ਕਿਸੇ ਦੇਸ਼, ਕੌਮ, ਸਮਾਜ ਤੇ ਸੱਭਿਆਚਾਰ ਦੇ ਅਧਿਐਨ ਦੇ ਸਮੇਂ ਉੱਥੋਂ ਦੀ ਇਸਤਰੀਆਂ ਦੀ ਦਸ਼ਾ, ਸਥਿਤੀ ਤੇ ਸਥਾਨ ਬੜਾ ਹੀ ਮਹੱਤਵਪੂਰਨ ਪਹਿਲੂ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਮਨੁੱਖ ਜਾਮੇ ਨੂੰ ਚੌਰਾਸੀ ਲੱਖ ਜੂਨੀਆਂ ਤੋਂ ਸਰਬ ਸ੍ਰੇਸ਼ਟ ਸਵੀਕਾਰਇਆ ਗਿਆ ਹੈ ਅਤੇ ਇਸ ਵਿਚ ਇਸਤਰੀ ਤੇ ਮਰਦ ਦੋਵੇਂ ਸ਼ਾਮਲ ਹਨ। ਸ੍ਰੀ ਗੁਰੂ ਨਾਨਕ ਸਾਹਿਬ ਵੱਲੋਂ *ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ* ਦਾ ਫੁਰਮਾਨ ਸਮਕਾਲੀ ਸੱਭਿਆਚਾਰ ਵਿਚ ਇਸਤਰੀ ਦੀ ਦਸ਼ਾ ਬਾਰੇ ਕੋਈ ਭਰਮ- ਭੁਲੇਖਾ ਨਹੀਂ ਰਹਿਣ ਦਿੰਦਾ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਆਸ਼ਰਮ-ਧਰਮ ਦੇ ਰੂਪ ਦੀ ਨਿਖੇਧੀ ਕੀਤੀ ਗਈ ਹੈ। ਅਨੇਕ ਪ੍ਰਕਾਰ ਦੇ ਸਾਧੂਆਂ, ਜੋਗੀਆਂ ਅਤੇ ਸੰਨਿਆਸੀਆਂ ਦੀ ਸਥਿਤੀ ਨੂੰ ਬੜੀ ਗੰਭੀਰਤਾ ਨਾਲ ਸਪਸ਼ਟ ਕਰਦਿਆਂ ਗ੍ਰਿਹਸਥ ਧਰਮ ਨੂੰ ਹੀ ਸ੍ਰੇਸ਼ਟ ਦੱਸਿਆ ਹੈ। ਗ੍ਰਿਹਸਥ ਆਸ਼ਰਮ ਦਾ ਰੂਪ ਸੁਖਾਵਾਂ ਤਦ ਹੀ ਬਣਦਾ ਹੈ ਜੇਕਰ ਇਸਤਰੀ ਨੂੰ ਪੂਰਾ ਗੌਰਵ ਤੇ ਮਾਣ-ਸਨਮਾਨ ਦਿੱਤਾ ਜਾਏ। ਅਸਲ ਵਿਚ ਕਿਸੇ ਦੇਸ਼ ਜਾਂ ਕੌਮ ਦੇ ਸੱਭਿਆਚਾਰ ਦਾ ਅਨੁਮਾਨ ਉਸ ਵਿਚਲੀ ਇਸਤਰੀ ਦੀ ਸਮਾਜਿਕ ਸਥਿਤੀ ਤੋਂ ਹੀ ਲਗਾਇਆ ਜਾ ਸਕਦਾ ਹੈ। ਇਸੇ ਕਾਰਨ ਹੀ ਇਸਤਰੀ ਦੀ ਸਥਿਤੀ ਸਦਾ ਵਿਚਾਰਸ਼ੀਲ ਸਮਾਜ ਦੀ ਚਿੰਤਾ ਦਾ ਅਵੱਸ਼ਕ ਵਿਸ਼ਾ ਰਿਹਾ ਹੈ। ਮੱਧਕਾਲ ਵਿਚ ਭਾਰਤੀ ਨਾਰੀ ਦਾ ਪੁਰਾਤਨ ਗੌਰਵ ਖ਼ਤਮ ਹੋ ਚੁਕਿਆ ਸੀ। ਉਸ ਨੂੰ ਪਾਪਮਈ ਅਤੇ ਨਾਰਕੀ ਸਮਝਿਆ ਜਾਂਦਾ ਸੀ। ਗੁਰੂ ਜੀ ਨੇ ਇਸ ਸਮਾਜਿਕ ਅਨਿਆਂ ਦਾ ਘੋਰ ਅਤੇ ਕਠੋਰ ਵਿਰੋਧ ਕੀਤਾ ਅਤੇ ਨਾਰੀ ਦੇ ਗੌਰਵ ਨੂੰ ਸਹੀ ਪਰਿਪੇਖ ਵਿਚ ਸਮਝਣ ਲਈ 'ਆਸਾ ਦੀ ਵਾਰ' ਵਿਚ ਉਪਦੇਸ਼ ਦਿੱਤਾ ਹੈ। ਸ੍ਰੀ ਗੁਰੂ ਅਮਰਦਾਸ ਜੀ ਨੇ ਸਤੀ ਪ੍ਰਥਾ ਦਾ ਵਿਰੋਧ ਕਰ ਕੇ ਅਸਲ ਸਤੀ ਦਾ ਚਿੱਤਰ ਪੇਸ਼ ਕੀਤਾ:

*ਸਤੀਆ ਏਹਿ ਨ ਆਖੀਅਨਿ ਜੋ ਮੜਿਆ ਲਗਿ ਜਲੰਨ੍ਹਿ॥*

*ਨਾਨਕ ਸਤੀਆ ਜਾਣੀਅਨਿ੍ ਜਿ ਬਿਰਹੇ ਚੋਟ ਮਰੰਨਿ੍॥*
*॥ਮ:੩॥ ਭੀ ਸੋ ਸਤੀਆ ਜਾਣੀਅਨਿ ਸੀਲ ਸੰਤੋਖਿ ਰਹੰਨਿ੍॥*
*ਸੇਵਨਿ ਸਾਈ ਆਪਣਾ ਨਿਤ ਉਠਿ ਸੰਮ੍ਾਲੰਨਿ੍॥ (ਪੰਨਾ ੭੮੭)*

ਗ੍ਰਹਿਸਥ ਧਰਮ ਦੀ ਪਾਲਣਾ ਕਰਨਾ ਸ੍ਰੀ ਗੁਰੂ ਗ੍ਰੰਥ ਸਾਹਿਬ ਅਨੁਸਾਰ ਬਹੁਤ ਜ਼ਰੂਰੀ ਹੈ। ਕਿਰਤ ਕਰ ਕੇ ਪੇਟ ਭਰਨਾ ਅਤੇ ਦੂਜਿਆਂ ਉੱਤੇ ਨਿਰਭਰ ਨਾ ਕਰਨਾ ਇਕ ਸਮਾਜਿਕ ਜ਼ਿੰਮੇਵਾਰੀ ਹੈ। ਗੁਰਬਾਣੀ ਮਨੁੱਖ ਨੂੰ ਇਸ ਜ਼ਿੰਮੇਵਾਰੀ ਪ੍ਰਤੀ ਸੁਚੇਤ ਕਰਦੀ ਹੈ। ਗੁਰਮਤਿ ਕਿਰਤ ਕਰਨ, ਵੰਡ ਛਕਣ ਅਤੇ ਨਾਮ ਜਪਣ ਨੂੰ ਅਹਿਮੀਅਤ ਦਿੰਦੀ ਹੈ।

*ਘਾਲਿ ਖਾਇ ਕਿਛੁ ਹਥਹੁ ਦੇਇ॥*
*ਨਾਨਕ ਰਾਹੁ ਪਛਾਣਹਿ ਸੇਇ॥ (ਪੰਨਾ ੧੨੪੫)*

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਵਹਿਮਾਂ, ਭਰਮਾਂ ਤੇ ਪਖੰਡਾਂ ਆਦਿ ਦਾ ਬੜੀ ਦ੍ਰਿੜ੍ਹਤਾ ਨਾਲ ਖੰਡਨ ਕੀਤਾ ਗਿਆ ਹੈ, ਕਿਉਂਕਿ ਇਹ ਮਨੁੱਖਤਾ ਦੇ ਸੁਖਾਵੇਂ ਵਿਕਾਸ ਵਿਚ ਰੁਕਾਵਟ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਜੰਞੂ ਪਾਉਣ ਦੀ ਪ੍ਰਥਾ ਦੇ ਰੂੜ ਰੂਪ ਦਾ ਵਿਰੋਧ ਕਰਦਿਆਂ ਜੰਞੂ ਦੇ ਭਾਵੀਕ੍ਰਿਤ ਰੂਪ ਨੂੰ ਸਪਸ਼ਟ ਕੀਤਾ ਗਿਆ ਹੈ:

*ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ॥*
*ਏਹੁ ਜਨੇਊ ਜੀਅ ਕਾ ਹਈ ਤ ਪਾਡੇ ਘਤੁ॥*
*ਨਾ ਏਹੁ ਤੁਟੈ ਨ ਮਲੁ ਲਗੈ ਨਾ ਏਹੁ ਜਲੈ ਨ ਜਾਇ॥*
*ਧੰਨੁ ਸੁ ਮਾਣਸ ਨਾਨਕਾ ਜੋ ਗਲਿ ਚਲੇ ਪਾਇ॥ (ਪੰਨਾ ੪੭੧)*

ਇਸ ਤੋਂ ਇਲਾਵਾ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਲੋਕ ਕਾਵਿ ਰੂਪਾਂ, ਲੌਕਿਕ ਬਿੰਬਾਂ ਅਤੇ ਉਪਮਾਨਾਂ ਰਾਹੀਂ ਗੁਰੂ ਸਹਿਬਾਨ ਨੇ ਸਰਬੱਤ੍ਰ ਲੌਕਿਕ ਸੱਭਿਆਚਾਰ ਦਾ ਵਾਤਾਵਰਨ ਸਿਰਜਿਆ ਹੈ। ਆਪਣੇ ਰਹਿਣ-ਸਹਿਣ ਦੇ ਢੰਗਾਂ ਨੂੰ ਤਿਆਗ ਕੇ ਵਿਦੇਸ਼ੀ ਸੱਭਿਆਚਾਰ ਨੂੰ ਅਪਣਾਉਣ ਵਾਲਿਆਂ ਵੱਲ ਵੀ ਗੁਰਬਾਣੀ ਵਿਚ ਸੰਕੇਤ ਮਿਲਦੇ ਹਨ।

*ਨੀਲ ਬਸਤ੍ਰ ਲੇ ਕਪੜੇ ਪਹਿਰੇ ਤੁਰਕ ਪਠਾਣੀ ਅਮਲੁ ਕੀਆ॥ (ਪੰਨਾ ੪੭੦)*

ਆਪਣੇ ਸੱਭਿਆਚਾਰ ਨੂੰ ਛੱਡ ਕੇ ਵਿਦੇਸ਼ੀ ਸੱਭਿਆਚਾਰ ਨੂੰ ਅਪਣਾਉਣ ਵਾਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਅਨੁਸਾਰ ਭ੍ਰਸ਼ਟ ਹਨ।

ਸਪਸ਼ਟ ਹੈ ਕਿ ਸੱਭਿਆਚਾਰਕ ਚੇਤਨ ਦਾ ਮੂਲ ਸਰੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਹੈ। ਇਸ ਵਿਚ ਯੁੱਗ-ਪੁਰਸ਼ਾਂ ਦੀ ਧਰਮ-ਸਾਧਨਾ ਦਾ ਅਨੁਭਵ ਸੰਜੋਇਆ ਹੋਇਆ ਹੈ। ਜਿਨ੍ਹਾਂ ਨੇ ਯੁੱਗ ਦੀ ਨੁਹਾਰ ਬਦਲੀ ਹੈ ਅਤੇ ਸੱਭਿਆਚਾਰ ਦੇ ਅਧੋਮੁਖੀ ਰੂਪ ਨੂੰ ਨਵੀਂ ਚੇਤਨਾ ਪ੍ਰਦਾਨ ਕੀਤੀ ਹੈ। ਫਲਸਰੂਪ ਮਨੁੱਖਤਾ ਦਾ ਕਲਿਆਣ-ਮਾਰਗ ਮੋਕਲਾ ਹੋਇਆ ਹੈ। ਅਸਲ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚਲੀ ਸੱਭਿਆਚਾਰਕ ਚੇਤਨਾ ਮਾਨਵ ਕਲਿਆਣ ਦਾ ਅਹਿਸਾਸ ਪੈਦਾ ਕਰਦੀ ਹੈ ਅਤੇ ਨੈਤਿਕਤਾ ਦਾ ਆਦਰਸ਼ ਸਿਰਜਦੀ ਹੈ। ■

# ਸ੍ਰੀ ਗੁਰੂ ਅੰਗਦ ਦੇਵ ਜੀ ਦੀ ਬਾਣੀ ਵਿਚ ਗੁਰੂ ਦਾ ਸੰਕਲਪ

*-ਬੀਬੀ ਜਸਵਿੰਦਰ ਕੌਰ**

ਗੁਰੂ ਸ਼ਬਦ ਸੰਸਕ੍ਰਿਤ ਦਾ ਹੈ ਜਿਸ ਦੇ ਅਰਥ ਹਨ "ਅੰਧੇਰੇ ਵਿਚ ਪ੍ਰਕਾਸ਼ ਕਰਨ ਵਾਲਾ" ਜਿਸਦੀ ਵਿਉਂਤਪਤੀ ਗ੍ਰੀ ਧਾਤੂ ਤੋਂ ਹੋਈ ਹੈ ਅਤੇ ਜਿਸ ਦੇ ਅਰਥ ਹਨ ਨਿਗਲਣਾ ਅਤੇ ਸਮਝਾਉਣਾ। ਇਸ ਲਈ ਜਿਹੜਾ ਵਿਅਕਤੀ ਅਗਿਆਨ ਨੂੰ ਖਾ ਜਾਂਦਾ ਹੈ ਅਤੇ ਸ਼ਿਸ਼ ਨੂੰ ਤੱਤ ਗਿਆਨ ਸਮਝਾਉਂਦਾ ਹੈ, ਉਹ ਗੁਰੂ ਹੁੰਦਾ ਹੈ। ਪ੍ਰਮਾਣਿਕ ਪੰਜਾਬੀ ਕੋਸ਼ ਭਾਸ਼ਾ ਵਿਭਾਗ, ਪੰਜਾਬ ਅਨੁਸਾਰ ਗੁਰੂ ਦੇ ਅਰਥ ਇਸ ਤਰ੍ਹਾਂ ਹਨ: ੧. ਧਰਮ ਦਾ ਉਪਦੇਸ਼ ਦੇਣ ਵਾਲਾ, ੨. ਸਿੱਖਾਂ ਦੇ ਦਸ ਗੁਰੂ ਸਾਹਿਬਾਨਾਂ ਵਿੱਚੋਂ ਕੋਈ ਇੱਕ, ੩. ਕਿਸੀ ਵਿੱਦਿਆ ਜਾਂ ਕਲਾ ਨੂੰ ਸਿਖਾਉਣ ਵਾਲਾ, ਉਸਤਾਦ ਵਿਅਕਤੀ ਹੁਸ਼ਿਆਰ, ਚਲਾਕ।[੧] ਭਾਈ ਕਾਨ ਸਿੰਘ ਨਾਭਾ ਅਨੁਸਾਰ ਵੀ "ਗੁਰੂ ਸ਼ਬਦ ਗ੍ਰੀ ਧਾਤੂ ਤੋਂ ਬਣਿਆ ਹੋਇਆ ਹੈ, ਜਿਸ ਦੇ ਅਰਥ ਹਨ ਨਿਗਲਣਾ ਅਤੇ ਸਮਝਾਉਣਾ। ਜੋ ਅਗਿਆਨ ਨੂੰ ਖਾ ਜਾਂਦਾ ਹੈ ਅਤੇ ਸਿੱਖ ਨੂੰ ਤੱਤ ਗਿਆਨ ਸਮਝਾਉਂਦਾ ਹੈ ਉਹ ਗੁਰੂ ਹੈ।[੨] ਗੁਰਬਾਣੀ ਵਿਚ ਗੁਰੂ ਨੂੰ ਗਿਆਨ ਦਾ ਦਾਤਾ ਮੰਨਿਆ ਹੈ, ਜੋ ਅਗਿਆਨਤਾ ਦਾ ਹਨੇਰਾ ਦੂਰ ਕਰ ਕੇ ਸੱਚ ਦਾ ਪ੍ਰਕਾਸ਼ ਕਰਦਾ ਹੈ। ਗੁਰੂ ਨੂੰ ਸ਼ਬਦ ਦਾਤਾ ਅਤੇ ਸ਼ਬਦ ਦਾ ਸਮਾਨਰਥਕ ਮੰਨਿਆ ਗਿਆ ਹੈ। ਗੁਰੂ ਦੀ ਕਿਰਪਾ ਨਾਲ ਹੀ ਪਰਮਾਤਮਾ ਨੂੰ ਜਾਣਿਆ ਜਾ ਸਕਦਾ ਹੈ। ਗੁਰੂ ਹਰ ਪੱਖ ਤੋਂ ਪੂਰਨ ਹੈ। ਗੁਰੂ ਨਾਨਕ ਸਾਹਿਬ ਨੂੰ ਪਰਮਾਤਮਾ ਵੱਲੋਂ ਸਿੱਧੇ ਤੌਰ 'ਤੇ ਗੁਰੂਤਵ ਦੀ ਪ੍ਰਾਪਤੀ ਹੋਈ ਤੇ ਸ੍ਰੀ ਗੁਰੂ ਨਾਨਕ ਸਾਹਿਬ ਜੀ ਨੇ ਜੋਤੀ ਜੋਤ ਸਮਾਉਣ ਤੋਂ ਪਹਿਲਾਂ ਗੁਰਿਆਈ ਸ੍ਰੀ ਗੁਰੂ ਅੰਗਦ ਦੇਵ ਜੀ ਨੂੰ ਬਖਸ਼ ਦਿੱਤੀ। ਇਸ ਤਰ੍ਹਾਂ ਇਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤਕ ਪਹੁੰਚੀ ਤੇ ਫਿਰ ਸਦੀਵ ਕਾਲ ਲਈ ਗੁਰੂ-ਗ੍ਰੰਥ, ਗੁਰੂ-ਪੰਥ ਦੇ ਰੂਪ ਵਿਚ ਨਿਰਧਾਰਿਤ ਕਰ ਦਿੱਤੀ ਗਈ। ਸਿੱਖ ਧਰਮ ਵਿਚ ਗੁਰੂ ਲਈ ਪਰਮੇਸ਼ਰ ਸ਼ਬਦ ਵੀ ਵਰਤਿਆ ਗਿਆ ਹੈ ਕਿਉਂਕਿ ਗੁਰੂ ਸਹਿਬਾਨ ਆਪਣੇ ਨਿਰਗੁਣ ਰੂਪ ਵਿਚ ਸਦਾ ਹੀ ਅਕਾਲ-ਪੁਰਖ ਨਾਲ ਇਕ-ਮਿਕ ਹੁੰਦੇ ਹਨ। ਡਾ.ਦੀਵਾਨ ਸਿੰਘ ਅਨੁਸਾਰ "ਗੁਰੂ ਪਰਮਾਤਮਾ ਵੱਲੋਂ ਸੰਸਾਰ ਦੇ ਕਲਿਆਣ ਹਿੱਤ ਨਿਯਤ ਕੀਤਾ ਹੋਇਆ ਇਕ ਬਸੀਠ ਅਰਥਾਤ ਵਕੀਲ ਹੈ, ਜੋ ਸੰਸਾਰ ਵਿਚ ਪ੍ਰਤੱਖ ਤੇ ਪ੍ਰਗਟ ਰੂਪ ਵਿਚ ਵਿਚਰ ਕੇ ਗਤੀਸ਼ੀਲ ਹੁੰਦਾ ਹੈ।[੩]

ਭਾਰਤੀ ਧਾਰਮਿਕ ਸਾਹਿਤ ਵਿਚ ਗੁਰੂ ਦੀ ਪਰੰਪਰਾ ਬਹੁਤ ਪੁਰਾਣੀ ਹੈ। ਵੈਦਿਕ ਕਾਲ ਵਿਚ ਦੇਵਤੇ, ਰਿਸ਼ੀ, ਮੁਨੀ ਆਦਿ ਗੁਰੂ ਰੂਪ ਮੰਨੇ ਜਾਂਦੇ ਸਨ। ਉਪਨਿਸ਼ਦ ਕਾਲ ਵਿਚ ਬ੍ਰਾਹਮਣ ਗੁਰੂ ਰੂਪ ਵਿਚ ਲੋਕਾਂ ਦੀ ਸ਼ਰਧਾ ਦਾ ਕੇਂਦਰ ਰਹੇ ਹਨ। ਬੋਧਾਂ ਵਿਚ ਮਹਾਤਮਾ ਬੁੱਧ, ਬੋਧੀਸੱਤਵ ਆਦਿ, ਜੈਨੀਆਂ ਵਿਚ ਤੀਰਥੰਕਰ, ਗੀਤਾ ਅਨੁਸਾਰ ਸ੍ਰੀ ਕ੍ਰਿਸ਼ਨ, ਨਾਥਾਂ, ਜੋਗੀਆਂ ਆਦਿ ਵਿਚ ਯੋਗ ਸ਼ਾਸਤਰਾਂ ਦੇ ਗਿਆਤਾ, ਸੰਤਾਂ ਵਿਚ ਅਨੁਭਵੀ ਅਧਿਆਤਮਕ ਪੁਰਸ਼ ਗੁਰੂ ਰੂਪ ਵਿਚ ਸਵੀਕ੍ਰਿਤ ਹੋਏ ਹਨ। ਮੁਸਲਮਾਨਾਂ,

*ਰਿਸਰਚ ਸਕਾਲਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ। ਮੋ: +੯੧੯੪੬੩੪-੨੫੬੬੮*

ਸੂਫੀਆਂ, ਫਕੀਰਾਂ ਵਿਚ ਨਬੀ, ਰਸੂਲ, ਵਲੀ ਔਲੀਆ ਆਦਿ ਗੁਰੂ ਰੂਪ ਵਿਚ ਮਾਨਵਤਾ ਦਾ ਪੱਥ-ਪ੍ਰਦਰਸ਼ਨ ਕਰਦੇ ਰਹੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਗੁਰੂ ਦਾ ਸੰਕਲਪ ਭਾਰਤੀ ਗੁਰੂ ਪਰੰਪਰਾ ਨਾਲੋਂ ਵਿਲੱਖਣ ਹੈ। ਗੁਰੂ ਜੋਤਿ ਦਾ ਸੰਕਲਪ ਹੋਰ ਧਰਮਾਂ ਵਿੱਚੋਂ ਉਪਲਬਧ ਨਹੀਂ।[੪]

ਇਸ ਲੇਖ ਦਾ ਸੰਬੰਧ ਸ੍ਰੀ ਗੁਰੂ ਅੰਗਦ ਦੇਵ ਜੀ ਦੀ ਬਾਣੀ ਵਿਚ ਗੁਰੂ ਦਾ ਸੰਕਲਪ ਬਾਰੇ ਵਿਚਾਰ ਕਰਨ ਨਾਲ ਹੈ ਕਿਉਂਕਿ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਗੁਰੂ ਪ੍ਰਤੀ ਸੰਵੇਦਨਸ਼ੀਲ ਅਭਿਵਿਅਕਤੀ ਦਾ ਅਰੰਭ ਕੀਤਾ, ਜਿਸ ਦਾ ਵਿਕਾਸ ਬਾਕੀ ਗੁਰੂ ਸਾਹਿਬਾਨ ਦੀ ਬਾਣੀ ਅਤੇ ਭੱਟ ਸਾਹਿਬਾਨ ਦੇ ਸਵਈਆਂ ਵਿਚ ਸਹਿਜ ਹੀ ਵੇਖਿਆ ਜਾ ਸਕਦਾ ਹੈ। ਡਾ. ਰਤਨ ਸਿੰਘ ਜੱਗੀ ਅਨੁਸਾਰ ,"ਆਪ ਦੇ ਸਾਹਮਣੇ 'ਗੁਰੂ' ਸਰੀਰਕ ਰੂਪ ਵਿਚ ਰਿਹਾ ਹੈ ਅਤੇ ਉਸ ਦੀ ਸੇਵਾ ਕਰਨ ਦਾ ਮਾਣ ਆਪ ਨੂੰ ਮਿਲਿਆ ਹੈ। ਇਸ ਲਈ ਗੁਰੂ ਪ੍ਰਤਿ ਆਪ ਦਾ ਸਿਦਕ ਸਮੁੱਚੀ ਸੰਸਥਾ ਦਾ ਸਿਦਕ ਹੋ ਨਿਬੜਿਆ ਹੈ।[੫] ਆਪ ਨੇ ਲੱਗਭਗ ੧੩ ਸਾਲ (੧੫੩੯ ਤੋਂ ੧੫੫੨) ਤਕ ਗੁਰਗੱਦੀ ਦਾ ਕਾਰਜ ਸੰਭਾਲਿਆ ਅਤੇ ਗੁਰਮਤਿ ਸਿਧਾਂਤਾਂ ਦੇ ਪ੍ਰਚਾਰ ਅਤੇ ਪ੍ਰਸਾਰ ਵਿਚ ਵਿਸ਼ੇਸ਼ ਯੋਗਦਾਨ ਪਾਇਆ। ਆਪ ਜੀ ਦੇ ਕੁੱਲ ੬੩ ਸਲੋਕ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ੯ ਵਾਰਾਂ ਵਿਚ ਦਰਜ ਮਿਲਦੇ ਹਨ।

ਸ੍ਰੀ ਗੁਰੂ ਅੰਗਦ ਦੇਵ ਜੀ ਦੇ ਸਲੋਕ ਗੁਰੂ ਦੇ ਸਰੂਪ, ਸਮਰੱਥਾ ਅਤੇ ਉਸ ਦੀ ਮਹਿਮਾ ਦਾ ਵਿਰਾਟ ਰੂਪ ਪੇਸ਼ ਕਰਦੇ ਹਨ। ਸਿਰੀ ਰਾਗ ਗੁਰੂ ਗ੍ਰੰਥ ਸਾਹਿਬ ਦਾ ਪਹਿਲਾ ਰਾਗ ਹੈ। ਇਸ ਵਿਚ ਦਰਜ ਆਪ ਦਾ ਪਹਿਲਾ ਸਲੋਕ ਹੈ ਜਿਸ ਵਿਚ ਗੁਰੂ ਦੇ ਵਿਛੋੜੇ ਅਤੇ ਪਿਆਰ ਦੀ ਗੱਲ ਆਉਂਦੀ ਹੈ। ਆਪ ਦੀ ਆਤਮਾ ਗੁਰੂ ਵਿਛੋੜੇ ਵਿਚ ਵਿਆਕੁਲ ਹੋ ਜਾਂਦੀ ਹੈ। ਗੁਰੂ ਤੋਂ ਬਿਨਾਂ ਆਪ ਜੀਵਨ ਵਿਅਰਥ ਜਾਣਦੇ ਹਨ ਅਤੇ ਉਸ ਅੱਗੇ ਸਭ ਕੁਝ ਕੁਰਬਾਨ ਕਰਨ ਲਈ ਤਿਆਰ ਹਨ:

*ਜਿਸੁ ਪਿਆਰੇ ਸਿਉ ਨੇਹੁ ਤਿਸੁ ਆਗੈ ਮਰਿ ਚਲੀਐ॥*
*ਧ੍ਰਿਗੁ ਜੀਵਣੁ ਸੰਸਾਰਿ ਤਾ ਕੈ ਪਾਛੈ ਜੀਵਣਾ॥* *(ਪੰਨਾ ੮੩)*

ਗੁਰੂ ਨੂੰ ਪਰਮੇਸ਼ਰ ਦਾ ਹੀ ਰੂਪ ਸਮਝਿਆ ਜਾਂਦਾ ਹੈ। ਉਹ ਪੂਰਨ ਪ੍ਰਭੂ ਸੱਤਾ ਦਾ ਸੁਆਮੀ, ਪੱਥ-ਪ੍ਰਦਰਸ਼ਕ, ਮੁਕਤੀ ਦਾਤਾ, ਈਸ਼ਵਰ ਦਾ ਸੱਚਾ ਆਸ਼ਕ, ਉਸ ਦਾ ਗਿਆਤਾ ਅਤੇ ਸਰਬ-ਕਲਾ ਸਮਰੱਥ ਵਿਅਕਤੀ ਹੁੰਦਾ ਹੈ।[੬] ਸ੍ਰੀ ਗੁਰੂ ਅੰਗਦ ਦੇਵ ਜੀ ਨੇ ਗੁਰੂ ਨੂੰ ਪਰਮਾਤਮਾ ਜਿੰਨੀ ਸਮਰੱਥਾ ਵਾਲਾ ਜਾਣ ਕੇ ਉਸ ਦੇ ਆਤਮਿਕ ਸਰੂਪ ਦੀ ਸਿਫਤ ਕੀਤੀ ਹੈ। ਮਨ ਅੰਦਰ ਜੋ ਭਰਮਾਂ-ਭੁਲੇਖਿਆਂ ਦਾ ਅੰਧੇਰਾ ਹੈ, ਉਹ ਗੁਰੂ ਦੇ ਗਿਆਨ ਤੋਂ ਬਿਨਾਂ ਦੂਰ ਨਹੀਂ ਹੋ ਸਕਦਾ। ਆਪ ਦਾ ਇਹ ਕਥਨ ਆਪ ਦੇ ਅਨੁਭਵ ਦਾ ਹੀ ਪ੍ਰਗਟਾਵਾ ਹੈ ਕਿ ਸੈਂਕੜੇ ਚੰਦਰਮਾ ਤੇ ਹਜ਼ਾਰਾਂ ਸੂਰਜ ਵੀ ਅਗਿਆਨ ਦਾ ਹਨੇਰਾ ਦੂਰ ਨਹੀਂ ਕਰ ਸਕਦੇ, ਬਲਕਿ ਸੱਚਾ ਗੁਰੂ ਹੀ ਸਹੀ ਰਾਹ ਦੱਸਦਾ ਹੈ:

*ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ॥*
*ਏਤੇ ਚਾਨਣ ਹੋਦਿਆਂ ਗੁਰ ਬਿਨੁ ਘੋਰ ਅੰਧਾਰ॥* *(ਪੰਨਾ ੪੬੩)*

ਜਿਵੇਂ ਕਿ ਉੱਪਰ ਦਿੱਤੇ ਸਲੋਕ ਤੋਂ ਸਪਸ਼ਟ ਹੋ ਗਿਆ ਹੈ ਕਿ ਗੁਰੂ ਦੇ ਗਿਆਨ ਤੋਂ ਬਿਨਾਂ ਇਹ ਸੰਸਾਰ ਅੰਧਕਾਰ ਹੀ ਹੈ। ਗਿਆਨ ਦੀ ਕੂੰਜੀ ਗੁਰੂ ਹੀ ਹੈ। ਗੁਰੂ ਦੇ ਗਿਆਨ ਨਾਲ ਮਨ ਦਾ ਜੰਦਰਾ ਖੁਲ੍ਹਦਾ ਹੈ ਤੇ ਜੀਵ ਨੂੰ ਨਾਮ ਦੀ ਸੋਝੀ ਆਉਂਦੀ ਹੈ ਤੇ ਉਸ ਦਾ ਕਲਿਆਣ ਹੁੰਦਾ ਹੈ। ਇਸ ਗੱਲ ਨੂੰ ਆਪ ਨੇ ਇਸ ਤਰ੍ਹਾਂ ਬਿਆਨ ਕੀਤਾ ਹੈ:

*ਗੁਰੁ ਕੁੰਜੀ ਪਾਹੂ ਨਿਵਲੁ ਮਨੁ ਕੋਠਾ ਤਨੁ ਛਤਿ॥*
*ਨਾਨਕ ਗੁਰ ਬਿਨੁ ਮਨ ਕਾ ਤਾਕੁ ਨ ਉਘੜੈ ਅਵਰ ਨ ਕੁੰਜੀ ਹਥਿ॥*
*(ਪੰਨਾ ੧੨੩੭)*

ਜੇਕਰ ਜੀਵਨ ਵਿਚ ਪੂਰਨਤਾ ਆ ਸਕਦੀ ਹੈ ਤਾਂ ਉਹ ਸਿਰਫ ਪੂਰੇ ਗੁਰੂ ਦੀ ਸਿੱਖਿਆ ਨਾਲ ਹੀ ਆ ਸਕਦੀ ਹੈ। ਸ੍ਰੀ ਗੁਰੂ ਅੰਗਦ ਦੇਵ ਜੀ ਨੇ ਇਹ ਵੀ ਦ੍ਰਿੜ੍ਹ ਕਰਾਇਆ ਕਿ ਪੂਰਾ ਗੁਰੂ, ਪੂਰੇ ਪ੍ਰਭੂ ਦੀ ਕਿਰਪਾ ਨਾਲ ਹੀ ਮਿਲਦਾ ਹੈ ਤੇ ਪੂਰਨ ਮਨੁੱਖ ਉਹ ਹੈ ਜਿਸ ਦੇ ਹਿਰਦੇ ਵਿਚ ਪੂਰੇ ਪ੍ਰਭੂ ਦੇ ਪੂਰੇ ਦਰਸ਼ਨ ਹਨ:

*ਸੇਈ ਪੂਰੇ ਸਾਹ ਜਿਨੀ ਪੂਰਾ ਪਾਇਆ॥*
*ਅਠੀ ਵੇਪਰਵਾਹ ਰਹਨਿ ਇਕਤੈ ਰੰਗਿ॥*
*ਦਰਸਨਿ ਰੂਪਿ ਅਥਾਹ ਵਿਰਲੇ ਪਾਈਅਹਿ॥*
*ਕਰਮਿ ਪੂਰੈ ਪੂਰਾ ਗੁਰੂ ਪੂਰਾ ਜਾ ਕਾ ਬੋਲੁ॥*
*ਨਾਨਕ ਪੂਰਾ ਜੇ ਕਰੇ ਘਟੈ ਨਾਹੀ ਤੋਲੁ॥ (ਪੰਨਾ ੧੪੬)*

ਗੁਰੂ ਦੀ ਸਿੱਖਿਆ ਨਾਲ ਪੰਜਾਂ ਦੂਤਾਂ (ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ) ਨੂੰ ਵੱਸ ਵਿਚ ਕੀਤਾ ਜਾ ਸਕਦਾ ਹੈ। ਸ੍ਰੀ ਗੁਰੂ ਅੰਗਦ ਦੇਵ ਜੀ, ਸ੍ਰੀ ਗੁਰੂ ਨਾਨਕ ਸਾਹਿਬ ਜੀ ਨੂੰ ਸ਼੍ਰੋਮਣੀ ਗੁਰੂ ਮੰਨਦੇ ਹੋਏ ਕਹਿੰਦੇ ਹਨ ਕਿ ਜਿਨ੍ਹਾਂ ਦਾ ਗੁਰੂ, ਸ੍ਰੀ ਗੁਰੂ ਨਾਨਕ ਸਾਹਿਬ ਹੈ ਤੇ ਜਿਨ੍ਹਾਂ ਨੂੰ ਗੁਰੂ ਦੀ ਸਿੱਖਿਆ ਪ੍ਰਾਪਤ ਹੈ, ਉਨ੍ਹਾਂ ਨੂੰ ਕਿਸੇ ਹੋਰ ਉਪਦੇਸ਼ ਦੀ ਲੋੜ ਨਹੀਂ ਹੈ:

*ਦੀਖਿਆ ਆਖਿ ਬੁਝਾਇਆ ਸਿਫਤੀ ਸਚਿ ਸਮੇਉ॥*
*ਤਿਨ ਕਉ ਕਿਆ ਉਪਦੇਸੀਐ ਜਿਨ ਗੁਰੁ ਨਾਨਕ ਦੇਉ॥ (ਪੰਨਾ ੧੫੦)*

ਗੁਰੂ ਸਿਰਫ ਅਧਿਆਤਮਕ ਪੱਖ ਤੋਂ ਹੀ ਅਗਵਾਈ ਨਹੀਂ ਕਰਦਾ ਸਗੋਂ ਧਾਰਮਿਕ, ਸਮਾਜਿਕ ਤੇ ਆਰਥਿਕ ਖੇਤਰ ਵਿਚ ਵੀ ਪੱਥ-ਪ੍ਰਦਰਸ਼ਨ ਕਰਦਾ ਹੈ। ਗੁਰੂ ਹਰ ਵਿਅਕਤੀ ਨੂੰ ਕਿਰਤ ਕਰਨ ਲਈ ਪ੍ਰੇਰਦਾ ਹੈ, ਪਰ ਕਈ ਵਾਰ ਮਨੁੱਖ ਲਾਲਚ ਵਿਚ ਆ ਕੇ ਕਰਮ ਆਵਾਗਵਨ ਵਿਚ ਪੈ ਜਾਂਦਾ ਹੈ ਤੇ ਸੇਵਾ ਤੋਂ ਮੁਖ ਮੋੜ ਲੈਂਦਾ ਹੈ, ਜਿਸ ਨਾਲ ਮਨ ਵਿਚ ਹਉਮੈਂ ਪੈਦਾ ਹੁੰਦੀ ਹੈ। ਸ੍ਰੀ ਗੁਰੂ ਅੰਗਦ ਦੇਵ ਜੀ ਫੁਰਮਾਉਂਦੇ ਹਨ ਕਿ ਗੁਰੂ ਦੀ ਸਿੱਖਿਆ ਨਾਲ ਹੀ ਸਿੱਖ ਦੇ ਅੰਦਰੋਂ ਹਉਮੈਂ ਵਰਗੇ ਦੀਰਘ ਰੋਗ ਦੂਰ ਹੁੰਦੇ ਹਨ। ਸ਼ਬਦ ਦੀ ਕਮਾਈ ਨਾਲ ਹਉਮੈਂ ਸੇਵਾ ਵਿਚ ਬਦਲ ਜਾਂਦੀ ਹੈ।[੭] ਸ੍ਰੀ ਗੁਰੂ ਅੰਗਦ ਦੇਵ ਜੀ ਦਾ ਸਲੋਕ ਹੈ:

*ਹਉਮੈ ਦੀਰਘ ਰੋਗੁ ਹੈ ਦਾਰੂ ਭੀ ਇਸੁ ਮਾਹਿ॥*
*ਕਿਰਪਾ ਕਰੇ ਜੇ ਆਪਣੀ ਤਾ ਗੁਰ ਕਾ ਸਬਦੁ ਕਮਾਹਿ॥ (ਪੰਨਾ ੪੬੬)*

ਜਦੋਂ ਤਕ ਮਨੁੱਖ ਨੂੰ ਸੰਸਾਰ ਦੀ ਸੋਝੀ ਨਹੀਂ ਆਉਂਦੀ, ਉਸ ਦਾ ਜੀਵਨ ਨਿਸਫਲ ਅਤੇ ਆਵਾਗਵਨ ਬਣਿਆ ਰਹਿੰਦਾ ਹੈ। ਗੁਰਬਾਣੀ ਵਿਚ ਗੁਰੂ ਨੂੰ ਪਰਮੇਸ਼ਰ ਕਿਹਾ ਗਿਆ ਹੈ ਇਸ ਲਈ ਗੁਰੂ ਦੀ ਕਿਰਪਾ ਨਾਲ ਪਰਮਾਤਮਾ ਦੀ ਹਸਤੀ ਦਾ ਮੰਨਣਾ ਆ ਜਾਂਦਾ ਹੈ ਤੇ ਮੰਨੇ ਹੋਏ ਦਾ ਦਰਗਾਹ ਵਿਚ ਸਤਿਕਾਰ ਹੁੰਦਾ ਹੈ। ਜੋ ਪਰਮਾਤਮਾ ਨੂੰ ਅੰਦਰੋਂ ਮੰਨਦੇ ਹਨ, ਪਰਮਾਤਮਾ ਉਨ੍ਹਾਂ ਨੂੰ ਮੰਨਦਾ ਹੈ। ਸ੍ਰੀ ਗੁਰੂ ਅੰਗਦ ਦੇਵ ਜੀ ਫੁਰਮਾਉਂਦੇ ਹਨ:

*ਜਪੁ ਤਪੁ ਸਭੁ ਕਿਛੁ ਮੰਨਿਐ ਅਵਰਿ ਕਾਰਾ ਸਭਿ ਬਾਦਿ॥*
*ਨਾਨਕ ਮੰਨਿਆ ਮੰਨੀਐ ਬੁਝੀਐ ਗੁਰ ਪਰਸਾਦਿ॥* *(ਪੰਨਾ ੯੫੪)*

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਨਾਮ ਦੀ ਹੋਂਦ, ਸੱਚ ਤੇ ਅਸਲੀਅਤ ਨੂੰ ਵਾਰ-ਵਾਰ ਦੁਹਰਾਇਆ ਗਿਆ ਹੈ। ਸ੍ਰੀ ਗੁਰੂ ਅੰਗਦ ਦੇਵ ਜੀ ਕਹਿੰਦੇ ਹਨ ਕਿ ਸੰਸਾਰ ਵਿਚ ਅੰਮ੍ਰਿਤ ਇੱਕ ਹੈ ਤੇ ਇਹ ਅੰਮ੍ਰਿਤ ਨਾਮ ਦਾ ਹੈ। ਇਹ ਅੰਮ੍ਰਿਤ ਨਾਮ ਮਨ ਵਿਚ ਹੈ, ਪਰ ਇਹ ਪੀਤਾ ਗੁਰੂ ਦੀ ਕਿਰਪਾ ਨਾਲ ਹੀ ਜਾਂਦਾ ਹੈ:

*ਨਾਨਕ ਅੰਮ੍ਰਿਤੁ ਮਨੈ ਮਾਹਿ ਪਾਈਐ ਗੁਰ ਪਰਸਾਦਿ॥* *(ਪੰਨਾ ੧੨੩੮)*

ਸ੍ਰੀ ਗੁਰੂ ਅੰਗਦ ਦੇਵ ਜੀ ਦੇ ਸਲੋਕ ਗੁਰੂ ਦੀ ਮਿਹਰ, ਗੁਰੂ ਦੀ ਮਹੱਤਤਾ ਦਰਸਾਉਂਦੇ ਹੋਏ ਸਪਸ਼ਟ ਕਰਦੇ ਹਨ ਕਿ ਮਨੁੱਖ ਦਾ ਲੋਕ-ਪਰਲੋਕ ਸੰਵਾਰਨਾ ਹੀ ਗੁਰੂ ਕਰਤਵ ਹੈ। ਗੁਰੂ ਦੀ ਪਦਵੀ ਏਨੀ ਉੱਚੀ ਹੈ ਕਿ ਪਰਮਾਤਮਾ ਦੀਆਂ ਸਾਰੀਆਂ ਦੈਵੀ ਸ਼ਕਤੀਆਂ ਗੁਰੂ-ਪਦਵੀ ਵਿਚ ਹੀ ਸ਼ਾਮਲ ਹੋ ਜਾਂਦੀਆਂ ਹਨ। ਆਪ ਨੇ ਮੂਲ ਦਾਰਸ਼ਨਿਕ ਸਿਧਾਂਤਾਂ ਵਿਚ ਸੰਚਾਲਕ ਗੁਰੂ ਜੀ ਦਾ ਪੂਰਾ ਅਨੁਸਰਣ ਕੀਤਾ, ਗੁਰੂ ਨੂੰ ਆਪਣੀ ਸ਼ਰਧਾਂਜਲੀ ਵੀ ਅਰਪਨ ਕੀਤੀ। ਗੁਰੂ-ਭਗਤੀ ਤੇ ਸੇਵਾ ਦੇ ਪਰਿਣਾਮ ਵੀ ਦੱਸੇ ਅਤੇ j w vl[ [੮] ਸ੍ਰੀ ਗੁਰੂ ਅੰਗਦ ਦੇਵ ਜੀ ਦੇ ਜੀਵਨ 'ਤੇ ਸ੍ਰੀ ਗੁਰੂ ਨਾਨਕ ਸਾਹਿਬ ਜੀ ਦਾ ਏਨਾ ਡੂੰਘਾ ਪ੍ਰਭਾਵ ਸੀ ਕਿ ਉਨ੍ਹਾਂ ਨੇ ਆਪਣੇ ਨਾਮ ਦੀ ਥਾਂ ਗੁਰੂ ਨਾਨਕ ਨਾਮ ਦੀ ਮੁਹਰ ਛਾਪ ਹੇਠ ਹੀ ਗੁਰਬਾਣੀ ਰਚੀ ਤੇ ਅਗਲੇਰੇ ਗੁਰੂ ਸਾਹਿਬਾਨ ਨੇ ਵੀ ਇਸ ਪਰੰਪਰਾ ਨੂੰ ਜਾਰੀ ਰੱਖਿਆ।

*ਹਵਾਲੇ ਤੇ ਟਿੱਪਣੀਆਂ*

੧. *ਪ੍ਰਮਾਣਿਕ ਪੰਜਾਬੀ ਕੋਸ਼,* ਭਾਸ਼ਾ ਵਿਭਾਗ ਪੰਜਾਬ, ਪੰਨਾ ੧੬੪
੨. ਕਾਨ੍ਹ ਸਿੰਘ ਨਾਭਾ (ਭਾਈ), *ਗੁਰਸ਼ਬਦ ਰਤਨਾਕਰ ਮਹਾਨਕੋਸ਼,* ਪੰਨਾ ੩੧੧
੩. ਰੂਪ ਸਿੰਘ (ਸੰਪਾ.), *ਸਿੱਖ ਸੰਕਲਪ ਸਿਧਾਂਤ ਤੇ ਸੰਸਥਾਵਾਂ,* ਧਰਮ ਪ੍ਰਚਾਰ ਕਮੇਟੀ,ਸ੍ਰੀ ਅੰਮ੍ਰਿਤਸਰ,੨੦੧੨, ਪੰਨਾ ੨੯
੪. ਦਰਸ਼ਨ ਸਿੰਘ, *ਗੁਰੂ ਗ੍ਰੰਥ ਬਾਣੀ ਵਿਚ ਗੁਰੂ ਦਾ ਸੰਕਲਪ,* ਪਬਲੀਕੇਸ਼ਨ ਬਿਊਰੋ,ਪੰਜਾਬੀ ਯੂਨੀਵਰਸਿਟੀ,ਪਟਿਆਲਾ ੧੯੯੯(ਤੀਜੀ ਵਾਰ), ਪੰਨਾ ੬੨
੫. ਰਤਨ ਸਿੰਘ ਜੱਗੀ (ਡਾ.), *ਗੁਰੂ ਗ੍ਰੰਥ ਸਾਹਿਬ ਦੇ ਬਾਣੀਕਾਰ,* ਆਰਸੀ ਪਬਲਿਸ਼ਰਜ਼, ਦਿੱਲੀ, ੨੦੦੯, ਪੰਨਾ ੨੨
੬. ਦਰਸ਼ਨ ਸਿੰਘ, *ਗੁਰੂ ਗ੍ਰੰਥ ਬਾਣੀ ਵਿਚ ਗੁਰੂ ਦਾ ਸੰਕਲਪ,* ਪੰਨਾ ੧੭੩
੭. ਕੁਲਦੀਪ ਸਿੰਘ ਧੀਰ, *ਗੁਰਬਾਣੀ ਜੋਤਿ ਅਤੇ ਜੁਗਤ,* ਪੰਜਾਬੀ ਪਬਲੀਕੇਸ਼ਨ, ਪਟਿਆਲਾ, ੧੯੯੪, ਪੰਨਾ ੧੩੪
੮. ਤਾਰਨ ਸਿੰਘ, *ਗੁਰੂ ਅੰਗਦ ਦੇਵ ਜੀ,* ਪੰਜਾਬੀ ਯੂਨੀਵਰਸਿਟੀ ਪਟਿਆਲਾ, ੧੯੭੫, ਪੰਨਾ ੯੧

# ਮਾਰੂ ਸੋਲਹੇ: ਇਕ ਅਧਿਐਨ

*-ਸਤਵਿੰਦਰ ਸਿੰਘ ਫੂਲਪੁਰ**

'ਮਾਰੂ ਸੋਲਹੇ' ਗੁਰਬਾਣੀ ਵਿਚ ਇਕ ਵਿਸ਼ੇਸ਼ ਸਿਰਲੇਖ ਹੈ, ਜਿਸ 'ਚ ਮਾਰੂ ਰਾਗ ਅੰਦਰ ਗੁਰੂ ਸਾਹਿਬਾਨ ਨੇ ਸੋਲਹੇ ਨਾਮ ਦੀ ਬਾਣੀ ਉਚਾਰਨ ਕੀਤੀ ਹੈ। ਸੋਲਹੇ ਦਾ ਭਾਵ ਅਰਥ ਹੈ- ੧੬ ਪਦਾਂ ਦਾ ਛੰਦ। ਇਹ ਇਕ ਮਾਤਰਿਕ ਛੰਦ ਹੈ ਜਿਸ ਵਿਚ ੧੬ ਪਦੇ ਹੁੰਦੇ ਹਨ ਅਤੇ ਹਰੇਕ ਪਦੇ ਵਿਚ ਤਿੰਨ ਚਰਨ ਹੁੰਦੇ ਹਨ। ਪਹਿਲੇ ਦੋ ਚਰਨ ਸਮਾਨ ਅਕਾਰ ੧੬+੧੬=੩੨ ਮਾਤ੍ਰਾ ਅਤੇ ਤੀਸਰਾ ਚਰਨ ਪਹਿਲੇ ਦੋ ਚਰਨਾਂ ਜਿੰਨਾਂ ਲੰਮਾ ੧੬+੧੫=੩੧ ਜਾਂ ੧੬+੧੩=੨੯ ਮਾਤ੍ਰਾ ਦਾ ਹੁੰਦਾ ਹੈ। ਇਸ ਛੰਦ ਦੀ ਚਾਲ ਮੱਧਮ, ਮਧੁਰ ਅਤੇ ਲੋਰੀ ਵਾਂਗ ਲੰਮੀ ਹੇਕ ਵਾਲੀ ਹੁੰਦੀ ਹੈ। ਇਸ ਸਾਹਿਤਕ ਵੰਨਗੀ ਦੀ ਚਾਲ ਚਿਤ੍ਰਕਲਾ ਛੰਦ ਨਾਲ ਮਿਲਦੀ ਹੈ ਜਿਸ ਦੀਆਂ ੬੧ ਮਾਤ੍ਰਾ ਹੁੰਦੀਆਂ ਹਨ, ਪਰ ਸੋਲਹੇ ਵਿਚ ੬੧ ਜਾਂ ੬੩ (੩੨+੨੯=੬੧,੩੨+੩੧=੬੩) ਮਾਤ੍ਰਾ ਹੁੰਦੀਆਂ ਹਨ। ਇਸ ਛੰਦ ਨੂੰ *ਘਨਕਲਾ* ਛੰਦ ਜਾਂ *ਸ਼ੋਡਸ਼ਪਦੀ* ਵੀ ਕਹਿ ਲਿਆ ਜਾਂਦਾ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪੰਨਾ ੧੦੨੦ ਤੋਂ ੧੦੪੩ ਉੱਪਰ *'ਮਾਰੂ ਸੋਲਹੇ'* ਸਿਰਲੇਖ ਹੇਠ ਪਹਿਲੇ ਪਾਤਸ਼ਾਹ ਦੇ ੨੨, ਤੀਜੇ ਪਾਤਸ਼ਾਹ ਦੇ ੨੪, ਚੌਥੇ ਪਾਤਸ਼ਾਹ ਦੇ ੨ ਅਤੇ ਪੰਜਵੇਂ ਪਾਤਸ਼ਾਹ ਦੇ ੧੪ ਸ਼ਬਦ ਅੰਕਿਤ ਹਨ। ਸੋਲਹਾ ਕਾਵਿ ਛੰਦ ਵਿਚ ੧੬ ਪਦੇ ਹੁੰਦੇ ਹਨ, ਪਰ ਭਾਰਤੀ ਕਾਵਿ ਸ਼ਾਸ਼ਤਰ ਦੇ ਨੇਮ ਗੁਰਬਾਣੀ ਉੱਪਰ ਹੂ-ਬਹੂ ਲਾਗੂ ਨਹੀਂ ਹੁੰਦੇ, ਕਿਉਂਕਿ ਗੁਰਬਾਣੀ ਧੁਰੋਂ ਵਰਸੋਈ ਹੋਈ ਖਸਮ ਕੀ ਬਾਣੀ ਹੈ। ਇਸ ਲਈ ਚਾਰਾਂ ਪਾਤਸ਼ਾਹੀਆਂ ਦੁਆਰਾ ਉਚਾਰਨ ਕੀਤੇ ਕੁੱਲ ੬੨ ਸ਼ਬਦਾਂ ਵਿਚ ਪਦਿਆਂ ਦੀ ਗਿਣਤੀ ੯ ਤੋਂ ੨੧ ਤਕ ਮਿਲਦੀ ਹੈ: ੯ ਪਦਿਆਂ ਦਾ ੧, ੧੫ ਪਦਿਆਂ ਦੇ ੯, ੧੬ ਪਦਿਆਂ ਦੇ ੪੫, ੧੭ ਪਦਿਆਂ ਦੇ ੬, ੨੧ ਪਦਿਆਂ ਦਾ ੧. ਇਨ੍ਹਾਂ ਪਦਿਆਂ ਅੰਦਰ 'ਰਹਾਉ' ਦੀ ਕੋਈ ਤੁਕ ਨਹੀਂ ਆਉਂਦੀ।

ਡਾ. ਮਹਿੰਦਰ ਕੌਰ ਲਿਖਦੇ ਹਨ ਕਿ, "ਸੋਲਹਾ ਦੀ ਵਸਤੂ ਸਮੱਗਰੀ ਬ੍ਰਹਿਮੰਡ ਦੀ ਉਤਪਤੀ ਤੇ ਵਿਕਾਸ ਹੈ। ਇਸ ਦੀ ਵਿਸ਼ਾਲਤਾ ਅਤਿ ਕਮਾਲ ਦੀ ਹੈ। ਗੁਰੂ ਸਾਹਿਬਾਨ ਦੀ ਸੁਰਤਿ ਜੁਗਾਂ ਨੂੰ ਚੀਰਦੀ *ਪਾਤਾਲਾ ਪਾਤਾਲ ਲਖ ਆਗਾਸਾ ਆਗਾਸ* ਨੂੰ ਗਾਂਹਦੀ ਧੁੰਧੂਕਾਰ ਤੇ ਸੁੰਨ ਤੋਂ ਕੁਦਰਤ ਦੀ ਵਿਸ਼ਾਲ ਕਾਇਨਾਤ ਨੂੰ ਉਲੀਕਦੀ ਹੈ। ਸੋਲਹਿਆਂ ਦੀ ਬਿਰਤੀ ਮਹਿਮਾ ਵਾਚਕ ਹੈ। ਵੱਖ-ਵੱਖ ਦ੍ਰਿਸ਼ਟਾਂਤਾਂ ਰਾਹੀਂ ਨਿਹਾਇਤ ਖੂਬਸੂਰਤ ਬਿੰਬਾਂ ਦੀ ਸਿਰਜਣਾ ਇਨ੍ਹਾਂ ਸੋਲਹਿਆਂ ਦਾ ਖਾਸਾ ਹੈ। ਸੋਲਹੇ ਇਕ ਪ੍ਰਗੀਤਕ ਲੰਬੀ ਰਚਨਾ ਹੈ। ਇਸ ਰੂਪਾਕਾਰ ਦੀ ਵੱਖਰਤਾ ਇਸ ਦੀ ਰੂਪ ਬਣਤਰ ਤੇ ਵਸਤੂ

**ਸੰਪਾਦਕ, ਗੁਰਮਤਿ ਪ੍ਰਕਾਸ਼ ਅਤੇ ਗੁਰਮਤਿ ਗਿਆਨ। ਮੋ: +੯੧੯੯੧੪੪-੧੯੪੯੪*

ਸਮੱਗਰੀ ਵਿਚ ਹੈ। ਸੋਲਹਾ ਚਿੰਤਨਮਈ ਪ੍ਰਵਾਹ ਨੂੰ ਬਾਰਮ-ਬਾਰ ਸਾਹਮਣੇ ਲਿਆਉਂਦਾ ਹੈ। ਬਾਣੀਕਾਰ ਬ੍ਰਹਿਮੰਡੀ ਕਲਾ ਨੂੰ ਅਕਲ-ਕਲਾ ਨਾਲ ਸਮਝਦੇ ਵਿਚਾਰਦੇ ਹਨ।"[1]

ਡਾ. ਸ਼ਮਸ਼ੇਰ ਸਿੰਘ ਲਿਖਦੇ ਹਨ ਕਿ, "ਸੋਲਹਿਆਂ ਦਾ ਆਮ ਵਿਸ਼ਾ ਬ੍ਰਹਿਮੰਡ ਦੀ ਉਤਪਤੀ ਅਤੇ ਵਿਕਾਸ ਹੈ। ਗੁਰੂ ਸਾਹਿਬਾਨ ਨੇ ਇਸ ਵਿਸ਼ੇ ਨੂੰ ਬੜੀ ਵਿਸ਼ਾਲਤਾ ਨਾਲ ਨਿਭਾਹਿਆ ਹੈ। ਗੁਰੂ ਸਾਹਿਬਾਨ ਦੀ ਕਲਪਨਾ ਜੁਗਾਂ ਦੇ ਸਮੇਂ ਨੂੰ ਚੀਰਦੀ ਹੈ 'ਪਾਤਾਲਾ ਪਾਤਾਲ ਲਖ ਆਗਾਸਾ ਆਗਾਸ' ਨੂੰ ਗਾਂਹਦੀ ਹੈ ਅਤੇ ਸੁੰਨ ਤੋਂ ਧੁੰਧੂਕਾਰ ਦੀ ਉਤਪਤੀ ਦੱਸਦੀ ਹੈ। ਬ੍ਰਹਿਮੰਡ ਵਿਚਲੀ ਵਿਸ਼ਾਲ ਕੁਦਰਤ ਦੀ ਸੁੰਦਰਤਾ ਦਾ ਚਿੱਤਰ ਉਲੀਕਦੀ ਹੈ। ਪ੍ਰਭੂ ਦੀ ਸਰਬ ਵਿਆਪਕਤਾ ਅਤੇ ਸਭ ਜੀਵਾਂ ਨੂੰ ਉਤਪੰਨ ਕਰ ਕੇ ਉਨ੍ਹਾਂ ਦੀ ਮੁਕੰਮਲ ਦੇਖ-ਭਾਲ ਕਰਨ ਆਦਿ ਪੱਖਾਂ ਉੱਤੇ ਵਿਸਥਾਰ ਸਹਿਤ ਪ੍ਰਕਾਸ਼ ਪਾਉਂਦੀ ਹੈ।"[2]

ਇਸ ਲੇਖ ਵਿਚ ਅਸੀਂ ਸ੍ਰੀ ਗੁਰੂ ਅਮਰਦਾਸ ਜੀ ਤੇ ਸ੍ਰੀ ਗੁਰੂ ਰਾਮਦਾਸ ਜੀ ਵੱਲੋਂ ਉਚਾਰਨ ਕੀਤੇ ਸੋਲਹਿਆਂ ਬਾਰੇ ਸੰਖੇਪ ਵਿਚਾਰ ਕਰਾਂਗੇ। ਵਿਸ਼ਿਆਂ ਦੀ ਗਹਿਰ ਗੰਭੀਰਤਾ ਅਤੇ ਬਾਣੀ ਦੇ ਆਕਾਰ ਨੂੰ ਧਿਆਨ ਵਿਚ ਰੱਖਦਿਆਂ ਉਕਤ ਗੁਰੂ ਸਾਹਿਬਾਨ ਦੇ ਸੋਲਹਿਆਂ ਵਿੱਚੋਂ ਕੁਝ ਵਿਸ਼ਿਆਂ ਨਾਲ ਸੰਬੰਧਿਤ ਕੁਝ ਕੁ ਪੰਕਤੀਆਂ ਨੂੰ ਹੀ ਅਧਿਐਨ ਕੇਂਦਰਿਤ ਕੀਤਾ ਗਿਆ ਹੈ। ਵਿਸ਼ਿਆਂ ਦੀ ਆਪਣੀ ਕੋਈ ਵਿਸ਼ੇਸ਼ ਤਰਤੀਬ ਨਹੀਂ ਚਲੰਤ ਪਾਠ ਵਿੱਚੋਂ ਹੀ ਵਿਸ਼ੇ ਚੁਣੇ ਗਏ ਹਨ।

ਡਾ. ਤਾਰਨ ਸਿੰਘ ਅਨੁਸਾਰ "ਸ੍ਰੀ ਗੁਰੂ ਅਮਰਦਾਸ ਜੀ ਦੇ ਮਾਰੂ ਸੋਲਹਿਆਂ ਅੰਦਰ ਪ੍ਰਭੂ ਵਰਣਨ ਵਿਚ ਉਹੀ ਵਿਸ਼ਾਲਤਾ ਹੈ ਜੋ ਸ੍ਰੀ ਗੁਰੂ ਨਾਨਕ ਸਾਹਿਬ ਦੇ ਸੋਲਹਿਆਂ ਵਿਚ ਹੈ। ਇਤਨੇ ਵਿਸ਼ਾਲ ਬ੍ਰਹਿਮੰਡ ਵਿੱਚੋਂ ਜੋ ਮਨੁੱਖ ਹਉਮੈਂ ਦਾ ਨਾਸ਼ ਕਰ ਕੇ ਗੁਰੂ ਦੇ ਨਾਮ ਦੁਆਰਾ ਦੇਹੀ ਨੂੰ ਟੋਲਦਾ ਹੈ, ਉਸ ਨੂੰ ਸਭ ਵਥੁ ਲਭਦੀ ਹੈ। *ਕਾਇਆ ਕੰਚਨ ਸਬਦ ਵੀਚਾਰਾ॥ ਤਿਥੈ ਹਰਿ ਵਸੈ ਜਿਸਦਾ ਅੰਤਿ ਨ ਪਾਰਾਵਾਰਾ॥ ਮੇਰੈ ਕਰਤੈ ਇਕ ਬਣਤ ਬਣਾਈ॥ ਇਸੁ ਦੇਹੀ ਵਿਚਿ ਸਭ ਵਥੁ ਪਾਈ॥ ਨਾਨਕ ਨਾਮੁ ਵਣਜਹਿ ਰੰਗਿ ਰਾਤੇ ਗੁਰਮੁਖਿ ਕੋ ਨਾਮੁ ਪਾਇਦਾ॥*"[3]

**ਜਗਤ ਰਚਨਾ:** ਜਗਤ ਰਚਨਾ ਬਾਰੇ ਮਾਰੂ ਸੋਲਹਿਆਂ ਵਿਚ ਸੰਕੇਤ ਮਿਲਦੇ ਹਨ ਕਿ ਜਗਤ ਰਚਨਾ ਪਰਮਾਤਮਾ ਨੇ ਬਿਨਾ ਕਿਸੇ ਉਚੇਚੇ ਯਤਨ ਦੇ ਆਪਣੇ ਹੁਕਮ ਰਾਹੀਂ ਸਾਜੀ ਹੈ। ਉਹ ਇਸ ਰਚਨਾ ਤੋਂ ਵੱਖ ਨਹੀਂ ਸਗੋਂ ਇਸ ਨੂੰ ਸਾਜ ਕੇ ਇਸ ਦੇ ਵਿਚ ਹੀ ਸਮਾਇਆ ਹੋਇਆ ਹੈ:

*ਹੁਕਮੀ ਸਹਜੇ ਸ੍ਰਿਸਟਿ ਉਪਾਈ॥ ਕਰਿ ਕਰਿ ਵੇਖੈ ਅਪਣੀ ਵਡਿਆਈ॥*
*ਆਪੇ ਕਰੇ ਕਰਾਏ ਆਪੇ ਹੁਕਮੇ ਰਹਿਆ ਸਮਾਈ ਹੇ॥* (ਪੰਨਾ ੧੦੪੩)

**ਤ੍ਰਿਸ਼ਨਾ:** ਇਹ ਸਾਰਾ ਸੰਸਾਰ ਤ੍ਰਿਸ਼ਨਾ ਦੀ ਅੱਗ ਵਿਚ ਸੜ ਰਿਹਾ ਹੈ, ਜਿਨ੍ਹਾਂ ਦੇ ਹਿਰਦੇ ਵਿਚ ਪਰਮਾਤਮਾ ਦਾ ਨਾਮ ਟਿਕ ਜਾਂਦਾ ਹੈ। ਉਹ ਗੁਰੂ ਸ਼ਬਦ ਦੁਆਰਾ

ਆਤਮਿਕ ਸੂਝ ਹਾਸਲ ਕਰ ਕੇ ਇਸ ਤ੍ਰਿਸ਼ਨਾ ਤੋਂ ਨਿਜਾਤ ਪਾ ਲੈਂਦੇ ਹਨ:

*ਤ੍ਰਿਸਨਾ ਅਗਨਿ ਜਲੈ ਸੰਸਾਰਾ॥ ਜਲਿ ਜਲਿ ਖਪੈ ਬਹੁਤੁ ਵਿਕਾਰਾ॥...*
*ਅੰਤਰਿ ਨਾਮੁ ਰਵਿਆ ਨਿਹਕੇਵਲੁ ਤ੍ਰਿਸਨਾ ਸਬਦਿ ਬੁਝਾਈ ਹੇ॥ (ਪੰਨਾ ੧੦੪੪)*

**ਏਕੇ ਦੀ ਸਰਬਵਿਆਪਕਤਾ**: ਸਮਸਤ ਕਾਇਨਾਤ ਅੰਦਰ ਕੇਵਲ ਤੇ ਕੇਵਲ ਇਕ ਪਰਮਾਤਮਾ ਦੀ ਸੱਤਾ ਹੀ ਮੌਜੂਦ ਹੈ ਅਤੇ ਪਰਮਾਤਮਾ ਸਾਰੇ ਜੀਵਾਂ ਵਿਚ ਸਮਾਇਆ ਹੋਇਆ ਹੈ। ਪਰਮਾਤਮਾ ਦੀ ਇਸ ਸਰਬਵਿਆਪਕਤਾ ਦੇ ਭੇਦ ਨੂੰ ਕੇਵਲ ਗੁਰਮੁਖ ਜਨ ਹੀ ਸ਼ਬਦ ਦੀ ਕਮਾਈ ਰਾਹੀਂ ਬੁੱਝਦੇ ਹਨ:

*ਏਕੋ ਏਕੁ ਵਰਤੈ ਸਭੁ ਸੋਈ॥ ਗੁਰਮੁਖਿ ਵਿਰਲਾ ਬੂਝੈ ਕੋਈ॥*
*ਏਕੋ ਰਵਿ ਰਹਿਆ ਸਭ ਅੰਤਰਿ ਤਿਸੁ ਬਿਨੁ ਅਵਰ ਨ ਕੋਈ ਹੇ॥ (ਪੰਨਾ ੧੦੪੪)*

**ਅਉਗੁਣਿਆਰੀ ਤੇ ਗੁਣਵੰਤੀ**: ਖੋਟੀ ਮੱਤ ਵਾਲੀ ਜੀਵ-ਇਸਤਰੀ ਅਉਗਣਾਂ ਨਾਲ ਭਰਪੂਰ ਵਿਕਾਰਾਂ ਵਿਚ ਮਸਤ ਰਹਿੰਦੀ ਹੈ ਅਤੇ ਫਿੱਕਾ ਬੋਲਦੀ ਹੈ। ਅਜਿਹੇ ਅਉਗਣਾਂ ਕਾਰਨ ਉਸ ਨੂੰ ਪਰਮਾਤਮਾ ਦਾ ਨਾਮ ਨਸੀਬ ਨਹੀਂ ਹੁੰਦਾ:

*ਦੁਰਮਤਿ ਝੂਠੀ ਬੁਰੀ ਬੁਰਿਆਰਿ॥ ਅਉਗੁਣਿਆਰੀ ਅਉਗੁਣਿਆਰਿ॥*
*ਕਚੀ ਮਤਿ ਫੀਕਾ ਮੁਖਿ ਬੋਲੈ ਦੁਰਮਤਿ ਨਾਮੁ ਨ ਪਾਈ ਹੇ॥ (ਪੰਨਾ ੧੦੪੭)*

ਇਸ ਦੇ ਉਲਟ ਗੁਣਾਂ ਨੂੰ ਧਾਰਨ ਕਰਨ ਵਾਲੀ ਜੀਵ ਇਸਤਰੀ ਨੂੰ ਸਦੀਵੀ ਪ੍ਰਭੂ ਮਿਲਾਪ ਬਣਿਆ ਰਹਿੰਦਾ ਹੈ:

*ਗੁਣਵੰਤੀ ਸਦਾ ਪਿਰੁ ਰਾਵੈ ਸਤਿਗੁਰਿ ਮੇਲਿ ਮਿਲਾਈ ਹੇ॥ (ਪੰਨਾ ੧੦੪੭)*

**ਚੌਂਕੇ ਦੀ ਸੁੱਚਮਤਾ**: ਸੁੱਚ-ਭਿੱਟ ਤੇ ਭਰਮ ਵਿਚ ਫਸਿਆ ਜਾਤ ਅਭਿਮਾਨੀ ਬ੍ਰਾਹਮਣ ਵਰਗ ਚੌਂਕੇ ਅੰਦਰ ਭੋਜਨ ਤਿਆਰ ਕਰਨ ਲੱਗਿਆਂ ਇਕ ਰੇਖਾ ਖਿੱਚ ਕੇ ਸੀਮਾ ਨਿਰਧਾਰਿਤ ਕਰ ਲੈਂਦਾ ਸੀ। ਉਸ ਰੇਖਾ ਦੇ ਅੰਦਰ ਜੇਕਰ ਕੋਈ ਅਖੌਤੀ ਸ਼ੂਦਰ ਜਾਤੀ ਦਾ ਵਿਅਕਤੀ ਪ੍ਰਵੇਸ਼ ਕਰ ਜਾਂਦਾ ਹੈ ਤਾਂ ਚੌਂਕਾ ਭ੍ਰਿਸ਼ਟ ਹੋ ਗਿਆ ਸਮਝ ਕੇ ਸਾਰਾ ਭੋਜਨ ਕਾਵਾਂ-ਕੁੱਤਿਆਂ ਨੂੰ ਪਾ ਦਿੱਤਾ ਜਾਂਦਾ ਸੀ। ਸ੍ਰੀ ਗੁਰੂ ਅਮਰਦਾਸ ਜੀ ਇਸ ਪ੍ਰਸੰਗ ਦੀ ਅਧਿਆਤਮਕ ਅਭਿਵਿਅਕਤੀ ਕਰਦੇ ਹੋਏ ਕਹਿੰਦੇ ਹਨ ਕਿ ਉਹ ਹਿਰਦਾ ਰੂਪੀ ਚੌਂਕਾ ਸੁੱਚਾ ਹੈ ਜਿਸ ਦੀਆਂ ਪ੍ਰਭੂ-ਚਰਨਾਂ ਵਿਚ ਲੱਗੀ ਹੋਈ ਲਗਨ (ਸੁਰਤ ਸ਼ਬਦ ਦਾ ਸੁਮੇਲ) ਰੂਪੀ ਲਕੀਰਾਂ ਹਨ ਜੋ ਨੀਚ ਬਿਰਤੀ ਦੇ ਮੂਲ ਵਿਸ਼ੇ-ਵਿਕਾਰਾਂ ਦੁਆਰਾ ਬਾਹਰੋਂ ਆ ਕੇ ਚੌਂਕਾ ਭਿੱਟਣ ਤੋਂ ਬਚਾਉਂਦੀਆਂ ਹਨ। ਅਜਿਹੇ ਪਵਿੱਤਰ ਹਿਰਦੇ ਦੀ ਖੁਰਾਕ ਪਰਮਾਤਮਾ ਦਾ ਨਾਮ ਹੈ:

*ਸਚਾ ਚਉਕਾ ਸੁਰਤਿ ਕੀ ਕਾਰਾ॥ ਹਰਿ ਨਾਮੁ ਭੋਜਨ ਸਚੁ ਆਧਾਰਾ॥*
*(ਪੰਨਾ ੧੦੪੮)*

**ਕਰਤਾ ਪੁਰਖ**: ਗੁਰੂ ਸਾਹਿਬ ਕਰਤਾ ਪੁਰਖ ਦੀ ਵਿਆਖਿਆ ਕਰਦੇ ਹੋਏ ਫੁਰਮਾਉਂਦੇ ਹਨ ਕਿ ਸਮੱਸਤ ਜਗਤ ਦਾ ਕਰਤਾ ਪਰਮਾਤਮਾ ਆਪ ਹੈ, ਉਹ ਸਮਸਤ ਕਾਇਨਾਤ

ਅੰਦਰ ਛੋਟੇ-ਵੱਡੇ ਹਰੇਕ ਕਾਰਨ ਦਾ ਕਰਣਹਾਰ ਹੈ। ਉਸ ਦੀ ਵਿਸ਼ੇਸ਼ਤਾ ਇਹ ਹੈ ਕਿ ਉਹ ਕਾਰਨ ਵੀ ਆਪ ਹੈ ਅਤੇ ਕਰਣ ਵੀ ਆਪ ਹੀ ਹੈ ਇਸੇ ਲਈ ਉਹ ਸਭ ਜੀਵਾਂ ਨੂੰ ਪੈਦਾ ਕਰ ਕੇ ਆਪ ਹੀ ਉਨ੍ਹਾਂ ਵਿਚ ਸਮਾਇਆ ਹੋਇਆ ਹੈ:

*ਆਪੇ ਕਰਤਾ ਸਭੁ ਜਿਸੁ ਕਰਣਾ॥ ਜੀਅ ਜੰਤ ਸਭਿ ਤੇਰੀ ਸਰਣਾ॥*
*ਆਪੇ ਗੁਪਤੁ ਵਰਤੈ ਸਭ ਅੰਤਰਿ ਗੁਰ ਕੈ ਸਬਦਿ ਪਛਾਤਾ ਹੇ॥ (ਪੰਨਾ ੧੦੫੨)*

**ਮਨਮੁਖ:** ਗੁਰੂ ਸਾਹਿਬ ਮਨਮੁਖ ਬਾਰੇ ਕਥਨ ਕਰਦੇ ਹਨ ਕਿ ਜਿਹੜੇ ਮਨੁੱਖ ਗੁਰੂ ਸ਼ਬਦ ਨਾਲ ਸਾਂਝ ਨਹੀਂ ਪਾਉਂਦੇ ਉਹ ਆਪਣੇ ਮਨ ਦੇ ਮਗਰ ਤੁਰਨ ਲੱਗ ਪੈਂਦੇ ਹਨ। ਗੁਰੂ ਦੇ ਦਰ ਅਦਬ ਦੀ ਕਦਰ ਤੋਂ ਸੱਖਣੇ ਅਜਿਹੇ ਮਨਮੁਖਾਂ ਨੂੰ ਪਰਮਾਤਮਾ ਦਾ ਮਿਲਾਪ ਹਾਸਲ ਨਹੀਂ ਹੁੰਦਾ:

*ਸੇ ਮਨਮੁਖ ਜੋ ਸਬਦੁ ਨ ਪਛਾਣਹਿ॥ ਗੁਰ ਕੇ ਭੈ ਕੀ ਸਾਰ ਨ ਜਾਣਹਿ॥*
*ਭੈ ਬਿਨੁ ਕਿਉ ਨਿਰਭਉ ਸਚੁ ਪਾਈਐ ਜਮੁ ਕਾਢਿ ਲਏਗਾ ਸਾਹਾ ਹੇ॥*
*(ਪੰਨਾ ੧੦੫੪)*

**ਅਗਿਆਨੀ:** ਆਤਮਿਕ ਜੀਵਨ ਤੋਂ ਬੇਸਮਝ ਅਤੇ ਮਾਇਆ ਦੇ ਮੋਹ ਵਿਚ ਗਲਤਾਨ ਹੋਇਆ ਮਨੁੱਖ ਪਰਮਾਤਮਾ ਦਾ ਨਾਮ ਭੁਲਾ ਕੇ ਤੀਰਥ-ਇਸ਼ਨਾਨ ਆਦਿਕ ਅਨੇਕਾਂ ਕਰਮ-ਕਾਂਡਾਂ ਉੱਪਰ ਜ਼ੋਰ ਦਿੰਦਾ ਹੈ। ਅਜਿਹਾ ਮਨੁੱਖ ਮਨਹਠ ਕਰਮਾਂ ਕਰਕੇ ਆਵਾਗਵਨ ਦੇ ਚੱਕਰਾਂ ਵਿਚ ਪਿਆ ਰਹਿੰਦਾ ਹੈ:

*ਅਗਿਆਨੀ ਅੰਧਾ ਬਹੁ ਕਰਮ ਦ੍ਰਿੜਾਏ॥ ਮਨਹਠਿ ਕਰਮ ਫਿਰਿ ਜੋਨੀ ਪਾਏ॥*
*(ਪੰਨਾ ੧੦੫੫)*

**ਸਤਿਗੁਰ ਅਸੁਰ ਸੰਘਾਰ ਹੈ:** ਸਦਾ ਕਾਇਮ ਰਹਿਣ ਵਾਲਾ ਪਰਮਾਤਮਾ ਮਨੁੱਖ ਦੇ ਅੰਦਰੋਂ ਕਾਮ ਆਦਿਕ ਦੈਂਤਾਂ ਦਾ ਨਾਸ਼ ਕਰਨ ਵਾਲਾ ਹੈ। ਉਹ ਆਪਣੇ ਭਗਤਾਂ ਨੂੰ ਗੁਰੂ ਉਪਦੇਸ਼ ਵਿਚ ਜੋੜ ਕੇ ਸੰਸਾਰ ਸਮੁੰਦਰ ਤੋਂ ਪਾਰ ਲੰਘਾ ਦਿੰਦਾ ਹੈ:

*ਮੇਰਾ ਪ੍ਰਭੁ ਸਾਚਾ ਅਸੁਰ ਸੰਘਾਰਣੁ॥ ਗੁਰ ਕੈ ਸਬਦਿ ਭਗਤਿ ਨਿਸਤਾਰਣੁ॥*
*(ਪੰਨਾ ੧੦੫੬)*

**ਕੁਦਰਤ ਦੀ ਵਿਭਿੰਨਤਾ:** ਇਹ ਜਗਤ ਰਚਨਾ ਉਸ ਅਕਾਲ ਪੁਰਖ ਦੀ ਅਦਭੁਤ ਲੀਲ੍ਹਾ ਹੈ। ਇਸ ਲੀਲ੍ਹਾ ਵਿਚ ਉਸ ਨੇ ਕੋਈ ਜੀਵ, ਕੋਈ ਸ਼ੈਅ ਇਕ ਦੂਸਰੇ ਵਰਗੀ ਪੈਦਾ ਨਹੀਂ ਕੀਤੀ। ਸ਼ਕਲ ਕਰਕੇ, ਸੁਭਾਅ ਕਰਕੇ ਸਭ ਵੱਖੋ-ਵੱਖਰੇ ਹਨ। ਪਰਮਾਤਮਾ ਆਪ ਹੀ ਜੀਵਾਂ ਵਿਚ ਇਹ ਫ਼ਰਕ ਪੈਦਾ ਕਰਦਾ ਹੈ ਅਤੇ ਆਪ ਹੀ ਇਹ ਫ਼ਰਕ ਵੇਖ ਕੇ ਖੁਸ਼ ਹੁੰਦਾ ਹੈ। ਸਭ ਜੀਵਾਂ ਦੇ ਅੰਦਰ ਸਾਰੇ ਹੀ ਰਸ (ਚਸਕੇ) ਪੈਦਾ ਕੀਤੇ ਹਨ। ਉਹ ਵੀ ਕਿਸੇ ਵਿਚ ਇਕਸਾਰ ਨਹੀਂ:

*ਮੇਰੈ ਪ੍ਰਭਿ ਸਾਚੈ ਇਕੁ ਖੇਲੁ ਰਚਾਇਆ॥*
*ਕੋਇ ਨ ਕਿਸ ਹੀ ਜੇਹਾ ਉਪਾਇਆ॥*

*ਆਪੇ ਫਰਕੁ ਕਰੇ ਵੇਖਿ ਵਿਗਸੈ ਸਭਿ ਰਸ ਦੇਹੀ ਮਾਹਾ ਹੇ॥* (ਪੰਨਾ ੧੦੫੬)

**ਅੰਤਰਗਤ ਨਾਮ ਦੀ ਸੂਝ:** ਮਨੁੱਖ ਦੇ ਸਰੀਰ ਵਿਚ ਹੀ ਬੇਅੰਤ ਪਰਮਾਤਮਾ ਦਾ ਨਾਮ ਪਦਾਰਥ ਮੌਜੂਦ ਹੈ। ਪਰ ਮਨੁੱਖ ਦੀ ਮਤਿ ਦੇ ਦੁਆਲੇ ਮਾਇਆ ਦੇ ਮੋਹ ਦੇ ਕਿਵਾੜ ਵੱਜੇ ਰਹਿੰਦੇ ਹਨ। ਪਰਮਾਤਮਾ ਆਪ ਹੀ ਇਨ੍ਹਾਂ ਕਿਵਾੜਾਂ ਨੂੰ ਖੋਲਣ ਦੇ ਸਮਰੱਥ ਹੈ। ਜਿਹੜਾ ਮਨੁੱਖ ਗੁਰੂ ਦੇ ਰਾਹੀਂ ਆਤਮਿਕ ਅਡੋਲਤਾ ਵਿਚ ਟਿਕ ਕੇ ਆਤਮਿਕ ਜੀਵਨ ਦੇਣ ਵਾਲਾ ਨਾਮ ਜਲ ਪੀਂਦਾ ਹੈ। ਉਹ ਮਨੁੱਖ ਆਪਣੇ ਅੰਦਰੋਂ ਮਾਇਆ ਦੀ ਤ੍ਰਿਸ਼ਨਾ ਰੂਪੀ ਅੱਗ ਬੁਝਾ ਲੈਂਦਾ ਹੈ:

*ਦੇਹੀ ਅੰਦਰਿ ਵਸਤੁ ਅਪਾਰਾ॥ ਆਪੇ ਕਪਟ ਖੁਲਾਵਣਹਾਰਾ॥*
*ਗੁਰਮੁਖਿ ਸਹਜੇ ਅੰਮ੍ਰਿਤੁ ਪੀਵੈ ਤ੍ਰਿਸਨਾ ਅਗਨਿ ਬੁਝਾਹਾ ਹੇ॥* (ਪੰਨਾ ੧੦੫੬)

ਸ੍ਰੀ ਗੁਰੂ ਅਮਰਦਾਸ ਜੀ ਦੇ (ਪੰਨਾ ੧੦੬੯-੭੧ ਤਕ ਦਰਜ) ਮਾਰੂ ਸੋਲਹਿਆਂ ਵਿਚ ਸਿਰਫ਼ ਪਰਮਾਤਮਾ ਦੀ ਗੱਲ ਹੀ ਆਈ ਹੈ। ਜਿਵੇਂ ਪਰਮਾਤਮਾ ਜੀਵਨ ਨੂੰ ਸੋਹਣਾ ਬਣਾਉਣ ਦੀ ਸਮਰੱਥਾ ਵਾਲਾ ਹੈ *ਸਚਾ ਆਪਿ ਸਵਾਰਣਹਾਰਾ॥* ਉਹ ਸਭ ਜੀਵਾਂ ਦੇ ਮਨ ਵਿਚ ਵਸਦਾ ਹੈ *ਸਭਨਾ ਸਚੁ ਵਸੈ ਮਨ ਮਾਹੀ॥* ਉਹ ਜਿਸ ਮਨੁੱਖ ਦੇ ਹਿਰਦੇ ਵਿਚ ਆਤਮਿਕ ਜੀਵਨ ਦੇਣ ਵਾਲਾ ਨਾਮ ਰਸ ਪੈਦਾ ਕਰਦਾ ਹੈ, ਪਰਮਾਤਮਾ ਉਸ ਦੀ ਸੁਰਤ (ਦਸਮ ਦੁਆਰ) ਵਿਚ ਪਰਗਟ ਹੋ ਜਾਂਦਾ ਹੈ। *ਅੰਮ੍ਰਿਤ ਰਸੁ ਸਤਿਗੁਰੂ ਚੁਆਇਆ॥ ਦਸਵੈ ਦੁਆਰਿ ਪ੍ਰਗਟੁ ਹੋਇ ਆਇਆ॥* ਉਹ ਸਭਨਾਂ ਦੇ ਦਿਲਾਂ ਦੀ ਵੇਦਨਾ ਜਾਣਨ ਵਾਲਾ ਹੈ। ਇਸ ਲਈ ਉਸ ਤੋਂ ਕੁਰਬਾਨ ਜਾਣਾ ਚਾਹੀਦਾ ਹੈ *ਜੋ ਜੀਆ ਕੀ ਵੇਦਨ ਜਾਣੈ॥ ਤਿਸੁ ਸਾਹਿਬ ਕੈ ਹਉ ਕੁਰਬਾਣੈ॥* ਧਾਰਮਿਕ ਗ੍ਰੰਥ ਇਸ ਗੱਲ ਦੀ ਗਵਾਹੀ ਭਰਦੇ ਹਨ ਕਿ ਪਰਮਾਤਮਾ ਸ਼ਰਨ ਪਇਆਂ ਦੀ ਲਾਜ ਰੱਖਣ ਵਾਲਾ ਹੈ *ਜੋ ਸਰਣਿ ਪਰੈ ਤਿਸ ਕੀ ਪਤਿ ਰਾਖੈ ਜਾਇ ਪੂਛਹੁ ਵੇਦ ਪੁਰਾਣੀ ਹੇ॥* ਪਰਮਾਤਮਾ ਅੰਤਰਜਾਮੀ ਹੈ, ਉਸ ਦੇ ਗੁਣ ਕਥਨ ਤੋਂ ਬਾਹਰੇ ਹਨ *ਹਉ ਕਿਆ ਗੁਣ ਤੇਰੇ ਆਖਾ ਸੁਆਮੀ॥ ਤੂ ਸਰਬ ਜੀਆ ਕਾ ਅੰਤਰਜਾਮੀ॥* ਪਰਮਾਤਮਾ ਜਿਨ੍ਹਾਂ ਮਨੁੱਖਾਂ ਦਾ ਪੱਖਦਾਰ ਬਣਦਾ ਹੈ ਉਨ੍ਹਾਂ ਦੀ ਗੱਲ ਹਰ ਜਗ੍ਹਾ ਮੰਨੀ ਜਾਂਦੀ ਹੈ, *ਜਿਨ ਕਾ ਪਖੁ ਕਰਹਿ ਤੂ ਸੁਆਮੀ ਤਿਨ ਕੀ ਊਪਰਿ ਗਲ ਤੁਧੁ ਆਣੀ ਹੇ॥*

**ਨਾਮ ਦੇ ਮਿਲਣ ਨਾਲ ਗਿਆਨ ਦਾ ਪ੍ਰਗਾਸ:** ਸ੍ਰੀ ਗੁਰੂ ਰਾਮਦਾਸ ਜੀ ਲਿਖਦੇ ਹਨ ਕਿ ਸਤਿਗੁਰ (ਪਰਮਾਤਮਾ) ਦਾ ਗਿਆਨ ਬਹੁਤ ਹੀ ਕੀਮਤੀ ਰਤਨ ਹੈ, ਇਸ ਗਿਆਨ ਦਾ ਸੋਮਾ ਉਸ ਦਾ ਨਾਮ ਹੈ ਕਿਉਂਕਿ ਨਾਮ ਵਿਚ ਹੀ ਨਾਮੀ ਦੇ ਸਾਰੇ ਗੁਣ ਸਮੋਏ ਹੋਏ ਹਨ। ਜਿਹੜਾ ਨਾਮ ਪਦਾਰਥ ਹੈ ਉਹ ਗੁਰੂ ਦੇ ਰਾਹੀਂ ਪ੍ਰਾਪਤ ਹੁੰਦਾ ਹੈ। ਜਿਸ ਜੀਵ ਨੂੰ ਗੁਰੂ ਦੇ ਰਾਹੀਂ ਨਾਮ ਦਾ ਖਜ਼ਾਨਾ ਪ੍ਰਾਪਤ ਹੋ ਜਾਂਦਾ ਹੈ ਉਸ ਦੇ ਹਿਰਦੇ ਰੂਪੀ ਘਰ ਅੰਦਰ ਗਿਆਨ ਰੂਪੀ ਸੂਰਜ ਦੇ ਉਦੈ ਹੋਣ ਨਾਲ ਅਗਿਆਨ ਦਾ ਹਨੇਰਾ ਖਤਮ ਹੋ ਜਾਂਦਾ ਹੈ:

*ਪ੍ਰਗਟਿਆ ਸੂਰੁ ਨਿਸਿ ਮਿਟਿਆ ਅੰਧਿਆਰਾ॥*

*ਅਗਿਆਨੁ ਮਿਟਿਆ ਗੁਰ ਰਤਨਿ ਅਪਾਰਾ॥*
*ਸਤਿਗੁਰ ਗਿਆਨੁ ਰਤਨੁ ਅਤਿ ਭਾਰੀ ਕਰਮਿ ਮਿਲੈ ਸੁਖੁ ਪਾਈ ਹੇ॥*
*(ਪੰਨਾ ੧੦੬੯)*

**ਪਰਮਾਤਮਾ ਦੀ ਸਰਬਵਿਆਪਕਤਾ:** ਅਗਮ ਅਗੋਚਰ ਪਰਮਾਤਮਾ ਸਮਸਤ ਕਾਇਨਾਤ ਅੰਦਰ ਘਟ-ਘਟ ਵਿਚ ਰਮਿਆ ਹੋਇਆ ਹੈ, ਪ੍ਰੰਤੂ ਇਸ ਏਕੇ ਦੀ ਸਰਬਵਿਆਪਕਤਾ ਦੀ ਸੋਝੀ ਗੁਰੂ ਸ਼ਬਦ ਰਾਹੀਂ ਪ੍ਰਾਪਤ ਹੁੰਦੀ ਹੈ:

*-ਜਿਨਿ ਸਤਿਗੁਰੁ ਜਾਤਾ ਤਿਨਿ ਏਕੁ ਪਛਾਤਾ॥ ਸਰਬੇ ਰਵਿ ਰਹਿਆ ਸੁਖਦਾਤਾ॥*
*(ਪੰਨਾ ੧੦੬੯)*

*-ਹਰਿ ਅਗਮ ਅਗੋਚਰੁ ਸਦਾ ਅਬਿਨਾਸੀ॥ ਸਰਬ ਰਵਿ ਰਹਿਆ ਘਟ ਵਾਸੀ॥*
*(ਪੰਨਾ ੧੦੭੦)*

*-ਤੂੰ ਸਭ ਮਹਿ ਵਰਤਹਿ ਹਰਿ ਜਗੰਨਾਥੁ॥ (ਪੰਨਾ ੧੦੭੧)*

ਇਹ ਸੋਝੀ ਆਪਣੇ ਜੀਵਨ ਦੀ ਸ੍ਵੈ-ਪੜਚੋਲ ਕਰ ਕੇ, ਆਪਣਾ ਮੂਲ ਪਛਾਣ ਕੇ ਉੱਚਾ ਆਤਮਿਕ ਦਰਜਾ ਪ੍ਰਾਪਤ ਕਰ ਲੈਣ ਨਾਲ ਹੀ ਹੁੰਦੀ ਹੈ:

*ਆਤਮ ਚੀਨਿ ਪਰਮ ਪਦੁ ਪਾਇਆ ਸੇਵਾ ਸੁਰਤਿ ਸਮਾਈ ਹੇ॥ (ਪੰਨਾ ੧੦੭੦)*

**ਪਰਮਾਤਮਾ ਸਭ ਦਾ ਰਿਜ਼ਕ ਦਾਤਾ ਹੈ:** ਗੁਰੂ ਸਾਹਿਬ ਕਹਿੰਦੇ ਹਨ ਪਰਮਾਤਮਾ ਨੇ ਜਿਤਨੇ ਵੀ ਜੀਵ ਇਸ ਜਗਤ ਅੰਦਰ ਪੈਦਾ ਕੀਤੇ ਹਨ ਉਨ੍ਹਾਂ ਦੇ ਭੋਜਨ ਦੀ ਚਿੰਤਾ ਵੀ ਉਸ ਨੂੰ ਆਪ ਹੈ। ਇਸ ਲਈ ਮਨੁੱਖ ਨੂੰ ਮਿੱਤਰ, ਪੁੱਤਰ, ਭਾਈ ਆਦਿ ਦੀ ਦੁਨਿਆਵੀ ਆਸ ਛੱਡ ਕੇ ਕੇਵਲ ਉਸ ਪਰਮਾਤਮਾ ਉੱਪਰ ਹੀ ਟੇਕ ਰੱਖਣੀ ਚਾਹੀਦੀ ਹੈ ਕਿਉਂਕਿ ਉਹ ਜਲ-ਥਲ ਵਿਚ ਰਹਿਣ ਵਾਲੇ ਸਮਸਤ ਜੀਵਾਂ ਵਿਚ, ਇੱਥੋਂ ਤਕ ਕਿ ਪੱਥਰ ਦੇ ਅੰਦਰ ਬੈਠੇ ਕੀੜੇ ਦੀ ਪ੍ਰਤਿਪਾਲਣਾ ਵੀ ਉਹ ਆਪ ਭੋਜਨ ਦੇ ਕੇ ਕਰਦਾ ਹੈ:

*ਨਾ ਕਰਿ ਚਿੰਤ ਚਿੰਤਾ ਹੈ ਕਰਤੇ॥ ਹਰਿ ਦੇਵੈ ਜਲਿ ਥਲਿ ਜੰਤਾ ਸਭਤੈ॥*
*ਅਚਿੰਤ ਦਾਨੁ ਦੇਇ ਪ੍ਰਭੁ ਮੇਰਾ ਵਿਚਿ ਪਾਥਰ ਕੀਟ ਪਖਾਣੀ ਹੇ॥*
*ਨਾ ਕਰਿ ਆਸ ਮੀਤ ਸੁਤ ਭਾਈ॥*
*ਨਾ ਕਰਿ ਆਸ ਕਿਸੈ ਸਾਹ ਬਿਉਹਾਰ ਕੀ ਪਰਾਈ॥ (ਪੰਨਾ ੧੦੭੦)*

**ਹਵਾਲੇ ਤੇ ਟਿੱਪਣੀਆਂ**


੧. ਮਹਿੰਦਰ ਕੌਰ (ਗਿੱਲ), (ਡਾ.), *ਸ੍ਰੀ ਗੁਰੂ ਗ੍ਰੰਥ ਸਾਹਿਬ: ਰੂਪ-ਵਿਧਾਨ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੰਨਾ ੬੦-੬੧.

੨. ਸ਼ਮਸ਼ੇਰ ਸਿੰਘ (ਡਾ.), *ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਿਰਲੇਖ ਵਿਧਾਨ*, ਸਰਬਜਿੰਦਰ ਸਿੰਘ ਡਾ., (ਸੰਪਾ.), *ਨਾਨਕ ਪ੍ਰਕਾਸ਼ ਪੱਤ੍ਰਿਕਾ, ਵਿਸ਼ਵ ਧਰਮ ਗ੍ਰੰਥ*, ਸ੍ਰੋਤ ਗ੍ਰੰਥ ਵਿਸ਼ੇਸ਼ ਅੰਕ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ੨੦੦੬, ਪੰਨਾ ੧੭੨.

੩. ਤਾਰਨ ਸਿੰਘ (ਡਾ.), *ਗੁਰੂ ਅਮਰਦਾਸ: ਜੀਵਨ, ਰਚਨਾ ਤੇ ਸਿੱਖਿਆ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, ੧੯੮੯, ਪੰਨਾ ੫੯.


■

# ਅਰਦਾਸ: ਇਕ ਸੰਕਲਪ

*-ਸ. ਮਨਜੀਤ ਸਿੰਘ**

ਅਰਦਾਸ ਫ਼ਾਰਸੀ ਭਾਸ਼ਾ ਦੇ ਸ਼ਬਦ 'ਅਰਜ਼ ਦਾਸ਼ਤ' ਦਾ ਪੰਜਾਬੀ ਰੂਪ ਹੈ। ਅਰਜ਼ ਦਾ ਅਰਥ ਹੈ- ਬੇਨਤੀ ਅਤੇ ਦਾਸ਼ਤ ਦਾ ਅਰਥ ਹੈ- ਪੇਸ਼ ਕਰਨਾ, ਅਰਥਾਤ ਕਿਸੇ ਅੱਗੇ ਬੇਨਤੀ ਰੱਖਣਾ ਜਾਂ ਬੇਨਤੀ ਕਰਨਾ। ਇਸੇ ਤਰ੍ਹਾਂ ਸੰਸਕ੍ਰਿਤ ਭਾਸ਼ਾ ਵਿਚ ਅਰਦ ਤੇ ਆਸ ਦੀ ਸੰਧੀ ਹੈ। ਅਰਦ ਦਾ ਅਰਥ ਹੈ- ਮੰਗਣਾ ਅਤੇ ਆਸ ਦਾ ਅਰਥ ਹੈ- ਮੁਰਾਦ। ਜਿਸ ਦਾ ਭਾਵ ਮੁਰਾਦ ਮੰਗਣ ਦੀ ਕਿਰਿਆ ਹੈ, ਪਰ ਗੁਰਮਤਿ ਵਿਚ ਅਰਦਾਸ ਇਕ ਵਿਸ਼ੇਸ਼ ਅਰਥਾਂ ਦੀ ਧਾਰਨੀ ਹੈ। ਇਹ 'ਸਿੱਖ ਰਹਿਤ ਮਰਯਾਦਾ' ਦਾ ਅੰਗ ਹੈ। ਭਾਈ ਨੰਦ ਲਾਲ ਜੀ ਦੀ 'ਸਾਖੀ ਰਹਿਤ ਦੀ', ਭਾਈ ਦਯਾ ਸਿੰਘ ਤੇ ਭਾਈ ਚੋਪਾ ਸਿੰਘ ਦੇ ਰਹਿਤਨਾਮਿਆਂ ਵਿਚ ਅਜਿਹੇ ਆਦੇਸ਼ ਦਰਜ ਹਨ ਕਿ ਗੁਰੂ ਦਾ ਸਿੱਖ ਆਪਣਾ ਹਰ ਕਾਰਜ ਅਰਦਾਸ ਨਾਲ ਅਰੰਭ ਕਰੇ। ਉਸ ਨੇ ਜ਼ਿੰਦਗੀ ਦੇ ਹਰ ਮੋੜ 'ਤੇ ਹਰ ਮੌਕੇ 'ਤੇ ਅਰਦਾਸ ਦਾ ਹੀ ਆਸਰਾ ਲੈਣਾ ਹੈ।

ਗੁਰਮਤਿ ਵਿਚ ਅਰਦਾਸ ਨੂੰ ਅਧਿਆਤਮਕ ਸਾਧਨਾ ਦੇ ਕੇਂਦਰੀ ਤੱਤ ਵਜੋਂ ਸਵੀਕਾਰਿਆ ਗਿਆ ਹੈ। ਗੁਰਮਤਿ ਸਾਧਨਾ ਦੇ ਤਿੰਨ ਮੁੱਖ ਅੰਗ ਹਨ- ਸਿਮਰਨ, ਸੇਵਾ ਤੇ ਅਰਦਾਸ। ਗੁਰਸਿੱਖ ਨੇ ਸੇਵਾ ਤੇ ਸਿਮਰਨ ਕਰ ਕੇ ਸਤਿਗੁਰੂ ਦਾ ਸ਼ੁਕਰਾਨਾ ਕਰਨਾ ਹੈ ਅਤੇ ਸਰਬੱਤ ਦੇ ਭਲੇ ਲਈ ਅਰਦਾਸ ਕਰਨੀ ਹੈ। ਅਰਦਾਸ ਨੂੰ ਧਾਰਮਿਕ ਚਿੰਤਨ ਤੇ ਧਾਰਮਿਕ ਰਹਿਤ ਵਿਚ ਇੱਕੋ ਜਿੰਨਾ ਮਹੱਤਵ ਪ੍ਰਾਪਤ ਹੈ। ਅਰਦਾਸ ਦੀਆਂ ਜੜ੍ਹਾਂ ਅੰਤਹਕਰਨ ਵਿਚ ਹਨ ਅਤੇ ਗੁਰਬਾਣੀ ਨੇ ਪ੍ਰਭੂ-ਪ੍ਰਾਪਤੀ ਦਾ ਰਾਹ ਹੀ ਇਹ ਦਰਸਾਇਆ ਹੈ ਕਿ ਮਨੁੱਖ ਨੇ ਨਿਸ਼ਕਾਮ ਭਾਵਨਾ ਨਾਲ ਮਨ ਦੀਆਂ ਚਤੁਰਾਈਆਂ ਅਤੇ ਹਉਮੈਂ ਤਿਆਗ ਕੇ ਆਪਣੇ ਇਸ਼ਟ ਨਾਲ ਅਰਦਾਸ ਰਾਹੀਂ ਜੁੜਨਾ ਹੈ:

*ਜੀਅ ਕੀ ਬਿਰਥਾ ਹੋਇ ਸੁ ਗੁਰ ਪਹਿ ਅਰਦਾਸਿ ਕਰਿ॥*
*ਛੋਡਿ ਸਿਆਣਪ ਸਗਲ ਮਨੁ ਤਨੁ ਅਰਪਿ ਧਰਿ॥* *(ਪੰਨਾ ੫੧੯)*

ਅਰਦਾਸ ਇਕ ਅਜਿਹੀ ਸਾਧਨ ਹੈ; ਜਿਸ ਨਾਲ ਕਾਲ-ਬੱਧ ਮਨੁੱਖ ਦੀ ਪਹੁੰਚ ਅਕਾਲ ਤਕ ਹੋ ਜਾਂਦੀ ਹੈ। ਜਦੋਂ ਵੀ ਮਨੁੱਖ ਇਕ ਮਨ, ਇਕ ਚਿੱਤ ਹੋ ਕੇ ਅਕਾਲ ਪੁਰਖ ਦੇ ਦਰ 'ਤੇ ਦਸਤਕ ਦੇਂਦਾ ਹੈ ਤਾਂ ਉਸ ਦੀ ਬਖ਼ਸ਼ਿਸ ਦੇ ਦਰ ਖੁੱਲ ਜਾਂਦੇ ਹਨ। ਗੁਰਮਤਿ ਅਨੁਸਾਰ ਅਕਾਲ ਪੁਰਖ ਸ੍ਰਿਸ਼ਟੀ ਨੂੰ ਸਾਜ ਕੇ ਇਸ ਦੀ ਸਾਰ-ਸੰਭਾਲ ਕਰਦਾ ਹੈ। ਉਹ ਜੀਵੰਤ ਚੇਤਨ ਹਸਤੀ ਹੈ ਅਤੇ ਸਭ ਦੇ ਮਨ ਦੀ ਵਿਰਥਾ ਨੂੰ ਜਾਣਦਾ ਹੈ:

*ਵਿਣੁ ਬੋਲਿਆ ਸਭੁ ਕਿਛੁ ਜਾਣਦਾ ਕਿਸੁ ਆਗੈ ਕੀਚੈ ਅਰਦਾਸਿ॥ (ਪੰਨਾ ੧੪੨੦)*

ਗੁਰਬਾਣੀ ਵਿਚ ਅਰਦਾਸ ਲਈ 'ਬਿਨਉ', 'ਬਿਨੰਤੀ', 'ਜੋਦੜੀ' ਆਦਿ ਸ਼ਬਦ ਵਰਤੇ ਜਾਂਦੇ ਹਨ ਅਤੇ ਬਹੁਤ ਸਾਰੇ ਗੁਰ-ਵਾਕ ਅਜਿਹੇ ਹਨ, ਜਿਹੜੇ ਪ੍ਰਭੂ ਦੇ

**Punjabi Department, University Of Jammu, (J&K) M: +9199062-37415*

ਇਸ ਗੁਣ ਦਾ ਉੱਲੇਖ ਕਰਦੇ ਹਨ ਕਿ ਉਹ ਅਰਦਾਸ ਸੁਣਦਾ ਹੈ:

*-ਸੁਣੀ ਅਰਦਾਸਿ ਸੁਆਮੀ ਮੇਰੈ ਸਰਬ ਕਲਾ ਬਣਿ ਆਈ॥ (ਪੰਨਾ ੬੧੧)*

*-ਮੇਰਾ ਪ੍ਰਭੁ ਹੋਆ ਸਦਾ ਦਇਆਲਾ॥*
*ਅਰਦਾਸਿ ਸੁਣੀ ਭਗਤ ਅਪੁਨੇ ਕੀ ਸਭ ਜੀਅ ਭਇਆ ਕਿਰਪਾਲਾ॥(ਪੰਨਾ ੬੨੭)*

*-ਅਰਦਾਸਿ ਸੁਣੀ ਦਾਤਾਰਿ ਪ੍ਰਭਿ ਢਾਢੀ ਕਉ ਮਹਲਿ ਬੁਲਾਵੈ॥ (ਪੰਨਾ ੧੦੯੭)*

ਅਕਾਲ ਪੁਰਖ ਅੰਤਰਜਾਮੀ ਹੈ। ਉਹ ਬਿਨਾ ਬੋਲਿਆਂ ਹੀ ਸਭ ਕੁਝ ਜਾਣਦਾ ਹੈ ਅਤੇ ਅਣ-ਮੰਗਿਆ ਦਾਨ ਦੇਣ ਵਾਲਾ ਹੈ। ਮਨੁੱਖ ਦੀ ਅਰਦਾਸ ਕੋਈ ਸਿਫ਼ਾਰਸ਼ ਜਾਂ ਖੁਸ਼ਾਮਦ ਨਹੀਂ, ਜਿਸ ਦੀ ਉਸ ਨੂੰ ਲੋੜ ਹੈ। ਗੁਰਬਾਣੀ ਅਨੁਸਾਰ:

*ਹਰਿ ਅੰਤਰਜਾਮੀ ਸਭ ਬਿਧਿ ਜਾਣੈ ਤਾ ਕਿਸੁ ਪਹਿ ਆਖਿ ਸੁਣਾਈਐ॥*
*ਕਹਣੈ ਕਥਨਿ ਨ ਭੀਜੈ ਗੋਬਿੰਦ ਹਰਿ ਭਾਵੈ ਪੈਜ ਰਖਾਈਐ॥ (ਪੰਨਾ ੬੨੪)*

ਪ੍ਰਭੂ ਪ੍ਰੇਮ-ਸਰੂਪ ਹੈ ਅਤੇ ਇਸੇ ਪ੍ਰੇਮ-ਵਸ ਉਸ ਨੇ ਸ੍ਰਿਸ਼ਟੀ ਸਾਜੀ ਹੈ ਅਤੇ ਸਭ ਨੂੰ ਦਾਤਾਂ ਦੇ ਰਿਹਾ ਹੈ। ਉਹ ਇਤਨੀਆਂ ਦਾਤਾਂ ਦੇ ਰਿਹਾ ਹੈ ਕਿ ਜੀਵ ਲੈਂਦੇ ਹੋਏ ਥੱਕ ਜਾਂਦੇ ਹਨ:

*ਦੇਦਾ ਦੇ ਲੈਦੇ ਥਕਿ ਪਾਹਿ॥ ਜੁਗਾ ਜੁਗੰਤਰਿ ਖਾਹੀ ਖਾਹਿ॥ (ਪੰਨਾ ੨)*

ਪ੍ਰਭੂ ਦੀ ਇਹ ਵਡਿਆਈ ਹੈ ਕਿ ਉਹ ਦਾਤਾਂ ਦੇ ਕੇ ਥੱਕਦਾ ਨਹੀਂ ਅਤੇ ਨਾ ਹੀ ਉਹ ਕਦੀ ਪਛਤਾਂਦਾ ਹੈ ਤੇ ਮਨੁੱਖ ਜੁਗਾਂ ਤੋਂ ਹੀ ਦਾਤਾਂ ਲੈਂਦਾ ਆ ਰਿਹਾ ਹੈ, ਕਿਉਂਕਿ ਦੇਣਾ ਅਕਾਲ ਪੁਰਖ ਦਾ ਸੁਭਾਅ ਹੈ। ਫਿਰ ਮਨੁੱਖ ਅਰਦਾਸ ਕਿਉਂ ਕਰਦਾ ਹੈ? ਕਿਉਂਕਿ ਮੰਗਣਾ ਮਨੁੱਖ ਦਾ ਸੁਭਾਅ ਹੈ। ਜੇਕਰ ਮਨੁੱਖ ਮੂੰਹੋਂ ਨਾ ਵੀ ਮੰਗੇ ਤਾਂ ਵੀ ਉਸ ਦਾ ਮਨ ਮੰਗਦਾ ਹੈ। ਅਕਾਲ ਪੁਰਖ ਮਿਹਰਵਾਨ ਹੋ ਕੇ ਅਰਦਾਸ ਸੁਣਦਾ ਹੈ ਅਤੇ ਮਨੁੱਖ ਦੀ ਸਾਰੀਆਂ ਲੋੜਾਂ ਪੂਰੀਆਂ ਕਰਦਾ ਹੈ। ਮੁੱਢ ਤੋਂ ਹੀ ਮਨੁੱਖ ਦਾ ਸੰਘਰਸ਼ ਸੁਖ ਪ੍ਰਾਪਤੀ ਤੇ ਦੁੱਖ ਤੋਂ ਬਚਾਓ ਲਈ ਹੈ। ਅਰਦਾਸ ਮਨੁੱਖ ਦੇ ਜਨਮ ਤੋਂ ਵੀ ਪਹਿਲਾਂ ਅਰੰਭ ਹੁੰਦੀ ਹੈ:

*ਪਹਿਲੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਹੁਕਮਿ ਪਇਆ ਗਰਭਾਸਿ॥*
*ਉਰਧ ਤਪੁ ਅੰਤਰਿ ਕਰੇ ਵਣਜਾਰਿਆ ਮਿਤ੍ਰਾ ਖਸਮ ਸੇਤੀ ਅਰਦਾਸਿ॥(ਪੰਨਾ ੭੪)*

ਮਨੁੱਖ ਦੀਆਂ ਮੂਲ ਲੋੜਾਂ ਪਦਾਰਥਕ ਹਨ। ਗੁਰਬਾਣੀ ਵਿਚ ਮਨੁੱਖ ਨੂੰ ਉਸ ਦੀਆਂ ਪੂਰਨ ਕਮਜ਼ੋਰੀਆਂ ਸਮੇਤ ਪ੍ਰਵਾਨ ਕੀਤਾ ਹੈ। ਮਨੁੱਖ ਦੀ ਭੁੱਲਾਂ ਕਰਨ ਦੀ ਪ੍ਰਵਿਰਤੀ ਹੈ ਅਤੇ ਭੁੱਲਾਂ ਬਖਸ਼ਣ ਦਾ ਨਿਸਤਾਰਾ ਵੀ ਅਰਦਾਸ ਰਾਹੀਂ ਹੀ ਹੁੰਦਾ ਹੈ। ਅਰਦਾਸ ਇਹ ਵਿਸ਼ਵਾਸ ਪੈਦਾ ਕਰਦੀ ਹੈ ਕਿ ਪ੍ਰਭੂ ਬਖਸ਼ੰਦ ਹੈ ਤੇ ਉਸ ਨੇ ਆਪਣੇ ਬਿਰਦ ਦੀ ਪਾਲਨਾ ਕਰ ਕੇ ਮਾਫ਼ ਕਰ ਦੇਣਾ ਹੈ। ਸਿਦਕ ਤੇ ਭਰੋਸਾ ਅਰਦਾਸ ਦੇ ਅਤਿਅੰਤ ਜ਼ਰੂਰੀ ਅੰਗ ਹਨ। ਇਨ੍ਹਾਂ ਬਾਝੋਂ ਅਰਦਾਸ ਦਾ ਕੋਈ ਅਰਥ ਨਹੀਂ:

*ਤੂ ਬੇਅੰਤੁ ਕੋ ਵਿਰਲਾ ਜਾਣੈ॥ ਗੁਰ ਪ੍ਰਸਾਦਿ ਕੋ ਸਬਦਿ ਪਛਾਣੈ॥*
*ਸੇਵਕ ਕੀ ਅਰਦਾਸਿ ਪਿਆਰੇ॥ ਜਪਿ ਜੀਵਾ ਪ੍ਰਭ ਚਰਣ ਤੁਮਾਰੇ॥(ਪੰਨਾ ੫੬੨)*

ਗੁਰਬਾਣੀ ਨੇ ਮਨੁੱਖ ਨੂੰ ਉੱਤਮ ਜੀਵਨ-ਜਾਚ ਸਿਖਾਈ ਹੈ। ਮਨੁੱਖ ਨੇ ਆਪਣੀ

ਅਗਿਆਨਤਾ ਵਿੱਚੋਂ ਬਾਹਰ ਆਉਣਾ ਹੈ। ਉਸ ਨੇ ਆਪਣੇ 'ਕੂੜ ਦੀ ਪਾਲ' ਤੋੜ ਕੇ 'ਸਚਿਆਰਾ' ਬਣਨਾ ਹੈ।ਉਸ ਨੇ ਆਪਣੀ ਘਾੜਤ ਘੜਣੀ ਹੈ, ਜਿਸ ਨਾਲ ਉਹ ਪਰਮਾਤਮਾ ਨਾਲ ਇਕਸੁਰ ਹੋ ਕੇ ਜੀਅ ਸਕੇ। ਅਰਦਾਸ ਅਜਿਹੇ ਆਦਰਸ਼ ਤਕ ਪਹੁੰਚਣ ਲਈ ਇਕ ਉਪਰਾਲਾ ਹੈ। ਗੁਰਬਾਣੀ ਨੇ ਮਨੁੱਖ ਨੂੰ ਇਸ ਆਦਰਸ਼ ਤਕ ਪਹੁੰਚਣ ਲਈ ਅਰਦਾਸ ਕਰਨ ਦੀ ਜਾਚ ਵੀ ਸਿਖਾਈ ਹੈ। ਮਨੁੱਖ ਨੇ ਜੋ ਵੀ ਮੰਗਣਾ ਹੈ, ਉਹ ਸੱਚੇ ਸਾਈਂ, ਸ੍ਰਿਸ਼ਟੀ ਦੇ ਸਿਰਜਣਹਾਰੇ ਵਾਹਿਗੁਰੂ ਪਾਸੋਂ ਹੀ ਮੰਗਣਾ ਹੈ। ਗੁਰਬਾਣੀ ਦਾ ਮਾਰਗ 'ਨਾਮ ਸਿਮਰਨ' ਦਾ ਮਾਰਗ ਹੈ। ਮਨੁੱਖ ਨੇ ਆਪਣੇ ਜੀਵਨ ਦੇ ਪਰਮ-ਉਦੇਸ਼ ਨੂੰ 'ਨਾਮ ਦੁਆਰਾ' ਹੀ ਪ੍ਰਾਪਤ ਕਰਨਾ ਹੈ। ਇਸ ਲਈ ਸਭ ਤੋਂ ਉੱਤਮ ਮੰਗ 'ਨਾਮ ਦਾਨ' ਦੀ ਹੈ:

*ਮਾਗਨਾ ਮਾਗਨੁ ਨੀਕਾ ਹਰਿ ਜਸੁ ਗੁਰ ਤੇ ਮਾਗਨਾ॥* *(ਪੰਨਾ ੧੦੧੮)*

ਗੁਰਮਤਿ ਦੇ ਸਾਧਨਾ ਮਾਰਗ ਵਿਚ 'ਸੇਵਾ' ਦਾ ਵਿਸ਼ੇਸ਼ ਮਹੱਤਵ ਹੈ। ਅਰਦਾਸ ਵਿਚ ਸੇਵਾ 'ਸਾਧ', 'ਸੇਵਕ' ਤੇ 'ਸੰਤ ਜਨ' ਦੀ ਮੰਗੀ ਜਾਂਦੀ ਹੈ। ਅਰਦਾਸ ਰਾਹੀਂ ਇਨ੍ਹਾਂ ਦੀ ਚਰਨ ਧੂੜ ਮੰਗ ਕੇ ਜਗਿਆਸੂ ਆਪਣਾ ਮਾਰਗ-ਦਰਸ਼ਨ ਲੋੜਦਾ ਹੈ। ਗੁਰਬਾਣੀ ਅਨੁਸਾਰ ਅਰਦਾਸ ਦਾ ਪ੍ਰਵਾਣ ਹੋਣਾ ਅਕਾਲ ਪੁਰਖ ਦੀ ਕਿਰਪਾ-ਦ੍ਰਿਸ਼ਟੀ 'ਤੇ ਨਿਰਭਰ ਹੈ। ਸੱਚੀ ਅਰਦਾਸ ਲਈ ਸੱਚਾ-ਸੁੱਚਾ ਮਨ ਅਤੇ ਚੰਗੇ ਕਰਮ ਦੋਹਾਂ ਦੀ ਲੋੜ ਹੈ, ਕਿਉਂਕਿ ਗੁਰਬਾਣੀ ਨੇ ਸੱਚ ਨਾਲੋਂ ਉੱਚਾ ਸੱਚਾ ਆਚਾਰ ਮੰਨਿਆ ਹੈ ਅਤੇ ਅਜਿਹੇ ਸੱਚੇ ਤੇ ਸੁੱਚੇ ਮਨੁੱਖ ਨੂੰ ਹੀ ਸਚਿਆਰ ਕਿਹਾ ਹੈ। ਅਜਿਹੇ ਸਚਿਆਰ, ਸੇਵਕ, ਭਗਤ-ਜਨ ਤੇ ਗੁਰਮੁਖ ਦੀ ਅਰਦਾਸ ਅਕਾਲ ਪੁਰਖ ਦੇ ਦਰ 'ਤੇ ਸੁਣੀ ਜਾਂਦੀ ਹੈ:

*ਸਚਾ ਅਰਜੁ ਸਚੀ ਅਰਦਾਸਿ॥ ਮਹਲੀ ਖਸਮੁ ਸੁਣੇ ਸਾਬਾਸਿ॥*
*ਸਚੈ ਤਖਤਿ ਬੁਲਾਵੈ ਸੋਇ॥ ਦੇਇ ਵਡਿਆਈ ਕਰੇ ਸੁ ਹੋਇ॥* *(ਪੰਨਾ ੩੫੫)*

ਅਰਦਾਸ ਨਿਮਰਤਾ, ਸ਼ਰਧਾ ਅਤੇ ਹਲੀਮੀ ਨਾਲ ਕੀਤੀ ਜਾਵੇ ਅਤੇ ਅਰਦਾਸੀਏ ਨੂੰ ਪਰਮਾਤਮਾ ਦੀ ਹਸਤੀ ਵਿਚ ਦ੍ਰਿੜ੍ਹ ਵਿਸ਼ਵਾਸ ਹੋਵੇ ਅਤੇ ਅਰਦਾਸ ਦੀ ਪ੍ਰਵਾਨਗੀ ਦਾ ਪੂਰਨ ਨਿਸ਼ਚਾ ਹੋਵੇ ਤਾਂ ਅਰਦਾਸ ਐਸੀ ਮਾਨਸਿਕਤਾ ਬਣਾ ਦਿੰਦੀ ਹੈ ਜਿਸ ਨਾਲ ਮਨ ਵਿਚ ਹਮੇਸ਼ਾ ਚੜ੍ਹਦੀ ਕਲਾ ਦਾ ਅਹਿਸਾਸ ਹੁੰਦਾ ਹੈ। ਜੀਵਨ ਉਤਸ਼ਾਹ ਨਾਲ ਭਰ ਜਾਂਦਾ ਹੈ ਤੇ ਮਨ ਵਿਚ ਖੁਸ਼ੀਆਂ ਤੇ ਖੇੜਾ ਬਣਿਆ ਰਹਿੰਦਾ ਹੈ।

ਅਰਦਾਸ ਦਾ ਸੰਕਲਪ ਬਹੁਤ ਉੱਚਾ ਤੇ ਸੁੱਚਾ ਹੈ। ਸਿੱਖ ਅਰਦਾਸ ਦਾ ਪਹਿਲਾ ਭਾਗ *'ੴ ਵਾਹਿਗੁਰੂ ਜੀ ਕੀ ਫ਼ਤਹ'* ਅਕਾਲ ਪੁਰਖ ਦੇ ਨਿਰਗੁਣ ਤੇ ਸਰਗੁਣ ਸਰੂਪ ਦਾ ਮੰਗਲ ਰੂਪ ਹੈ ਤੇ ਅਕਾਲ ਪੁਰਖ ਦੀ ਸਭ ਉੱਪਰ ਫਤਿਹ ਦਾ ਸੂਚਕ ਹੈ। ਅਕਾਲ ਪੁਰਖ ਦੀ ਮਹਾਂ-ਸ਼ਕਤੀ ਦੀ ਅਰਾਧਨਾ ਉਪਰੰਤ ਗੁਰੂ ਸਾਹਿਬਾਨ ਵੱਲੋਂ ਪ੍ਰਾਪਤ ਹੋਈ ਸ਼ਕਤੀ, ਸੇਧ ਤੇ ਅਸ਼ੀਰਵਾਦ ਦਾ ਜ਼ਿਕਰ ਹੈ ਤੇ ਇਸ ਉਪਰੰਤ 'ਸ਼ਬਦ ਗੁਰੂ' ਦੀ ਮਹਾਨਤਾ ਨੂੰ ਅਰਾਧਿਆ ਜਾਂਦਾ ਹੈ।

ਦੂਜੇ ਤੇ ਤੀਜੇ ਭਾਗ ਵਿਚ ਪੰਜਾਂ ਪਿਆਰਿਆਂ, ਚੌਹਾਂ ਸਾਹਿਬਜ਼ਾਦਿਆਂ, ਚਾਲ੍ਹੀਆਂ ਮੁਕਤਿਆਂ ਤੇ ਉਨ੍ਹਾਂ ਸਾਰਿਆਂ ਪਿਆਰਿਆਂ, ਸਚਿਆਰਿਆਂ ਅਤੇ ਸਿੰਘਾਂ-ਸਿੰਘਣੀਆਂ

ਦਾ ਧਿਆਨ ਧਰਿਆ ਜਾਂਦਾ ਹੈ ਜਿਨ੍ਹਾਂ ਨੇ ਗੁਰਦੁਆਰਿਆਂ ਦੀ ਸੇਵਾ ਲਈ ਕੁਰਬਾਨੀਆਂ ਕੀਤੀਆਂ। ਚੌਥੇ ਭਾਗ ਵਿਚ ਪੰਜਾਂ ਤਖ਼ਤਾਂ 'ਤੇ ਸਰਬੱਤ ਗੁਰਦੁਆਰਿਆਂ ਦਾ ਧਿਆਨ ਧਰ ਕੇ ਵਾਹਿਗੁਰੂ ਚਿਤਾਵਨ ਲਈ ਪ੍ਰੇਰਿਤ ਕੀਤਾ ਜਾਂਦਾ ਹੈ। ਅਗਲੇ ਭਾਗ ਵਿਚ ਸਿੱਖਾਂ ਨੂੰ ਵਾਹਿਗੁਰੂ ਵੱਲੋਂ ਬਖ਼ਸ਼ੇ ਹੋਏ ਦਾਨਾਂ, ਚੌਂਕੀਆਂ, ਝੰਡੇ ਤੇ ਬੁੰਗਿਆਂ ਆਦਿ ਦਾ ਜ਼ਿਕਰ ਕੀਤਾ ਗਿਆ ਹੈ। ਅੰਤ ਵਿਚ ਸਿੱਖਾਂ ਦੇ ਮਨ ਤੇ ਮਤ ਬਾਰੇ ਦੱਸਿਆ ਗਿਆ ਹੈ ਅਤੇ ਉਨ੍ਹਾਂ ਗੁਰਦੁਆਰਿਆਂ ਗੁਰਧਾਮਾਂ ਦੀ ਸੇਵਾ-ਸੰਭਾਲ ਦੀ ਮੰਗ ਵੀ ਕੀਤੀ ਹੈ, ਜਿਨ੍ਹਾਂ ਤੋਂ ਪੰਥ ਨੂੰ ਵਿਛੋੜਿਆ ਗਿਆ ਹੈ।

ਸਮੁੱਚੇ ਰੂਪ ਵਿਚ ਕਿਹਾ ਜਾ ਸਕਦਾ ਹੈ ਕਿ ਸਿੱਖ ਅਰਦਾਸ ਗੁਰਬਾਣੀ ਦਾ ਓਟ ਆਸਰਾ ਲੈ ਕੇ ਤਿਆਰ ਕੀਤੀ ਗਈ ਹੈ ਅਤੇ ਇਸ ਅਰਦਾਸ ਨੂੰ ਗੁਰੂ-ਪੰਥ ਵੱਲੋਂ ਪ੍ਰਵਾਨਗੀ ਪ੍ਰਾਪਤ ਹੋਈ ਹੈ। ਇਹ ਅਰਦਾਸ ਹਰ ਸਿੱਖ ਨੂੰ ਆਪਣੇ ਗੁਰ-ਭਾਈਆਂ ਨਾਲ ਜੋੜਦੀ ਹੈ ਤੇ ਸਿੱਖ ਨੂੰ ਤਿਆਰ-ਬਰ-ਤਿਆਰ ਰਹਿਣ ਦਾ ਸੰਦੇਸ਼ ਦਿੰਦੀ ਹੈ। ਅਰਦਾਸ ਨਾਮ ਸਿਮਰਨ ਦਾ ਮਾਧਿਅਮ ਹੈ। ਅਰਦਾਸ ਰਾਹੀਂ ਬਾਰ-ਬਾਰ ਵਾਹਿਗੁਰੂ, ਵਾਹਿਗੁਰੂ ਸਿਮਰ ਕੇ ਅਤੇ ਵਾਹਿਗੁਰੂ ਚਿੱਤ ਆਵਣ ਦੀ ਦਾਤ ਮੰਗ ਕੇ ਮੂਲ ਰੂਪ ਵਿਚ ਗੁਰਬਾਣੀ ਦੇ ਆਦਰਸ਼ ਨਾਲ ਹੀ ਜੁੜਿਆ ਜਾਂਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਜਾਗਤ-ਜੋਤ, ਸ਼ਬਦ ਗੁਰੂ ਦੇ ਨਾਲ ਨਾਲ ਅਰਦਾਸ ਦਾ ਸਾਗਰ ਹਨ ਅਤੇ ਇਸ ਅਰਦਾਸ ਦੇ ਆਸਰੇ ਹੀ ਸਿੱਖ ਚੜ੍ਹਦੀ ਕਲਾ ਅਤੇ ਸਰਬੱਤ ਦੇ ਭਲੇ ਵਾਲੀ ਜੀਵਨ-ਜਾਚ ਸਿੱਖਦਾ ਹੈ। ■

## ਜ਼ਿਲ੍ਹਾ ਤਰਨ ਤਾਰਨ ਵਿਖੇ ਗੁਰਮਤਿ ਸਮਾਗਮ

ਭਾਈ ਹੀਰਾ ਸਿੰਘ ਪ੍ਰਚਾਰਕ ਵੱਲੋਂ ਪੁੱਜੀ ਰਿਪੋਰਟ ਅਨੁਸਾਰ ਗੁਰਦੁਆਰਾ ਬਾਬਾ ਸੁਰਜਨ ਸਾਹਿਬ ਜੀ, ਪਿੰਡ ਸੁਬਾਜਪੁਰ, ਤਹਿਸੀਲ ਤੇ ਜ਼ਿਲ੍ਹਾ ਤਰਨ ਤਾਰਨ ਵਿਖੇ ੧੯ ਜੂਨ, ੨੦੧੭ ਨੂੰ ਸਲਾਨਾ ਗੁਰਮਤਿ ਸਮਾਗਮ ਕਰਵਾਇਆ ਗਿਆ। ਇਸ ਸਮਾਗਮ ਵਿਚ ਵਿਸ਼ੇਸ਼ ਤੌਰ 'ਤੇ ਪੁੱਜੇ ਸਿੰਘ ਸਾਹਿਬ ਗਿ. ਜਗਤਾਰ ਸਿੰਘ ਜੀ, ਹੈੱਡ ਗ੍ਰੰਥੀ ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ ਅਤੇ ਅੰਤ੍ਰਿੰਗ ਕਮੇਟੀ ਮੈਂਬਰ ਸ. ਬਲਵਿੰਦਰ ਸਿੰਘ ਵੇਈਪੁਈਂ ਨੇ ਸੰਗਤਾਂ ਨੂੰ ਅੰਮ੍ਰਿਤ ਛਕਣ ਤੇ ਗੁਰਮਤਿ ਦੇ ਧਾਰਨੀ ਬਣਨ ਦੀ ਪ੍ਰੇਰਨਾ ਕੀਤੀ। ਇਸ ਤਹਿਤ ੨੦ ਜੂਨ, ੨੦੧੭ ਨੂੰ ਕਰਵਾਏ ਗਏ। ਅੰਮ੍ਰਿਤ-ਸੰਚਾਰ ਸਮਾਗਮ ਵਿਚ ੨੦ ਪ੍ਰਾਣੀ ਅੰਮ੍ਰਿਤ ਛਕ ਕੇ ਗੁਰੂ ਵਾਲੇ ਬਣੇ। ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਵੱਲੋਂ ਅੰਮ੍ਰਿਤ-ਅਭਿਲਾਖੀਆਂ ਨੂੰ ਕਕਾਰ ਭੇਟਾ-ਰਹਿਤ ਦਿੱਤੇ ਗਏ। ਇਸ ਸਮਾਗਮ ਦੀ ਸਫਲਤਾ ਲਈ ਧਰਮ ਪ੍ਰਚਾਰ ਕਮੇਟੀ ਦੇ ਐਡੀਸ਼ਨਲ ਸਕੱਤਰ ਸ. ਸੁਖਦੇਵ ਸਿੰਘ ਭੂਰਾ ਕੋਹਨਾ, ਬਾਬਾ ਗੁਰਮੀਤ ਸਿੰਘ ਢੋਟੀ, ਮੁੱਖ ਸੇਵਾਦਾਰ, ਗੁਰਦੁਆਰਾ ਬਾਬਾ ਸੁਰਜਨ ਸਾਹਿਬ, ਪ੍ਰਚਾਰਕ ਭਾਈ ਗੁਰਬਚਨ ਸਿੰਘ ਕਲਸੀਆਂ ਅਤੇ ਭਾਈ ਬਲਵਿੰਦਰ ਸਿੰਘ ਹੈੱਡ ਗ੍ਰੰਥੀ ਦਾ ਵਿਸ਼ੇਸ਼ ਸਹਿਯੋਗ ਰਿਹਾ।

# ਗੁਰਦੁਆਰਾ ਨਾਨਕਸ਼ਾਹੀ ਢਾਕਾ (ਬੰਗਲਾਦੇਸ਼)

*-ਡਾ. ਰੂਪ ਸਿੰਘ**

ਲੋਕਾਈ ਵਿਚ ਸੱਚ-ਧਰਮ ਦਾ ਪ੍ਰਚਾਰ-ਪ੍ਰਸਾਰ ਕਰਨ ਹਿੱਤ ਗੁਰੂ ਸਾਹਿਬਾਨ ਨੇ ਦੇਸ਼-ਵਿਦੇਸ਼ ਦੇ ਵੱਖ-ਵੱਖ ਭਾਗਾਂ ਵਿਚ ਲੰਮੀਆਂ ਯਾਤਰਾਵਾਂ ਕੀਤੀਆ। ਜਿੱਥੇ ਜਿੱਥੇ ਸ੍ਰੀ ਗੁਰੂ ਨਾਨਕ ਸਾਹਿਬ ਜੀ ਨੇ ਚਰਨ ਪਾਏ ਉਹ ਥਾਵਾਂ ਪੂਜਣਯੋਗ ਹੋ ਗਈਆਂ। ਪਹਿਲਾਂ ਸਥਾਨਕ ਰਵਾਇਤੀ ਸੰਗਤਾਂ ਫਿਰ ਧਰਮਸ਼ਾਲਾਵਾਂ ਤੇ ਉਪਰੰਤ ਗੁਰਦੁਆਰਾ ਸਾਹਿਬਾਨ ਸਥਾਪਿਤ ਹੋ ਗਏ। ਸ੍ਰੀ ਗੁਰੂ ਨਾਨਕ ਸਾਹਿਬ ਜੀ ਤੇ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਭਾਰਤ ਭੂ-ਖੰਡ ਦਾ ਭਰਪੂਰ ਭਰਮਣ ਕੀਤਾ, ਜਿਸ ਕਰਕੇ ਭਾਰਤ ਭਰ ਵਿਚ ਗੁਰੂ ਸਾਹਿਬਾਨ ਨਾਲ ਸੰਬੰਧਿਤ ਸਥਾਨਾਂ 'ਤੇ ਗੁਰਦੁਆਰਾ ਸਾਹਿਬਾਨ ਸੁਸ਼ੋਭਿਤ ਹਨ। ਗੁਰਦੁਆਰਾ ਸਾਹਿਬਾਨ ਸਿੱਖੀ ਦੀ ਜੀਵਨਧਾਰਾ ਹਨ। ਦੇਸ਼-ਵਿਦੇਸ਼ ਦੇ ਵੱਖ-ਵੱਖ ਭਾਗਾਂ ਵਿਚ ਗੁਰੂ-ਘਰਾਂ ਦੇ ਸ਼ਰਧਾਲੂਆਂ ਨੇ ਆਲੀਸ਼ਾਨ ਇਮਾਰਤਾਂ ਉਸਾਰੀਆਂ, ਬਹੁਤ ਸਾਰੀਆਂ ਜ਼ਮੀਨਾਂ-ਜਾਇਦਾਦਾਂ ਤੇ ਕੀਮਤੀ ਵਸਤਾਂ ਗੁਰੂ-ਘਰਾਂ ਨੂੰ ਅਰਪਣ ਕਰ, ਗੁਰੂ-ਘਰ ਦੀਆਂ ਬਖਸ਼ਿਸ਼ਾਂ ਦੇ ਪਾਤਰ ਬਣੇ।

੧੯੪੭ ਈ. ਵਿਚ ਦੇਸ਼ ਦੀ ਵੰਡ ਹੋਣ ਨਾਲ ਸਿੱਖਾਂ ਦਾ ਬਹੁਤ ਸਾਰਾ ਜਾਨੀ ਤੇ ਮਾਲੀ ਨੁਕਸਾਨ ਹੋਇਆ, ਜਿੰਦ-ਜਾਨ ਤੋਂ ਪਿਆਰੇ ਗੁਰਦੁਆਰੇ-ਗੁਰਧਾਮ ਪੰਥ ਤੋਂ ਵਿਛੜ ਗਏ। ਭਾਰਤ-ਪਾਕਿਸਤਾਨ ਦੀ ਵੰਡ ਹੋਣ ਨਾਲ ੧੭੮ ਦੇ ਕਰੀਬ ਇਤਿਹਾਸਿਕ ਗੁਰਦੁਆਰਾ ਸਾਹਿਬਾਨ ਪਾਕਿਸਤਾਨ ਵਾਲੇ ਭੂ-ਖੰਡ ਵਿਚ ਰਹਿ ਗਏ। ਗੁਰਦੁਆਰਾ ਸਾਹਿਬਾਨ ਨਾਲ ਸੰਬੰਧਿਤ ਕਰੋੜਾਂ ਰੁਪਈਆਂ ਦੀਆਂ ਜ਼ਮੀਨਾਂ-ਜਾਇਦਾਦਾਂ ਲਵਾਰਿਸ ਹੋਣ ਕਾਰਨ ਲੋਕਾਂ ਨੇ ਕਬਜ਼ੇ ਕਰ ਲਏ। ਇਮਾਰਤਾਂ ਦੀ ਸੇਵਾ-ਸੰਭਾਲ ਨਾ ਹੋਣ ਕਾਰਨ ਉਹ ਵੀ ਜ਼ਰਜ਼ਰੀਆਂ ਹੋ ਗਈਆਂ।

੧੯੭੧ ਈ. ਦੀ ਭਾਰਤ-ਪਾਕਿਸਤਾਨ ਜੰਗ ਸਮੇਂ ਬੰਗਲਾਦੇਸ਼ ਹੋਂਦ ਵਿਚ ਆਇਆ। ਭਾਰਤ-ਪਾਕਿਸਤਾਨ ਬੰਗਲਾਦੇਸ਼ ਦੀ ਵੰਡ ਦੇ ਬਹੁਤ ਸਾਰੇ ਭਿਆਨਕ ਨਤੀਜੇ ਨਿਕਲੇ, ਜਿਨ੍ਹਾਂ ਵਿੱਚੋਂ ਸਿੱਖਾਂ ਲਈ ਇਤਿਹਾਸਿਕ ਗੁਰਦੁਆਰਾ ਸਾਹਿਬਾਨ ਦੇ ਦਰਸ਼ਨਾਂ ਤੇ ਸੇਵਾ-ਸੰਭਾਲ ਤੋਂ ਵਾਝਿਆਂ ਕਰਨਾ ਸਭ ਤੋਂ ਦੁਖਦਾਈ ਸੀ। ਗੁਰਦੁਆਰਾ ਸਾਹਿਬਾਨ ਦੇ ਦਰਸ਼ਨਾਂ ਦੀ ਤਾਂਘ ਸਵੇਰੇ-ਸ਼ਾਮ ਸਿੱਖਾਂ ਵੱਲੋਂ ਵਿਸ਼ਵ ਭਰ ਵਿਚ ਕੀਤੀ ਜਾਂਦੀ ਅਰਦਾਸ ਦਾ ਹਿੱਸਾ ਬਣ ਗਈ। ਬੰਗਲਾਦੇਸ਼ ਹੋਂਦ ਵਿਚ ਆਉਣ ਨਾਲ ਸਿੱਖਾਂ ਦਾ ਫਿਰ ਵੱਡਾ ਨੁਕਸਾਨ ਹੋਇਆ, ਜਿਸ ਨਾਲ ਬਹੁਤ ਸਾਰੇ (੩੫ ਦੇ ਕਰੀਬ) ਇਤਿਹਾਸਿਕ ਗੁਰਦੁਆਰਾ ਬੰਗਲਾਦੇਸ਼ ਵਿਚ ਰਹਿ ਗਏ। ਜਿਨ੍ਹਾਂ ਵਿੱਚੋਂ ਕੇਵਲ ਚਾਰ ਵਿਚ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਨਿਰੰਤਰ ਪ੍ਰਕਾਸ਼ ਹੋ ਰਿਹਾ ਹੈ, ਜਿਨ੍ਹਾਂ ਬਾਰੇ ਸੰਖੇਪ ਵਿਚ ਅਸੀਂ ਵਿਚਾਰ ਕਰ ਰਹੇ ਹਾਂ।

**ਸਕੱਤਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਸਾਹਿਬ।*

ਢਾਕਾ ਬੰਗਲਾਦੇਸ਼ ਦਾ ਪ੍ਰਮੁੱਖ ਸ਼ਹਿਰ ਤੇ ਦੇਸ਼ ਦੀ ਰਾਜਧਾਨੀ ਹੈ। ਢਾਕੇ ਨੂੰ ਸ੍ਰੀ ਗੁਰੂ ਨਾਨਕ ਸਾਹਿਬ ਜੀ ਤੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਚਰਨ-ਛੋਹ ਪ੍ਰਾਪਤ ਕਰਨ ਦਾ ਸੁਭਾਗ ਪ੍ਰਾਪਤ ਹੈ। ਸ੍ਰੀ ਗੁਰੂ ਨਾਨਕ ਸਾਹਿਬ ਜੀ ੧੫੦੭-੦੮ ਈ. ਤੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ੧੬੬੬-੬੮ ਈ. ਵਿਚ ਢਾਕੇ ਆਏ ਸਨ। ਸ੍ਰੀ ਗੁਰੂ ਨਾਨਕ ਸਾਹਿਬ ਜੀ ਦੀ ਚਰਨ-ਛੋਹ ਪ੍ਰਾਪਤ ਧਰਤ ਸੁਹਾਵੀ 'ਤੇ ਸਥਿਤ ਹੈ- ਗੁਰਦੁਆਰਾ ਨਾਨਕਸ਼ਾਹੀ ਢਾਕਾ। ਇਸ ਪਵਿੱਤਰ ਧਰਤੀ 'ਤੇ ਹੀ ਢਾਕਾ ਯੂਨੀਵਰਸਿਟੀ ਸਥਾਪਿਤ ਕੀਤੀ ਗਈ, ਜਿਸ ਕਾਰਨ ਬਹੁਤ ਸਾਰੀ ਜ਼ਮੀਨ ਯੂਨੀਵਰਸਿਟੀ ਕੈਂਪਸ 'ਚ ਆ ਗਈ ਹੈ। ਕੇਵਲ ੧.੪੦ ਏਕੜ ਹੀ ਜ਼ਮੀਨ 'ਤੇ ਗੁਰਦੁਆਰਾ ਸਾਹਿਬ ਹੈ। ਇਸ ਗੁਰਦੁਆਰਾ ਸਾਹਿਬ ਦਾ ਪਹਿਲਾ ਨਾਂ ਚਰਣ ਪਾਦੁਕਾ ਸੀ। ਇਹ ਗੁਰਦੁਆਰਾ ਸਾਹਿਬ ਸ੍ਰੀ ਗੁਰੂ ਨਾਨਕ ਸਾਹਿਬ ਜੀ ਮਹਾਰਾਜ ਤੇ ਭਾਈ ਮਰਦਾਨਾ ਜੀ ਦੀ ਢਾਕਾ ਫੇਰੀ ਨਾਲ ਸੰਬੰਧਿਤ ਹੈ।

ਸ੍ਰੀ ਗੁਰੂ ਨਾਨਕ ਸਾਹਿਬ ਜੀ ਦੀ ਚਰਨ-ਛੋਹ ਪ੍ਰਾਪਤ ਧਰਤ ਸੁਹਾਵੀ 'ਤੇ ਪਹਿਲਾਂ ਉਦਾਸੀ ਭਾਈ ਨੱਥਾ ਨੇ ਬੰਗਾਲੀ ਸਿੱਖਾਂ ਦੀ ਸਹਾਇਤਾ ਨਾਲ ਯਾਦਗਾਰੀ ਅਸਥਾਨ ਦਾ ਨਿਰਮਾਣ ਕਰਵਾਇਆ। ਪ੍ਰਕਾਸ਼ ਅਸਥਾਨ ਦੇ ਪੱਛਮ ਵਾਲੇ ਪਾਸੇ ਇਕ ਛੋਟਾ ਜਿਹਾ ਸਰੋਵਰ ਤੇ ਨਜ਼ਦੀਕ ਇਕ ਬਾਉਲੀ ਵੀ ਸੀ। ਗੁਰਦੁਆਰਾ ਨਾਨਕਸ਼ਾਹੀ ਢਾਕਾ ਜਿਸ ਦੇ ਕੰਪਲੈੱਕਸ ਵਿਚ ਬਾਅਦ ਵਿਚ ਢਾਕਾ ਯੂਨੀਵਰਸਿਟੀ ਸਥਾਪਿਤ ਕੀਤੀ ਗਈ, ਦੀ ਸਥਿਤੀ ਗੁਰਦੁਆਰਾ ਸਾਹਿਬ ਦੀ ਇਮਾਰਤ, ਨਿਵਾਸਾਂ, ਖੋਜ ਕੇਂਦਰ ਤੇ ਮਰਯਾਦਾ ਦੇ ਪੱਖੋਂ ਤਸੱਲੀਬਖਸ਼ ਹੈ।

ਸ. ਬਚਨ ਸਿੰਘ ਸਰਲ ਅਨੁਸਾਰ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਜਹਾਂਗੀਰਬਾਦ (ਨੇੜੇ ਢਾਕਾ) ਦੇ ਵਸਨੀਕ ਭਾਈ ਅਲਮਸਤ ਜੀ ਨੂੰ ਬੰਗਾਲ, ਬਿਹਾਰ ਤੇ ਉੜੀਸਾ ਇਲਾਕੇ ਦਾ ਮਸੰਦ ਥਾਪਿਆ। ਸ੍ਰੀ ਗੁਰੂ ਨਾਨਕ ਸਾਹਿਬ ਦੀ ਚਰਨ-ਛੋਹ ਪ੍ਰਾਪਤ ਧਰਤ ਸੁਹਾਵੀ ਦੀ ਭਾਲ ਕਰ ਕੇ ਭਾਈ ਅਲਮਸਤ ਜੀ ਨੇ ਅਖਾੜਾ ਨਾਨਕਸ਼ਾਹੀ ਨਾਮ ਦੀ ਮੰਜੀ ਸਥਾਪਿਤ ਕੀਤੀ ਜੋ 'ਨਾਨਕ ਨਿਰਮਲ ਪੰਥ' ਦੀ ਨਿਰਮਲ ਵਿਚਾਰਧਾਰਾ ਦਾ ਪ੍ਰਚਾਰ-ਪ੍ਰਸਾਰ ਕਰਨ ਲੱਗੀ। ਮੁਗ਼ਲ ਤੇ ਅੰਗਰੇਜ਼ ਰਾਜ ਸਮੇਂ ਇਹ ਇਲਾਕਾ ਬਹੁਤ ਹੀ ਵਿਕਸਿਤ ਤੇ ਪ੍ਰਸਿੱਧ ਹੋਇਆ।

੧੯੭੧ ਈ. ਨੂੰ ਬੰਗਲਾਦੇਸ਼ ਸੁਤੰਤਰ ਰਾਜ ਬਣਨ ਉਪਰੰਤ ਸਿੱਖ ਸੰਸਥਾਵਾਂ ਵੱਲੋਂ ਵੱਖ-ਵੱਖ ਡੈਪੂਟੇਸ਼ਨ ਭੇਜੇ ਗਏ। ਜਿਨ੍ਹਾਂ ਵਿਚ ਇਕ ਦਾ ਮੈਨੂੰ (ਲੇਖਕ ਨੂੰ) ਹਿੱਸਾ ਬਣਨ ਦਾ ਮੌਕਾ ਮਿਲਿਆ। ਪ੍ਰਧਾਨ ਸਾਹਿਬ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਬਣਾਈ ਗਈ ਸਬ-ਕਮੇਟੀ, ਦਫ਼ਤਰ ਦੇ ਆਰਡਰ ਨੰ: ੫੯੫੯, ੧੫ ਮਾਰਚ, ੨੦੧੬ ਈ. ਨੂੰ ਸ. ਰਜਿੰਦਰ ਸਿੰਘ ਜੀ ਮਹਿਤਾ, ਸ. ਮੋਹਨ ਸਿੰਘ ਜੀ ਬੰਗੀ, ਸ. ਨਿਰਵੈਲ ਸਿੰਘ ਜੀ ਜੌਹਲਾਂ (ਤਿੰਨੇ ਅੰਤ੍ਰਿੰਗ ਕਮੇਟੀ ਮੈਂਬਰ) ਸ. ਸਤਨਾਮ ਸਿੰਘ ਜੀ ਧਨੋਆ ਅਤੇ ਮੈਂ (ਲੇਖਕ) ਬੰਗਲਾਦੇਸ਼ ਵਿਚ ਸਥਿਤ ਇਤਿਹਾਸਿਕ ਗੁਰਦੁਆਰਾ ਸਾਹਿਬਾਨ ਦੀ ਸਥਿਤੀ ਤੇ ਪ੍ਰਬੰਧ ਸੰਬੰਧੀ ਜਾਇਜ਼ਾ ਲੈਣ ਲਈ ਗਏ ਸੀ। ਵਰਤਮਾਨ ਸਮੇਂ ਬੰਗਲਾਦੇਸ਼ ਵਿਚ

ਕੇਵਲ ਚਾਰ ਹੀ ਇਤਿਹਾਸਿਕ ਸਥਾਨ ਹਨ, ਜਿਨ੍ਹਾਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਰੋਜ਼ਾਨਾ ਪ੍ਰਕਾਸ਼ ਹੁੰਦਾ ਹੈ ਤੇ ਗੁਰਦੁਆਰਾ ਸਾਹਿਬਾਨ ਦੀ ਮਰਯਾਦਾ ਚੱਲਦੀ ਹੈ।

੧. ਗੁਰਦੁਆਰਾ ਨਾਨਕਸ਼ਾਹੀ ਢਾਕਾ।

੨.ਗੁਰਦੁਆਰਾ ਸੰਗਤ ਟੋਲਾ, ਬੰਗਲਾ ਬਜ਼ਾਰ, ਢਾਕਾ।

੩.ਗੁਰਦੁਆਰਾ ਸਿੱਖ ਅਸਟੇਟ ਟੈਂਪਲ ਚੌਂਕ ਬਜ਼ਾਰ, ਚਿੱਟਾਗਾਂਗ।

੪.ਗੁਰਦੁਆਰਾ ਸਾਹਿਬ ਮੈਂਮਨ ਸਿੰਘ।

ਨਾਨਕਸ਼ਾਹੀ ਅਖਾੜੇ ਤੋਂ ਇਸ ਦਾ ਨਾਂ ਗੁਰਦੁਆਰਾ ਨਾਨਕਸ਼ਾਹੀ ਢਾਕਾ ਪ੍ਰਸਿੱਧ ਹੋਇਆ। ਪਾਕਿਸਤਾਨ ਸਰਕਾਰ ਦੇ ਸਮੇਂ (੧੯੪੭-੧੯੭੧ ਈ.) ਇਸ ਸਥਾਨ 'ਤੇ ਜ਼ਬਰਨ ਕਬਜ਼ੇ ਕੀਤੇ ਗਏ। ਇਸ ਪਾਵਨ ਸਥਾਨ 'ਤੇ ਕਾਬਜ਼ ਹੋਣ ਲਈ ਬਹੁਤ ਸਾਰੇ ਲੋਕਾਂ ਨੇ ਯਤਨ ਕੀਤੇ ਪਰ ਗੁਰੂ-ਕਿਰਪਾ ਸਦਕਾ ਸਭ ਬੇਕਾਰ ਗਏ। ਮਹੰਤ ਤ੍ਰੈਵੇਣੀ ਦਾਸ ਦੇਸ਼ ਵੰਡ ਉਪਰੰਤ ਤੀਰਥ ਯਾਤਰਾ 'ਤੇ ਚਲੇ ਗਏ। ਉਨ੍ਹਾਂ ਦੀ ਗੈਰ ਹਾਜ਼ਰੀ 'ਚ ਬਾਬਾ ਸਵਰਨ ਸਿੰਘ ਉਰਫ ਸੁਰੈਣ ਸਿੰਘ ਨੇ ਸੇਵਾ ਸੰਭਾਲ ਲਈ। ਫਿਰ ਇਸ ਗੁਰੂ-ਘਰ ਦੀ ਸੁਰੱਖਿਆ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਪਾਸ ਦਰਖਾਸਤ ਕੀਤੀ ਗਈ। ਅਗਸਤ ੧੯੫੬ ਈ. ਨੂੰ ਮਾਸਟਰ ਤਾਰਾ ਸਿੰਘ, ਪ੍ਰਧਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਇਕ ਮੁਖਤਿਆਰਨਾਮਾ ਦੋ ਸ਼ਰਧਾਲੂਆਂ ਹੱਥ ਭੇਜਿਆ।

ਪ੍ਰਸਿੱਧ ਇਤਿਹਾਸਕਾਰ ਡਾ. ਤਿਰਲੋਚਨ ਸਿੰਘ ਅਨੁਸਾਰ ਸ੍ਰੀ ਗੁਰੂ ਨਾਨਕ ਸਾਹਿਬ ਜੀ ਦੁਆਰਾ ਬਣਾਇਆ ਗਿਆ ਖੂਹ, ਸਰੋਵਰ ਅਤੇ ਉੱਥੇ ਹਰ ਸਾਲ ਲੱਗਣ ਵਾਲਾ ਸਾਲਾਨਾ ਮੇਲਾ ੧੯੫੯ ਈ. ਤੀਕ ਜਾਰੀ ਸੀ, ਪਰ ੧੯੬੦ ਈ. ਵਿਚ ਸਾਰਾ ਇਲਾਕਾ ਸਰਕਾਰ ਨੇ ਆਪਣੇ ਕਬਜ਼ੇ ਵਿਚ ਲੈ ਲਿਆ। ੧੯੬੦-੬੧ ਈ. ਵਿਚ ਪਾਕਿਸਤਾਨ ਸਰਕਾਰ ਵੱਲੋਂ ਢਾਕਾ ਯੂਨੀਵਰਸਿਟੀ ਦੇ ਖੇਤਰ ਨੂੰ ਵਧਾਉਣ ਲਈ ਗੁਰਦੁਆਰਾ ਸਾਹਿਬ ਦੀ ਜ਼ਮੀਨ ਗ੍ਰਹਿਣ ਕਰਨ ਦਾ ਹੁਕਮ ਜਾਰੀ ਕੀਤਾ ਗਿਆ। ਬਾਬਾ ਸਵਰਨ ਸਿੰਘ ਨੇ ਇਸ ਹੁਕਮ ਦੇ ਵਿਰੁੱਧ ਢਾਕਾ ਦੀ ਅਦਾਲਤ 'ਚ ਮੁਕੱਦਮਾ ਦਰਜ ਕਰ ਦਿੱਤਾ, ਪਰ ਅਦਾਲਤ ਨੇ ਮੁਕੱਦਮਾ ਖਾਰਜ ਕਰ ਦਿੱਤਾ। ਬਾਬਾ ਸਵਰਨ ਸਿੰਘ ਨੇ ਉਪਰਲੀ ਅਦਾਲਤ 'ਚ ਮੁਕੱਦਮਾ ਦਾਇਰ ਕੀਤਾ। ੧੬ ਮਈ, ੧੯੬੬ ਈ. ਨੂੰ ਅਪੀਲ ਮਨਜ਼ੂਰ ਕਰ ਲਈ। ੧੪ ਦਸੰਬਰ, ੧੯੭੧ ਈ. ਨੂੰ ਬਿਰਧ ਬਾਬੇ ਸਵਰਨ ਸਿੰਘ ਤੇ ਉਸ ਦੇ ਇਕ ਮੁਸਲਮਾਨ ਸਾਥੀ ਨੂੰ ਗੋਲੀ ਮਾਰ ਕੇ ਸ਼ਹੀਦ ਕਰ ਦਿੱਤਾ, ਜੋ ਉਮਰ ਭਰ ਗੁਰੂ-ਘਰ ਦੀ ਜ਼ਮੀਨ-ਜਾਇਦਾਦ ਲਈ ਲੜਦੇ ਰਹੇ ਸਨ।

ਬੰਗਲਾਦੇਸ਼ ਬਣਨ ਉਪਰੰਤ ੩੧ ਦਸੰਬਰ, ੧੯੭੧ ਈ. ਨੂੰ ਪਹਿਲੀ ਵਾਰ ਤਖ਼ਤ ਸ੍ਰੀ ਹਰਿਮੰਦਰ ਜੀ, ਪਟਨਾ ਸਾਹਿਬ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਸਾਹਿਬ ਵੱਲੋਂ ਡੈਪੂਟੇਸ਼ਨ ਭੇਜਿਆ ਗਿਆ। ੨ ਜਨਵਰੀ, ੧੯੭੨ ਈ. ਨੂੰ ਪਹਿਲੀ ਵਾਰ ਗੁਰਦੁਆਰਾ ਨਾਨਕਸ਼ਾਹੀ ਢਾਕਾ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕੀਤਾ ਗਿਆ, ਜਿਸ ਵਿਚ ਸਿੱਖ ਸੰਗਤਾਂ ਤੋਂ ਇਲਾਵਾ, ਹਿੰਦੂ ਤੇ ਮੁਸਲਮਾਨ ਵੀ ਸ਼ਾਮਲ ਹੋਏ। ਨਿਸ਼ਾਨ ਸਾਹਿਬ ਝੁਲਾਇਆ ਗਿਆ। ਸਵੇਰੇ ੯ ਵਜੇ ਸੱਯਦ ਨਜ਼ਾਰੁਲ ਇਸਲਾਮ

ਕਾਰਜਕਾਰੀ ਰਾਸ਼ਟਰਪਤੀ ਖ਼ੁਦ ਗੁਰਦੁਆਰਾ ਸਾਹਿਬਾਨ ਹਾਜ਼ਰ ਹੋਏ ਤੇ ਸਿੱਖਾਂ ਨੂੰ ਭਰੋਸਾ ਦਿੱਤਾ ਕਿ ਬੰਗਲਾਦੇਸ਼ ਵਿਚ ਸਿੱਖਾਂ ਦੇ ਧਾਰਮਿਕ ਸਥਾਨ ਸੁਰੱਖਿਅਤ ਰਹਿਣਗੇ। ਸਰਕਾਰ ਹਰ ਤਰ੍ਹਾਂ ਦਾ ਸਹਿਯੋਗ ਦੇਵੇਗੀ। ਪਾਕਿਸਤਾਨ, ਬੰਗਲਾਦੇਸ਼ ਦੀ ਵੰਡ ਉਪਰੰਤ ਉਦੋਂ ਇਹ ਗੁਰਦੁਆਰਾ ਸਾਹਿਬਾਨ ੨ ਜਨਵਰੀ, ੧੯੭੨ ਈ. ਨੂੰ ਦਰਸ਼ਨਾਂ ਵਾਸਤੇ ਖੋਲਿਆ ਗਿਆ ਜਦ ਸਿੱਖ ਮਿਸ਼ਨ ਸ. ਭਾਗ ਸਿੰਘ, ਸੰਪਾਦਕ 'ਸਿੱਖ ਰੀਵਿਊ' ਦੀ ਅਗਵਾਈ 'ਚ ਬੰਗਲਾਦੇਸ਼ ਪਹੁੰਚਿਆ।

ਵਫ਼ਦ ਦੀ ਕਾਰਵਾਈ ਨੂੰ ਅਮਲੀ ਰੂਪ ਦੇਣ ਲਈ ੧੩ ਸਤੰਬਰ, ੧੯੭੩ ਈ. ਨੂੰ ਦਿੱਲੀ ਵਿਖੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਵੱਲੋਂ ਸਿੱਖ ਪ੍ਰਤੀਨਿਧਾਂ ਦੀ ਮੀਟਿੰਗ ਬੁਲਾਈ ਗਈ, ਜਿਸ ਦੀ ਪ੍ਰਧਾਨਗੀ ਜਥੇਦਾਰ ਗੁਰਚਰਨ ਸਿੰਘ ਟੌਹੜਾ ਨੇ ਕੀਤੀ। ਇਸ ਮੀਟਿੰਗ ਵਿਚ ਬੰਗਲਾਦੇਸ਼ ਗੁਰਦੁਆਰਾ ਮੈਨੇਜਮੈਂਟ ਬੋਰਡ ਬਣਾਇਆ ਗਿਆ, ਜਿਸ ਦੇ ਪ੍ਰਧਾਨ ਦੀ ਸੇਵਾ ਲਈ ਸ. ਗਿਆਨ ਸਿੰਘ ਸੋਹਨ ਪਾਲ ਜੋ ਪੱਛਮੀ ਬੰਗਾਲ ਦੇ ਟਰਾਂਸਪੋਰਟ ਮੰਤਰੀ ਤੇ ਸ. ਭਾਗ ਸਿੰਘ (ਕੈਪਟਨ) ਸਿੱਖ ਕਲਚਰਲ ਸੈਂਟਰ ਕਲਕੱਤਾ ਨੂੰ ਜਰਨਲ ਸਕੱਤਰ ਚੁਣਿਆ ਗਿਆ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਵੱਲੋਂ ੨੫ ਹਜ਼ਾਰ ਰੁਪਏ ਸਾਲਾਨਾ ਸਹਾਇਤਾ ਭੇਜੀ ਜਾਂਦੀ ਰਹੀ। ਗੁਰਦੁਆਰਾ ਸਾਹਿਬ ਦੀ ਇਮਾਰਤ ੩੦×੩੦ ਫੁੱਟ ਦੀ ਹੈ। ਬਾਹਰ ਬਰਾਂਡਾ ਬਣਿਆ ਹੋਇਆ ਹੈ। ੧੯੯੮-੧੯੯੯ ਈ. ਵਿਚ ਗੁਰੂ-ਘਰ ਹਿਫ਼ਾਜ਼ਤ ਵਾਸਤੇ ਬਾਹਰੀ ਬਰਾਂਡਾ ਤਿਆਰ ਕੀਤਾ ਗਿਆ, ਜਿਸ ਦੀ ਸੇਵਾ ਦੇਸ਼-ਵਿਦੇਸ਼ ਦੀਆਂ ਸਿੱਖ ਸੰਗਤਾਂ ਨੇ ਸ. ਹਰਬੇਅੰਤ ਸਿੰਘ ਆਈ. ਏ. ਐਸ. ਦੀ ਪ੍ਰੇਰਨਾ ਤੇ ਅਗਵਾਈ 'ਚ ਕੀਤੀ। ਗੁੰਬਦ 'ਤੇ ਸੁਨਹਿਰੀ ਰੰਗ ਕੀਤਾ ਹੋਇਆ ਹੈ। ਪ੍ਰਵੇਸ਼ ਦੁਆਰ ਪੱਛਮੀ ਪਾਸੇ ਨੀਲਖੇੜਾ ਸੜਕ 'ਤੇ ਹੈ। ਪਾਰਕ ਵਿਚ ਬਹੁਤ ਸੋਹਣੇ ਫੁੱਲ-ਬੂਟੇ ਹਨ। ਬੰਗਲਾਦੇਸ਼ ਗੁਰਦੁਆਰਾ ਬੋਰਡ ਬਣਨ 'ਤੇ ਭਾਈ ਕਰਤਾਰ ਸਿੰਘ ਨੇ ਗ੍ਰੰਥੀ ਸਿੰਘ ਦੀ ਸੇਵਾ-ਸੰਭਾਲੀ। ਹੁਣ ਭਾਈ ਪਿਆਰਾ ਸਿੰਘ ਮੁੱਖ ਗ੍ਰੰਥੀ ਸਹਿਯੋਗੀ ਸਿੰਘਾਂ ਨਾਲ ਸੇਵਾ ਨਿਭਾਅ ਰਹੇ ਹਨ। ਬਾਬਾ ਸੁੱਖਾ ਸਿੰਘ ਜੀ ਸਰਹਾਲੀ ਵਾਲਿਆਂ ਦੁਆਰਾ ਸੰਗਤਾਂ ਦੇ ਸਹਿਯੋਗ ਨਾਲ ਰਿਹਾਇਸ਼ੀ ਕਮਰੇ ਤੇ ਲੰਗਰ ਹਾਲ ਤਾਮੀਰ ਕੀਤਾ ਗਿਆ ਹੈ। ਇਕ ਖੋਜ ਕੇਂਦਰ ਵੀ ਸਥਾਪਿਤ ਕੀਤਾ ਗਿਆ ਹੈ। ਜਿਸ ਸਮੇਂ ਅਸੀਂ ਗੁਰਦੁਆਰਾ ਨਾਨਕਸ਼ਾਹੀ ਢਾਕੇ ਦੇ ਦਰਸ਼ਨ ਕੀਤੇ, ਉਸ ਸਮੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪੁਰਾਤਨ ਹੱਥ-ਲਿਖਤ ਬੀੜ ਦੀ ਸੇਵਾ-ਸੰਭਾਲ ਨਵੇਂ ਸਿਰਿਓਂ ਕੀਤੀ ਜਾ ਰਹੀ ਸੀ। ਲੰਗਰ ਦਾ ਪ੍ਰਬੰਧ ਬਹੁਤ ਖ਼ੂਬਸੂਰਤ ਹੈ। ਕੇਵਲ ਕਾਰੋਬਾਰ-ਵਪਾਰ ਵਾਸਤੇ ਬਹੁਤ ਥੋੜ੍ਹੇ ਸਿੱਖ ਉੱਥੇ ਵਸਦੇ ਹਨ ਤੇ ਸੇਵਾ-ਸੰਭਾਲ ਵਿਚ ਸਹਿਯੋਗੀ ਹਨ। ਹਰ ਸਾਲ ਸ੍ਰੀ ਗੁਰੂ ਨਾਨਕ ਸਾਹਿਬ ਜੀ ਦੇ ਪ੍ਰਕਾਸ਼ ਗੁਰਪੁਰਬ ਤੇ ਖਾਲਸਾ ਜੀ ਦੇ ਸਾਜਨਾ ਦਿਵਸ ਸਮੇਂ ਵਿਸ਼ੇਸ਼ ਗੁਰਮਤਿ ਸਮਾਗਮ ਹੁੰਦੇ ਹਨ। ਦੇਸ਼-ਵਿਦੇਸ਼ ਤੋਂ ਸੰਗਤ ਹਾਜ਼ਰੀ ਭਰਦੀ ਹੈ। ਹਰ ਸ਼ੁੱਕਰਵਾਰ ਛੁੱਟੀ ਵਾਲੇ ਦਿਨ ਵੀ ਵਿਸ਼ੇਸ਼ ਦੀਵਾਨ ਸਜਦਾ ਹੈ। ਬੰਗਲਾਦੇਸ਼ ਗੁਰਦੁਆਰਾ ਮੈਨਜਮੈਂਟ ਬੋਰਡ ਦਾ ਦਫ਼ਤਰ ਵੀ ਗੁਰਦੁਆਰਾ ਨਾਨਕਸ਼ਾਹੀ ਢਾਕਾ ਵਿਚ ਹੀ ਹੈ। ■

# ਸਾਹਿਬ-ਏ-ਕਮਾਲ ਦੇ ਸਰਫ਼ਰਾਜ਼ ਵਿਦਵਾਨ: ਭਾਈ ਨੰਦ ਲਾਲ ਜੀ ਗੋਯਾ

*-ਸ. ਬੀਰ ਦਵਿੰਦਰ ਸਿੰਘ**

ਭਾਈ ਨੰਦ ਲਾਲ ਜੀ ਜਿੱਥੇ ਦਸਮ ਪਾਤਸ਼ਾਹ ਹਜ਼ੂਰ ਦੇ ਅਨਿਨ ਸਿੱਖ ਅਤੇ ਹਜ਼ੂਰੀ ਕਵੀ ਸਨ, ਉਸ ਦੇ ਨਾਲ ਹੀ ਉਹ ਫ਼ਾਰਸੀ ਤੇ ਅਰਬੀ ਜ਼ੁਬਾਨ ਦੇ ਮਹਾਨ ਵਿਦਵਾਨ ਵੀ ਸਨ। ਭਾਈ ਨੰਦ ਲਾਲ ਜੀ 'ਗੋਯਾ' ਵਰਗੇ ਸਰਫਰਾਜ਼ ਵਿਦਵਾਨ ਦੀ ਸ਼ਖ਼ਸੀਅਤ ਨੂੰ ਬਿਆਨ ਕਰਨਾ ਕੋਈ ਅਸਾਨ ਕਾਰਜ ਨਹੀਂ ਹੈ। ਉਨ੍ਹਾਂ ਦੀ ਬੁਲੰਦ ਹਸਤੀ ਨੂੰ ਤਸੱਵਰ ਦੇ ਹਾਫ਼ਿਜ਼ੇ ਵਿਚ ਉਤਾਰ ਕੇ ਉਸ ਦਾ ਨਿਆਂਪੂਰਨ ਸ਼ਬਦ ਚਿਤਰਣ, ਮੇਰੇ ਲਈ ਵੱਡੀ ਚੁਨੌਤੀ ਹੈ। ਫ਼ਾਰਸੀ ਦਾ ਇਕ ਸ਼ਬਦ ਹੈ 'ਗੁਫ਼ਤਨ' ਜਿਸ ਦਾ ਭਾਵ ਹੈ ਕਹਿਣਾ ਅਤੇ 'ਗੋਯਾ' ਤੋਂ ਭਾਵ ਹੈ ਕਹਿਣ ਵਾਲਾ। ਅਰਥਾਤ ਨੰਦ ਲਾਲ 'ਗੋਯਾ' ਤੋਂ ਭਾਵ ਹੈ ਸਾਹਿਬ-ਏ-ਕਮਾਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀਆਂ ਸਿਫ਼ਤਾਂ ਕਹਿਣ ਵਾਲਾ। ਇੰਜ ਭਾਈ ਨੰਦ ਲਾਲ ਜੀ ਦੀ ਪਹਿਚਾਣ ਉਨ੍ਹਾਂ ਦੇ ਸਵੈ-ਸਿਰਜੇ ਤਖੱਲਸ 'ਗੋਯਾ' ਨਾਲ ਪ੍ਰਸਿੱਧ ਹੋਈ।

ਭਾਈ ਨੰਦ ਲਾਲ 'ਗੋਯਾ' ਜਿਨ੍ਹਾਂ ਨੇ ਸਾਹਿਬ-ਏ-ਕਮਾਲ ਦੀ ਅਜ਼ਮਤ ਦੀ, ਦੈਵੀ ਤੇ ਦੁਨਿਆਵੀ ਬੁਲੰਦੀ ਨੂੰ, ਦਾਰਸ਼ਨਿਕਤਾ ਅਤੇ ਦਾਨਾਈ ਦੇ ਸੂਖਮ ਝਰੋਖਿਆਂ ਰਾਹੀਂ ਤੱਕ ਕੇ, ਆਪਣੀ ਸ਼ਾਹਕਾਰ ਸ਼ਾਇਰੀ ਰਾਹੀਂ ਚਿੱਤਰਿਆ ਹੋਵੇ, ਉਨ੍ਹਾਂ ਦੇ ਜੀਵਨ ਦਾ ਬਿਓਰੇਵਾਰ ਉਲੇਖ ਕਰਨਾ, ਮੇਰੀ ਅਲਪ ਬੁੱਧੀ ਲਈ ਕਠਿਨ ਪ੍ਰੀਖਿਆ ਦੀ ਘੜੀ ਹੈ। ਭਾਈ ਨੰਦ ਲਾਲ ਜੀ ਦੇ ਬੁਲੰਦ ਕਿਰਦਾਰ ਦਾ ਇੱਕ ਖਾਸ ਕਾਬਿਲ-ਏ-ਇਹਤਰਾਮ ਪਹਿਲੂ ਇਹ ਹੈ ਕਿ ਆਪ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਉਨ੍ਹਾਂ ਚੂੜਾਮਣੀ ਆਸ਼ਕ-ਸਾਦਿਕ ਵਿਦਵਾਨਾਂ ਵਿੱਚੋਂ ਸਨ, ਜਿਨ੍ਹਾਂ ਨੂੰ ਪਾਤਸ਼ਾਹ ਹਜ਼ੂਰ ਦੀ ਕਦਮ-ਬੋਸੀ, ਖੁਲ੍ਹੇ ਦਰਸ਼ਨ ਦੀਦਾਰ ਤੇ ਗੁਫ਼ਤਗੂ ਦਾ ਸ਼ਰਫ਼, ਅਕਸਰ-ਔਕਾਤ ਨਸੀਬ ਹੁੰਦਾ ਸੀ। ਭਾਈ ਨੰਦ ਲਾਲ ਜੀ ਦੇ ਪਿਤਾ ਸ੍ਰੀ ਛੱਜੂ ਰਾਮ ਖੱਤਰੀ, ਫ਼ਾਰਸੀ ਦੇ ਪ੍ਰਸਿੱਧ ਵਿਦਵਾਨ ਸਨ। ਜ਼ਰੀਆ-ਮੁਆਸ਼ ਦੀ ਤਲਾਸ਼ ਵਿਚ ਉਹ ਆਪਣਾ ਵਤਨ ਮੁਲਤਾਨ (ਪੰਜਾਬ) ਛੱਡ ਕੇ ਗਜਨੀ (ਅਫ਼ਗਾਨਿਸਤਾਨ) ਵਿਚ ਜਾ ਵੱਸੇ। ਉਨ੍ਹਾਂ ਦੀ ਯੋਗਤਾ ਅਤੇ ਫ਼ਾਰਸੀ ਦੇ ਗਿਆਨ ਦੀ ਤਾਰੀਫ਼ ਸੁਣ ਕੇ, ਉੱਥੋਂ ਦੇ ਹਾਕਮ, ਨਵਾਬ ਮੁਅੱਯੂਦੀਨ ਨੇ ਉਨ੍ਹਾਂ ਨੂੰ ਆਪਣਾ ਮੀਰ ਮੁਨਸ਼ੀ (ਦੀਵਾਨ) ਮੁਕੱਰਰ ਕਰ ਦਿੱਤਾ। (ਪੰਡਤ ਨਰੈਣ ਸਿੰਘ ਜੀ ਗਯਾਨੀ ਨੇ ਭਾਈ ਨੰਦ ਲਾਲ ਜੀ ਦੀ ਕਿਰਤ 'ਜ਼ਿੰਦਗੀਨਾਮਾ'

*ਸਾਬਕਾ ਡਿਪਟੀ ਸਪੀਕਰ, ਪੰਜਾਬ ਵਿਧਾਨ ਸਭਾ, ਸੇਵਾ ਸਦਨ, ਢਿੱਲੋਂ ਮਾਰਗ, ਮਾਡਲ ਟਾਊਨ, ਪਟਿਆਲਾ-੧੪੭੦੦੧ ਮੋ: +੯੧੯੮੧੪੦-੩੩੩੬੨

ਅਤੇ 'ਤੌਸੀਫੋ ਸਨਾ' ਦੀ ਮੁਖਤਸਰ ਭੂਮਿਕਾ ਵਿਚ, ਭਾਈ ਨੰਦ ਲਾਲ ਜੀ ਦੇ ਪਿਤਾ ਦਾ ਨਾਮ ਮੁਨਸ਼ੀ ਛੱਜੂ ਰਾਮ ਵੀ ਲਿਖਿਆ ਹੋਇਆ ਹੈ)।

ਇਹ ਤਕਦੀਰ ਦੀ ਸਿਤਮਗਰੀ ਸੀ ਕਿ ਪੰਜਾਹ ਵਰ੍ਹਿਆਂ ਦੀ ਉਮਰ ਤਕ ਜੋ ਵੀ ਸੰਤਾਨ, ਦੀਵਾਨ ਛੱਜੂ ਰਾਮ ਦੇ ਘਰ ਪੈਦਾ ਹੋਈ, ਉਹ ਰੱਬੀ ਰਜ਼ਾ ਅਧੀਨ ਕਾਲ-ਵੱਸ ਹੁੰਦੀ ਰਹੀ। ਅਖੀਰ ਸੰਨ ੧੬੩੩ ਈ. ਵਿਚ ਉਨਾਂ ਦੇ ਘਰ ਇਕ ਪੁੱਤਰ ਨੇ ਜਨਮ ਲਿਆ, ਜਿਸ ਦਾ ਨਾਮ ਉਨ੍ਹਾਂ ਨੰਦ ਲਾਲ ਰੱਖਿਆ। ਵਿਦਵਾਨ ਪਿਤਾ ਨੇ ਕੇਵਲ ਛੇ ਸਾਲ ਦੀ ਨਿੱਕੀ ਉਮਰ ਵਿਚ ਹੀ ਆਪਣੇ ਹੋਣਹਾਰ ਪੁੱਤਰ ਨੂੰ ਫ਼ਾਰਸੀ ਅਤੇ ਅਰਬੀ ਦੀ ਤਾਲੀਮ ਦੇਣ ਦੇ ਯੋਗ ਪ੍ਰਬੰਧ ਕਰ ਦਿੱਤੇ। ਬਾਲਕ ਨੰਦ ਲਾਲ ਦੀ ਤੀਖਣ ਬੁੱਧੀ ਹੋਣ ਕਾਰਨ, ਉਹ ਥੋੜੇ ਸਮੇਂ ਵਿਚ ਹੀ ਫ਼ਾਰਸੀ ਤੇ ਅਰਬੀ ਵਿਚ ਅੱਛੇ ਤਾਕ ਹੋ ਗਏ। ਦਾਰਸ਼ਨਿਕਤਾ ਦੇ ਸੂਖਮ ਗੁਣ, ਆਪ ਨੂੰ ਪਿਤਾ ਪਾਸੋਂ ਗੁੜ੍ਹਤੀ ਵਿਚ ਮਿਲ ਗਏ ਸਨ।

ਆਪ ਦੇ ਪਿਤਾ ਦੀਵਾਨ ਛੱਜੂ ਰਾਮ ਜੀ, ਰਾਮਾਨੰਦੀ ਬੈਰਾਗੀਆਂ ਦੇ ਸੇਵਕ ਸਨ ਤੇ ਉਨ੍ਹਾਂ ਦੀ ਇੱਛਾ ਸੀ ਕਿ ਉਨ੍ਹਾ ਦਾ ਪੁੱਤਰ ਬਾਲਕ ਨੰਦ ਲਾਲ ਵੀ ਕੁਲ-ਰੀਤ ਅਨੁਸਾਰ ਵੈਸ਼ਨਵ ਧਰਮ ਦੀ ਦੀਖੀਆ ਪ੍ਰਾਪਤ ਕਰ ਲਵੇ। ਪਰ ਅਨੁਭਵੀ ਬਾਲਕ ਨੂੰ ਕੁਝ ਹੋਰ ਹੀ ਮਨਜ਼ੂਰ ਸੀ। ਜਦੋਂ ਬਾਲਕ ਨੰਦ ਲਾਲ ਦੀ ਉਮਰ ਕੇਵਲ ਬਾਰ੍ਹਾਂ ਵਰ੍ਹਿਆਂ ਦੀ ਸੀ ਤਾਂ ਦੀਵਾਨ ਜੀ ਨੇ ਉਨ੍ਹਾਂ ਨੂੰ ਦੀਖਿਆ ਦਿਵਾਉਣ ਦਾ ਪ੍ਰਬੰਧ ਕੀਤਾ। ਜਦੋਂ ਰਾਮਾਨੰਦੀ ਬੈਰਾਗੀਆਂ ਦੇ ਕੁਲ-ਗੁਰੂ ਨੇ ਭਾਈ ਸਾਹਿਬ ਦੇ ਗ਼ਲ ਵਿਚ ਕਾਠ ਦੇ ਮਣਕਿਆਂ ਦੀ ਕੰਠੀ ਪਾਉਣੀ ਚਾਹੀ, ਤਾਂ ਬਾਲਕ ਨੰਦ ਲਾਲ ਨੇ ਪੂਰੇ ਅਦਬ ਨਾਲ ਇਸ ਕੰਠੀ ਨੂੰ ਗ੍ਰਹਿਣ ਕਰਨ ਤੋਂ ਸਾਫ਼ ਇਨਕਾਰ ਕਰ ਦਿੱਤਾ ਤੇ ਕੁਲ-ਗੁਰੂ ਨੂੰ ਬੇਨਤੀ ਕਰਦੇ ਹੋਏ ਕਿਹਾ, "ਨਾਸ਼ਵੰਤ ਕਾਠ ਦੀ ਕੰਠੀ ਦੀ ਥਾਂ ਉਨ੍ਹਾਂ ਨੂੰ ਆਤਮਿਕ ਗੁਣਾਂ ਦੀ ਐਸੀ ਕੰਠੀ ਪਹਿਨਾਈ ਜਾਵੇ ਜੋ ਲੋਕ ਤੇ ਪ੍ਰਲੋਕ, ਦੋਹਵਾਂ ਵਿਚ ਸਹਾਈ ਹੋਵੇ" ਉਨ੍ਹਾਂ ਤਸ਼ਰੀਹੀ ਵਜਾਹਤ ਨਾਲ ਆਖਿਆ ਕਿ "ਧਰਮ ਤੇ ਆਤਮਿਕ ਮਾਰਗ ਦੀ ਚੋਣ ਮੇਰੇ ਲਈ ਕੋਈ ਰਸਮੀ ਬੰਧਨ ਨਹੀਂ, ਮੈਂ ਆਤਮਿਕ ਸੁਰਤੀ ਦੀ ਪ੍ਰਵਾਜ਼ ਰਾਹੀ, ਆਪਣੇ ਧਰਮ ਗੁਰੂ ਦੀ ਤਲਾਸ਼ ਖ਼ੁਦ ਕਰਾਂਗਾ। " ਕੁਲ-ਗੁਰੂ ਤੇ ਦੀਵਾਨ ਜੀ ਨੂੰ ਕੀ ਪਤਾ ਸੀ ਕਿ ਜਿਸ ਕਾਮਲ ਮੁਰਸ਼ਦ ਦੀ ਤਲਾਸ਼ ਬਾਲਕ ਨੰਦ ਲਾਲ ਨੂੰ ਹੈ, ਉਹ ਸਾਹਿਬ-ਏ-ਕਮਾਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਹਨ।

ਬਾਲਕ ਨੰਦ ਲਾਲ ਨੇ ਫ਼ਾਰਸੀ ਵਿਚ ਤਾਂ ਇਸ ਕਦਰ ਮੁਹਾਰਤ ਹਾਸਲ ਕਰ ਲਈ ਕਿ ੧੯ ਵਰ੍ਹਿਆਂ ਦੀ ਆਯੂ ਵਿਚ ਹੀ, ਫ਼ਾਰਸੀ ਵਿਚ ਉੱਚ ਪਾਏ ਦੀ ਕਵਿਤਾ ਪੜ੍ਹਨ ਲੱਗ ਪਏ ਸਨ। ਬਦਕਿਸਮਤੀ ਨਾਲ ਭਰ ਜਵਾਨੀ ਦੀ ਉਮਰ ਵਿਚ ਹੀ ਭਾਈ ਨੰਦ ਲਾਲ ਜੀ ਦੇ ਮਾਤਾ ਅਤੇ ਪਿਤਾ ਦੋਵੇਂ ਹੀ, ਥੋੜੇ-ਥੋੜੇ ਵਕਫ਼ੇ ਨਾਲ ਗੁਜ਼ਰ ਗਏ। ਭਾਈ ਸਾਹਿਬ ਨੇ ਪ੍ਰਚਲਿਤ ਦਸਤੂਰ ਅਨੁਸਾਰ ਗਜ਼ਨੀ ਦੇ ਹਾਕਮ ਪਾਸ ਆਪਣੇ ਪਿਤਾ ਵਾਲੀ ਪਦਵੀ 'ਤੇ ਨਿਯੁਕਤ ਹੋਣ ਦੀ ਇੱਛਾ ਜ਼ਾਹਰ ਕੀਤੀ। ਪਰ ਗਜ਼ਨੀ ਦੇ

ਹਾਕਮ, ਨਵਾਬ ਮੁਅੱਯੁਦੀਨ ਨੇ ਭਾਈ ਨੰਦ ਲਾਲ ਜੀ ਦੀ ਛੋਟੀ ਉਮਰ ਹੋਣ ਕਾਰਨ, ਕੋਈ ਛੋਟੀ-ਮੋਟੀ ਮੁਰਾਤਬਤ ਪ੍ਰਵਾਨ ਕਰਨ ਨੂੰ ਕਿਹਾ, ਜੋ ਭਾਈ ਸਾਹਿਬ ਨੂੰ ਮਨਜ਼ੂਰ ਨਹੀਂ ਸੀ। ਤਾਲੀਮ ਅਤੇ ਕਾਬਲੀਅਤ ਅਨੁਸਾਰ, ਜਿਸ ਰੁਤਬ-ਓ-ਅਦਬ ਦੇ ਭਾਈ ਨੰਦ ਲਾਲ ਜੀ ਮੁਸਤਹੱਕ ਸਨ, ਉਹ ਨਵਾਬ ਗਜ਼ਨੀ ਮਨਜ਼ੂਰ ਕਰਨ ਨੂੰ ਤਿਆਰ ਨਹੀਂ ਸੀ, ਜਿਸ ਕਾਰਨ ਆਪ ਜੀ ਦਾ ਮਨ ਮਾਸੂਮ ਹੋ ਗਿਆ ਅਤੇ ਇਸ ਮਾਯੂਸੀ ਦੇ ਆਲਮ ਵਿਚ ਆਪ ਨੇ ਗਜ਼ਨੀ ਦੀ ਸਾਰੀ ਜਾਇਦਾਦ ਵੇਚ ਦਿੱਤੀ ਤੇ ਬਿਨਾ ਇੰਤਜ਼ਾਰ ਕੀਤਿਆਂ, ਇਕ ਕਾਫ਼ਲੇ ਸਮੇਤ ਆਪਣੇ ਪਿਤਾ-ਪੁਰਖੀ ਵਤਨ, ਮੁਲਤਾਨ ਨੂੰ ਰਵਾਨਗੀ ਪਾ ਦਿੱਤੀ।

ਮੁਲਤਾਨ ਪੁੱਜ ਕੇ ਆਪ ਨੇ ਦਿੱਲੀ ਦਰਵਾਜ਼ੇ ਆਪਣੇ ਨਵੇਂ ਮਕਾਨ ਦੀ ਤਾਮੀਰ ਕਰਵਾਈ ਤੇ ਇੱਥੇ ਹੀ ਰਹਿਣ ਲੱਗ ਪਏ। ਇੱਥੇ ਹੀ ਇੱਕ ਸਹਿਜਧਾਰੀ ਸਿੱਖ ਪਰਵਾਰ ਨੇ ਭਾਈ ਸਾਹਿਬ ਨੂੰ ਹਰ ਪੱਖੋਂ ਯੋਗ ਸਮਝ ਕੇ ਆਪਣੀ ਸਪੁੱਤਰੀ ਦੀ ਸ਼ਾਦੀ ਭਾਈ ਸਾਹਿਬ ਨਾਲ ਕਰ ਦਿੱਤੀ। ਇਹ ਬੀਬੀ ਗੁਰੂ-ਘਰ ਦੀ ਸ਼ਰਧਾਲੂ ਹੋਣ ਕਾਰਨ ਨਿੱਤ ਅੰਮ੍ਰਿਤ ਵੇਲੇ ਸ੍ਰੀ ਗੁਰੂ ਨਾਨਕ ਸਾਹਿਬ ਦੀ ਬਾਣੀ ਪੜ੍ਹਦੀ ਸੀ, ਜਿਸ ਤੋਂ ਭਾਈ ਸਾਹਿਬ ਦੇ ਮਨ ਵਿਚ ਵੀ ਸਿੱਖੀ ਲਈ ਅਪਾਰ ਸ਼ਰਧਾ ਉਤਪੰਨ ਹੋ ਗਈ। ਸ਼ਬਦ ਦੀ ਰੋਜ਼ਮੱਰਾ ਅਰਾਧਨਾ ਕਾਰਨ, ਗੁਰਬਾਣੀ ਉੱਤੇ ਵਿਸ਼ਵਾਸ਼ ਪਰਪੱਕ ਹੁੰਦਾ ਗਿਆ। ਆਪ ਨੇ ਗੁਰਮੁਖੀ ਅੱਖਰ ਪੜ੍ਹੇ ਅਤੇ ਬਹੁਤ ਸਾਰੀ ਬਾਣੀ ਕੰਠ ਕਰ ਲਈ । ਗੁਰਬਾਣੀ ਅਤੇ ਗੁਰ-ਇਤਿਹਾਸ ਦੇ ਅਧਿਐਨ ਨੇ ਆਪ ਦੀ ਬਿਰਤੀ ਨੂੰ ਮੁਕੰਮਲ ਤੌਰ 'ਤੇ ਗੁਰੂ ਨਾਲ ਜੋੜ ਦਿੱਤਾ। ਆਪ ਦੇ ਘਰ ਦੋ ਪੁੱਤਰਾਂ ਨੇ ਜਨਮ ਲਿਆ, ਜਿਨ੍ਹਾਂ ਦੇ ਨਾਮ ਲਖਪਤ ਰਾਇ ਤੇ ਲੀਲਾਂ ਰਾਮ ਰੱਖੇ ਗਏ। ਭਾਈ ਸਾਹਿਬ ਦੀ ਵਿਦਵਤਾ ਅਤੇ ਯੋਗਤਾ ਦੀ ਖ਼ਬਰ, ਗਲੀ ਕੂਚੇ ਹੁੰਦੀ ਹੋਈ ਜਦੋਂ ਮੁਲਤਾਨ ਦੇ ਹਾਕਮ ਤਕ ਪਹੁੰਚੀ, ਤਦ ਮੁਲਤਾਨ ਦੇ ਹਾਕਮ ਨੇ ਖ਼ੁਦ ਭਾਈ ਸਾਹਿਬ ਨੂੰ ਆਪਣੇ ਦਰਬਾਰ ਵਿਚ ਬੁਲਾ ਕੇ, ਆਪਣੇ ਮੀਰ ਮੁਨਸ਼ੀ (ਦੀਵਾਨ) ਦੀ ਪਦਵੀ 'ਤੇ ਮੁਕੱਰਰ ਕਰ ਦਿੱਤਾ ਜੋ ਭਾਈ ਸਾਹਿਬ ਨੇ ਪੂਰੀ ਈਮਾਨਦਾਰੀ ਅਤੇ ਯੋਗਤਾ ਨਾਲ ਪੂਰੇ ਛੇ ਸਾਲ ਤਕ ਨਿਭਾਈ।

ਜਦੋਂ ਭਾਈ ਸਾਹਿਬ ਦੇ ਪੁੱਤਰਾਂ ਨੇ ਵੱਡੇ ਹੋ ਕੇ ਘਰ ਦਾ ਸਾਰਾ ਕੰਮ-ਕਾਜ ਸੰਭਾਲ ਲਿਆ ਤਾਂ ਆਪ ਨੇ ਸਾਰੀ ਜਾਇਦਾਦ, ਘਰ-ਬਾਰ ਤੇ ਧਨ-ਪਦਾਰਥ, ਆਪਣੇ ਬੱਚਿਆਂ ਤੇ ਸਹੁਰੇ ਪਰਵਾਰ ਦੇ ਸਪੁਰਦ ਕਰ ਦਿੱਤੇ। ਆਪ ਦੇ ਮਨ ਵਿਚ ਗੁਰੂ ਪਿਆਰ ਅਤੇ ਵੈਰਾਗ ਨੇ ਅਜਿਹਾ ਉਛਾਲਾ ਮਾਰਿਆ, ਕਿ ਆਪ ਮੁਲਤਾਨ ਦੇ ਦੀਵਾਨ ਦੀ ਪਦਵੀ ਤਿਆਗ ਕੇ ਗਜ਼ਨੀ ਤੋਂ ਲਿਆਂਦੇ ਆਪਣੇ ਸੇਵਕਾਂ ਸਮੇਤ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨਾਂ ਲਈ ਸ੍ਰੀ ਅੰਮ੍ਰਿਤਸਰ ਸਾਹਿਬ ਪੁੱਜ ਗਏ। ਇੱਥੇ ਗੁਰੂ ਕਲਗੀਧਰ ਪਾਤਸ਼ਾਹ ਦੀ ਮਹਿਮਾ ਸੁਣ ਕੇ, ਰਾਹ ਵਿਚ ਪੈਂਦੇ ਗੁਰਧਾਮਾਂ ਦੇ ਦਰਸ਼ਨ-ਦੀਦਾਰ ਕਰਦੇ ਹੋਏ, ਸਿੱਧੇ ਸ੍ਰੀ ਅਨੰਦਪੁਰ ਸਾਹਿਬ ਪਹੁੰਚ ਗਏ। ਦਸਮ ਪਾਤਸ਼ਾਹ ਹਜ਼ੂਰ ਦੇ

ਨੂਰੀ ਦਰਸ਼ਨ ਦੀਦਾਰੇ ਕਰ ਕੇ, ਸਾਹਿਬ-ਏ-ਕਮਾਲ ਦੀਆਂ ਬਖ਼ਸ਼ਿਸ਼ਾਂ ਅਤੇ ਰਹਿਮਤਾਂ ਦੇ ਪਾਤਰ ਬਣੇ। ਇੱਥੇ ਹੀ ਆਪ ਜੀ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਪਾਸੋਂ ਗੁਰੂ ਦੀਖਿਆ ਲਈ ਅਤੇ 'ਅਨਿਨ ਸਿੱਖ' ਦੀ ਪਦਵੀ ਪਾਈ।

ਕੁਝ ਸਮਾਂ ਸ੍ਰੀ ਅਨੰਦਪੁਰ ਸਾਹਿਬ ਵਿਚ ਗੁਜ਼ਾਰ ਕੇ ਭਾਈ ਨੰਦ ਲਾਲ ਜੀ ਆਗਰਾ ਚਲੇ ਗਏ, ਜਿੱਥੇ ਸਾਹਿਬ-ਏ-ਕਮਾਲ ਦੇ ਸਬੱਬ ਨਾਲ ਆਪ ਔਰੰਗਜ਼ੇਬ ਦੇ ਵੱਡੇ ਸ਼ਹਿਜ਼ਾਦਾ ਮੁਅੱਜ਼ਮ (ਬਹਾਦਰ ਸ਼ਾਹ) ਦੇ ਮੀਰ ਮੁਨਸ਼ੀ ਨਿਯੁਕਤ ਹੋ ਗਏ। ਸ਼ਹਿਜ਼ਾਦਾ ਮੁਅੱਜ਼ਮ ਆਪ ਦੇ ਦੈਵੀ ਗੁਣਾਂ ਅਤੇ ਵਿਦਵਤਾ ਦਾ ਮੁਰੀਦ ਹੋ ਗਿਆ ਤੇ ਅਖੀਰ ਨੂੰ ਇਹ ਗੁਣ ਅਤੇ ਸ਼ੋਭਾ ਹੀ ਉਨ੍ਹਾਂ ਲਈ ਵੱਡੀ ਮੁਸੀਬਤ ਦਾ ਕਾਰਨ ਬਣੇ। ਇਸ ਘਟਨਾ ਦਾ ਵੇਰਵਾ ਕੁਝ ਇਸ ਤਰ੍ਹਾਂ ਹੈ:-

ਬਾਦਸ਼ਾਹ ਔਰੰਗਜ਼ੇਬ ਨੂੰ ਕੁਰਾਨ ਸ਼ਰੀਫ਼ ਦੀ ਇੱਕ ਆਇਤ ਦੀ ਸਪਸ਼ਟਤਾ ਬਾਰੇ ਹਮੇਸ਼ਾਂ ਸੰਸਾ ਰਹਿੰਦਾ ਸੀ, ਇੱਕ ਦਿਨ ਉਸ ਨੇ ਆਪਣੇ ਦਰਬਾਰ ਵਿਚ ਫਾਜ਼ਲ ਕਾਜ਼ੀਆਂ ਅਤੇ ਮੁਫ਼ਤੀਆਂ ਨੂੰ ਬੁਲਾ ਕੇ ਕੁਰਾਨ ਸ਼ਰੀਫ਼ ਦੀ ਇਸ ਆਇਤ ਦੀ ਵਜਾਹਤ ਕਰਨ ਲਈ ਕਿਹਾ, ਪਰ ਉਨ੍ਹਾਂ ਵੱਲੋਂ ਕੀਤੀ ਗਈ ਵਿਆਖਿਆ ਤੋਂ ਔਰੰਗਜ਼ੇਬ ਦੀ ਤਸੱਲੀ ਨਾ ਹੋਈ, ਉਸ ਵੇਲੇ ਸ਼ਹਿਜ਼ਾਦਾ ਮੁਅੱਜ਼ਮ ਵੀ ਦਰਬਾਰ ਵਿਚ ਮੌਜੂਦ ਸਨ। ਉਨ੍ਹਾਂ ਨੇ ਇਸ ਆਇਤ ਦੀ ਤਸ਼ਰੀਹ ਕਰਨ ਲਈ, ਬਾਦਸ਼ਾਹ ਦੀ ਇਜਾਜ਼ਤ ਨਾਲ ਭਾਈ ਨੰਦ ਲਾਲ ਜੀ ਨੂੰ ਦਰਬਾਰ ਵਿਚ ਬੁਲਾਇਆ। ਜਦੋਂ ਭਾਈ ਨੰਦ ਲਾਲ ਜੀ ਨੇ ਕੁਰਾਨ ਦੀ ਆਇਤ ਦੀ ਅਰਬੀ ਅਤੇ ਫ਼ਾਰਸੀ ਜ਼ੁਬਾਨ ਵਿਚ ਵਿਆਖਿਆ ਕੀਤੀ ਤਾਂ ਬਾਦਸ਼ਾਹ ਔਰੰਗਜ਼ੇਬ ਅਸ਼-ਅਸ਼ ਕਰ ਉੱਠਿਆ ਅਤੇ ਭਾਈ ਸਾਹਿਬ ਦੀ ਪ੍ਰਸੰਸਾ ਕਰਨ ਲੱਗ ਪਿਆ। ਪਰ ਇਹ ਪ੍ਰਸੰਸਾ ਥੋੜਚਿਰੀ ਹੀ ਸੀ, ਜਦੋਂ ਮੁਤੱਸਬੀ ਬਾਦਸ਼ਾਹ ਔਰੰਗਜ਼ੇਬ ਨੂੰ ਇਹ ਪਤਾ ਲੱਗਾ ਕਿ ਭਾਈ ਨੰਦ ਲਾਲ ਮੁਸਲਮਾਨ ਨਹੀਂ, ਸਗੋਂ ਇੱਕ ਹਿੰਦੂ ਖੱਤਰੀ ਪਰਵਾਰ ਵਿੱਚੋਂ ਹਨ ਤਾਂ ਮੁਤੱਸਬੀ ਔਰੰਗਜ਼ੇਬ ਦਾ ਮਨ ਨਫ਼ਰਤ ਨਾਲ ਭਰ ਗਿਆ, ਉਸ ਨੇ ਸ਼ਹਿਜ਼ਾਦਾ ਮੁਅੱਜ਼ਮ ਨੂੰ ਆਪਣੇ ਪਾਸ ਬੁਲਾ ਕੇ ਕਿਹਾ ਕਿ ਅਜਿਹਾ ਅਰਬੀ ਅਤੇ ਫ਼ਾਰਸੀ ਦਾ ਆਲਮ-ਫ਼ਾਜ਼ਲ ਤਾਂ ਮੁਸਲਮਾਨ ਹੋਣਾ ਚਾਹੀਦਾ ਹੈ, ਇਸ ਦਾ ਮਜ਼ਹਬ ਛੇਤੀ ਤੋਂ ਛੇਤੀ ਤਬਦੀਲ ਕਰਵਾ ਕੇ ਇਸ ਨੂੰ ਇਸਲਾਮ ਗ੍ਰਹਿਣ ਕਰਵਾਇਆ ਜਾਵੇ। ਜਦੋਂ ਸ਼ਹਿਜ਼ਾਦਾ ਮੁਅੱਜ਼ਮ ਨੇ ਇਹ ਸਾਰੀ ਵਾਰਤਾ ਭਾਈ ਨੰਦ ਲਾਲ ਜੀ ਨੂੰ ਸੁਣਾਈ ਤਾਂ ਉਨ੍ਹਾਂ ਦੇ ਮਨ ਨੂੰ ਡੂੰਘੀ ਠੇਸ ਪਹੁੰਚੀ ਤੇ ਨਿਰਾਸ਼ਤਾ ਦੇ ਆਲਮ ਵਿਚ ਗਵਾਚ ਗਏ। ਪਰ ਸ਼ਹਿਜ਼ਾਦਾ ਮੁਅੱਜ਼ਮ ਨੂੰ ਇਸ ਗੱਲ ਦਾ ਪੂਰਾ ਇਲਮ ਸੀ ਕਿ ਭਾਈ ਨੰਦ ਲਾਲ ਜੀ, ਸਾਹਿਬ-ਏ-ਕਮਾਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਅਨਿਨ ਸਿੱਖ ਹਨ ਅਤੇ ਉਹ ਆਪ ਵੀ ਗੁਰੂ ਸਾਹਿਬ ਦਾ ਕਦਰਦਾਨ ਸੀ, ਉਸ ਨੇ ਭਾਈ ਸਾਹਿਬ ਜੀ ਨੂੰ ਆਪਣੀ ਮਰਜ਼ੀ ਨਾਲ ਫੈਸਲਾ ਲੈਣ ਦੀ ਖੁੱਲ੍ਹ ਦੇ ਦਿੱਤੀ। ਭਾਈ ਸਾਹਿਬ ਨੇ ਗੁਰੂ ਕਲਗੀਧਰ ਦੇ ਚਰਨਾਂ ਵਿਚ ਸ੍ਰੀ

ਅਨੰਦਪੁਰ ਸਾਹਿਬ ਮੁੜ ਪਰਤ ਜਾਣ ਦੀ ਯਾਚਨਾ ਕੀਤੀ ਅਤੇ ਦੂਸਰੇ ਦਿਨ ਹੀ ਆਪਣੇ ਰੁਤਬੇ ਨੂੰ ਠੋਕਰ ਮਾਰ ਕੇ ਅਛੋਪਲੇ ਜਿਹੇ ਸਾਹਿਬ-ਏ-ਕਮਾਲ ਦੀ ਚਰਨ-ਬੋਸੀ ਲਈ ਸ੍ਰੀ ਅਨੰਦਪੁਰ ਸਾਹਿਬ ਨੂੰ ਰਵਾਨਗੀ ਪਾ ਦਿੱਤੀ।

ਆਗਰੇ ਤੋਂ ਸ੍ਰੀ ਅਨੰਦਪੁਰ ਸਾਹਿਬ ਦੇ ਸਫ਼ਰ ਵਿਚ, ਸਾਰੇ ਰਾਹ ਆਪ ਵੈਰਾਗਮਈ ਅਵਸਥਾ ਵਿਚ ਸਨ। ਆਪ ਦੀ ਰੂਹ ਦਾ ਰੁਦਨ ਇੱਕ ਅਗੋਚਰ ਬੇਪਰਵਾਹੀ ਦੀ ਅਵਸਥਾ ਵਿਚ ਸੀ। ਸਾਹਿਬ-ਏ-ਕਮਾਲ ਦੇ ਦਰਸ਼ਨਾਂ ਦੇ ਦੈਵੀ ਤਸੱਵਰ ਰਾਹੀਂ ਹੋ ਰਹੀ ਰੂਹਾਨੀ ਗੁਫ਼ਤਗੂ ਨੂੰ ਆਪ ਨੇ ਇਕ ਲੰਬੀ ਫ਼ਾਰਸੀ ਕਵਿਤਾ ਦੀ ਮਾਲ਼ਾ ਵਿਚ ਪਰੋ ਲਿਆ। 'ਗੰਜ-ਨਾਮਾ' ਦੀ ਦਸਵੀਂ ਸਲਤਨਤ 'ਅਜ਼ ਸਲਤਨਤਿ ਦਹੱਮ' ਦੇ ਅਨਵਾਨ (ਸਿਰਲੇਖ) ਹੇਠ ਲਿਖੀ ਇਹ ਨਜ਼ਮ, ਭਾਈ ਸਾਹਿਬ ਦੇ ਅਨੁਭਵੀ ਕਮਾਲ ਦਾ ਸਿਖਰ ਹੈ ਅਤੇ ਆਪ ਦੇ ਕਾਮਲ ਮੁਰਸ਼ਦ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ 'ਅਜ਼ਮਤ ਬਿਆਨੀ' ਦਾ ਇੱਕ ਬੇਮਿਸਾਲ ਸ਼ਾਹਕਾਰ ਹੈ।

*'ਨਾਸਰੋ ਮਨਸੂਰ ਗੁਰੂ ਗੋਬਿੰਦ ਸਿੰਘ। ਏਜ਼ਦੀ ਮਨਜ਼ੂਰ ਗੁਰੂ ਗੋਬਿੰਦ ਸਿੰਘ।'*

ਗੁਰੂ ਦਸਮ ਪਾਤਸ਼ਾਹ ਦੀ ਸਿਫ਼ਤ-ਸਲਾਹ ਕਰਦੀ, ਫ਼ਾਰਸੀ ਵਿਚ ਲਿਖੀ ਭਾਈ ਨੰਦ ਲਾਲ ਜੀ ਦੀ ਇਹ ਇਕ ਲੰਮੀ ਨਜ਼ਮ ਹੈ, ਜਿਸ ਦੇ ਕੁੱਲ ੫੬ ਬੰਦ ਹਨ ਤੇ ਹਰ ਬੰਦ ਵਿਚ ਸਾਹਿਬ-ਏ-ਕਮਾਲ ਦੀਆਂ ਦੋ ਅਨੂਪਮ ਸਿਫਤਾਂ ਦਰਜ ਹਨ, ਜੋ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਦੀ ਅਨੂਠੀ ਅਜ਼ਮਤ ਨੂੰ ਭਾਈ ਸਾਹਿਬ ਦੀ ਨਿੱਜੀ ਅਨੁਭੂਤੀ ਤੇ ਅਨੁਭਵ ਅਨੁਸਾਰ, ਸ਼ਾਇਰਾਨਾ ਅੰਦਾਜ਼ ਵਿਚ ਬਿਆਨ ਕਰਦੀਆਂ ਹਨ।

ਭਾਈ ਨੰਦ ਲਾਲ ਜੀ ਨੇ ਆਪਣੇ ਜੀਵਨ ਦਾ ਬਹੁਤਾ ਸਮਾਂ ਸ੍ਰੀ ਅਨੰਦਪੁਰ ਸਾਹਿਬ ਵਿਖੇ ਹੀ ਗੁਰੂ ਕਲਗੀਧਰ ਪਾਤਸ਼ਾਹ ਦੇ ਚਰਨਾਂ ਵਿਚ ਗੁਜ਼ਾਰਿਆ ਅਤੇ ਪੁਸਤਕਾਂ ਲਿਖੀਆਂ। ਇੱਕ ਪੁਸਤਕ ਦੀ ਰਚਨਾ ਆਪ ਜੀ ਨੇ ਆਗਰੇ ਤੋਂ ਰਵਾਨਗੀ ਪਾਉਣ ਤੋਂ ਬਾਅਦ ਸ੍ਰੀ ਅਨੰਦਪੁਰ ਸਾਹਿਬ ਦੇ ਸਫ਼ਰ ਦੌਰਾਨ ਲਿਖੀ। ਸ੍ਰੀ ਅਨੰਦਪੁਰ ਸਾਹਿਬ ਅੱਪੜਨ ਤੀਕਰ ਇਸ ਦੇ ੫੧੪ ਸ਼ੇਅਰ ਲਿਖੇ ਜਾ ਚੁੱਕੇ ਸਨ। ਫ਼ਾਰਸੀ ਵਿਚ ਰਚੀ ਇਸ ਪੁਸਤਕ ਦਾ ਸਿਰਲੇਖ 'ਬੰਦਗੀ ਨਾਮਾ' ਰੱਖਿਆ ਅਤੇ ਇਹ ਪੁਸਤਕ ਬੜੇ ਅਦਬ ਨਾਲ ਗੁਰੂ ਦਸਮ ਪਾਤਸ਼ਾਹ ਨੂੰ ਭੇਟ ਕਰ ਦਿੱਤੀ। ਸਾਹਿਬ-ਏ-ਕਮਾਲ ਨੇ ਇਸ ਪੁਸਤਕ ਦੇ ਸਾਰੇ ਸ਼ੇਅਰ ਤੇ ਉਨ੍ਹਾਂ ਦਾ ਤਸ਼ਰੀਹੀ ਤਰਜ਼ੁਮਾਂ, ਵਿਆਖਿਆ ਸਾਹਿਤ, ਸੰਗਤ ਵਿਚ ਬੈਠ ਕੇ ਸੁਣਨ ਉਪਰੰਤ ਫ਼ੁਰਮਾਇਆ, "ਭਾਈ ਸਾਹਿਬ ਜੀਓ, ਇਸ ਪੁਸਤਕ ਦਾ ਸਿਰਲੇਖ 'ਬੰਦਗੀ ਨਾਮਾ' ਦੇ ਬਦਲੇ 'ਜ਼ਿੰਦਗੀ ਨਾਮਾ' ਵਧੇਰੇ ਢੁਕਵਾਂ ਰਹੇਗਾ, ਜੋ ਵੀ ਇਸ ਪੁਸਤਕ ਨੂੰ ਪੜ੍ਹੇਗਾ, ਉਹ ਜ਼ਿੰਦਗੀ ਦੀ ਤਹਿਜ਼ੀਬ ਤੇ ਤਰਤੀਬ ਨੂੰ ਸਮਝ ਸਕੇਗਾ ਤੇ ਉਸ ਦਾ ਜਨਮ ਸਫਲ ਹੋਵੇਗਾ।" ਇਸ ਪੁਸਤਕ ਦਾ ਇੱਕ ਸ਼ੇਅਰ ਇਸ ਤਰ੍ਹਾਂ ਸੀ:

*ਆਬਿ ਹੈਵਾਂ ਪੁਰ ਸ਼ੁਦਾ ਚੂ ਜਾਮਿ ਉ। ਬੰਦਗੀਨਾਮਾ ਸ਼ੁਦਾ ਜ਼ਾਂ ਨਾਮਿ ਉ॥*

ਇਸ ਸ਼ੇਅਰ ਵਿਚ ਆਏ ਸ਼ਬਦ 'ਬੰਦਗੀ ਨਾਮਾ' ਨੂੰ ਸਾਹਿਬ-ਏ-ਕਮਾਲ ਨੇ ਆਪਣੇ ਹਸਤ ਕਮਲਾਂ ਨਾਲ ਬਦਲ ਕੇ 'ਜ਼ਿੰਦਗੀ ਨਾਮਾ' ਕਰ ਦਿੱਤਾ: *ਆਬਿ ਹੈਵਾਂ ਪੁਰ ਸ਼ੁਦਾ ਚੁ ਜਾਮਿਊ। ਜ਼ਿੰਦਗੀਨਾਮਾ ਸ਼ੁਦਾ ਜ਼ਾਂ ਨਾਮਿ ਊ॥* ਇੰਜ ਭਾਈ ਸਾਹਿਬ ਦੀ ਇਸ ਪੁਸਤਕ ਦਾ ਨਾਮ 'ਜ਼ਿੰਦਗੀ ਨਾਮਾ' ਹੋ ਗਿਆ।

ਭਾਈ ਸਾਹਿਬ ਦੀਆਂ ਜੋ ਰਚਨਾਵਾਂ ਹੁਣ ਤਕ ਕਿਸੇ ਨਾ ਕਿਸੇ ਰੂਪ ਵਿਚ ਉਪਲਬਧ ਹਨ, ਉਨ੍ਹਾਂ ਦਾ ਵੇਰਵਾ ਇਸ ਪ੍ਰਕਾਰ ਹੈ:-

੧. ਤੌਸੀਫ਼ੋ-ਸਨਾ ਵ ਖ਼ਾਤਮਾ (ਅਰਬੀ ਤੇ ਫ਼ਾਰਸੀ- ਕਵਿਤਾ ਤੇ ਵਾਰਤਕ ਵਿਚ)।

੨. ਜੋਤਿ ਬਿਗਾਸ (ਫ਼ਾਰਸੀ-ਵਾਰਤਕ)

੩. ਜੋਤਿ ਬਿਗਾਸ (ਹਿੰਦੀ ਪੰਜਾਬੀ- ਕਵਿਤਾ)

੪. ਦਸਤੂਰ-ਅਲ-ਇਨਸ਼ਾਂ (ਫ਼ਾਰਸੀ-ਕਵਿਤਾ)

੫. ਅਰਜ਼ੁਲ-ਅਲਫ਼ਾਜ਼ (ਫ਼ਾਰਸੀ)

੬. ਗੰਜ ਨਾਮਾ (ਫ਼ਾਰਸੀ-ਕਵਿਤਾ ਤੇ ਵਾਰਤਕ)

੭. ਰਹਿਤ ਨਾਮਾ (ਪੰਜਾਬੀ -ਕਵਿਤਾ)

੮. ਤਨਖ਼ਾਹ ਨਾਮਾ (ਪੰਜਾਬੀ-ਕਵਿਤਾ)

੯. ਜ਼ਿੰਦਗੀ ਨਾਮਾ (ਫ਼ਾਰਸੀ-ਕਵਿਤਾ)

੧੦. ਦੀਵਾਨਿ ਗੋਯਾ (ਫ਼ਾਰਸੀ-ਗਜ਼ਲਾਂ)

ਭਾਈ ਸਾਹਿਬ ਦੀਆਂ ਇਨ੍ਹਾਂ ਅਦੁੱਤੀ ਰਚਨਾਵਾਂ ਦੀ ਮਜੀਦ ਤਸ਼ਰੀਹ ਵਿਚ ਹੋਰ ਬੜਾ ਕੁਝ ਹੋਰ ਲਿਖਿਆ ਜਾ ਸਕਦਾ ਹੈ।ਪਰ ਇਸ ਨਿਬੰਧ ਦੇ ਬਹੁ-ਵਿਸਥਾਰ ਨੂੰ ਮਜਬੂਰੀ ਵਸ ਸੰਕੋਚਣਾ ਬਣਦਾ ਹੈ।

ਉਮਰ ਦੀ ਆਖਰੀ ਅਵਸਥਾ ਵਿਚ ਭਾਈ ਨੰਦ ਲਾਲ ਜੀ ਨੂੰ, ਜੋ ਉਮਰ ਵਿਚ ਦਸਮ ਪਾਤਸ਼ਾਹ ਹਜ਼ੂਰ ਨਾਲੋਂ ੩੩ ਸਾਲ ਵੱਡੇ ਸਨ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਅਨੰਦਪੁਰ ਸਾਹਿਬ ਦੀ ਆਖਰੀ ਜੰਗ ਤੋਂ ਪਹਿਲਾਂ ਸਾਰੀ ਸਥਿਤੀ ਦੀ ਨਾਜ਼ੁਕਤਾ ਵੀਚਾਰਦਿਆਂ ਹੋਇਆਂ ਭਾਈ ਸਾਹਿਬ ਨੂੰ ਮੁਲਤਾਨ ਭੇਜ ਦਿੱਤਾ। ਇੱਥੇ ਹੀ ਆਪ ਆਖ਼ਰ ੭੨ ਸਾਲ ਦੀ ਉਮਰ ਭੋਗ ਕੇ ਸੰਨ ੧੭੦੫ ਵਿਚ ਸਦੀਵਤਾ ਦੀ ਗੋਦ ਵਿਚ ਜਾ ਬਿਰਾਜੇ। ਭਾਈ ਸਾਹਿਬ ਦੀ ਮਹਾਨ ਚੂੜਾਮਣੀ ਸ਼ਖ਼ਸੀਅਤ ਤੇ ਇਕਬਾਲ ਦਾ ਇਹ ਸ਼ੇਅਰ ਇੰਨ-ਬਿੰਨ ਸਾਦਕ ਹੁੰਦਾ ਹੈ:

*ਹੋਤਾ ਹੈ ਕੋਹੋ ਦਸ਼ਤ ਮੇਂ ਪੈਦਾ ਕਭੀ ਕਭੀ।*
*ਵੋਹ ਮਰਦ ਜਿਸ ਕਾ ਫ਼ਕਰ ਕਰੇ, ਖਜ਼ਫ਼ ਕੋ ਨਗੀਂ।*

■

# ਇਕ ਬਹਾਦਰ ਸਿੱਖ ਜਰਨੈਲ : ਸਰਦਾਰ ਜੋਧ ਸਿੰਘ ਰਾਮਗੜ੍ਹੀਆ

*-ਸ. ਬਿਕਰਮਜੀਤ ਸਿੰਘ ਜੀਤ**

'ਰਾਮਗੜ੍ਹੀਆ ਮਿਸਲ' ਦੇ ਬਾਨੀ ਅਤੇ ੧੮ਵੀਂ ਸਦੀ ਵਿਚ ਹੋਏ ਬਹਾਦਰ ਸਿੱਖ ਯੋਧਾ ਸਰਦਾਰ ਜੱਸਾ ਸਿੰਘ ਦਾ ਜਨਮ ੫ ਮਈ, ੧੭੨੩ ਈ. ਵਿਚ ਇਛੋਗਿਲ (ਈਚੋਗਿਲ) ਪਿੰਡ ਵਿਚ ਗਿਆਨੀ ਭਗਵਾਨ ਸਿੰਘ ਦੇ ਘਰ ਹੋਇਆ। ਸਰਦਾਰ ਜੱਸਾ ਸਿੰਘ ਦੇ ਦਾਦਾ ਸਰਦਾਰ ਹਰਦਾਸ ਸਿੰਘ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਪਾਸੋਂ ਅੰਮ੍ਰਿਤ ਦੀ ਦਾਤ ਪ੍ਰਾਪਤ ਕੀਤੀ ਸੀ ਅਤੇ ਬਾਬਾ ਬੰਦਾ ਸਿੰਘ ਬਹਾਦਰ ਦੀਆਂ ਮੁਗ਼ਲਾਂ ਨਾਲ ਹੋਈਆਂ ਲੜਾਈਆਂ ਵਿਚ ਹਿੱਸਾ ਲਿਆ ਸੀ। ਸੰਨ ੧੭੩੯ ਈ. ਵਿਚ ਹੋਏ ਨਾਦਰ ਸ਼ਾਹ ਦੇ ਹਮਲੇ ਵੇਲੇ ਸਰਦਾਰ ਜੱਸਾ ਸਿੰਘ ਦੇ ਪਿਤਾ ਗਿਆਨੀ ਭਗਵਾਨ ਸਿੰਘ ਸ਼ਹੀਦ ਹੋ ਗਏ। ਸਰਦਾਰ ਜੱਸਾ ਸਿੰਘ ਵੀ ਆਪਣੇ ਪਿਤਾ ਵਾਂਗ ਸ਼ੁਰੂ ਤੋਂ ਹੀ ਬੜੇ ਬਹਾਦਰ, ਦਲੇਰ ਅਤੇ ਨਿਡਰ ਯੋਧੇ ਸਨ, ਜੋ ਕਿ ਆਪਣੇ ਪਿਤਾ ਦੇ ਚਲਾਣੇ ਤੋਂ ਬਾਅਦ ਸਰਦਾਰ ਨੰਦ ਸਿੰਘ ਸੰਘਣੀਆ ਦੇ ਜਥੇ ਵਿਚ ਸ਼ਾਮਲ ਹੋ ਕੇ ਪੰਥ ਦੀ ਆਨ ਅਤੇ ਸ਼ਾਨ ਨੂੰ ਕਾਇਮ ਰੱਖਣ ਲਈ ਜੰਗਾਂ-ਯੁੱਧਾਂ ਵਿਚ ਹਿੱਸਾ ਲੈਣ ਲੱਗ ਪਏ, ਜਿਸ ਸਦਕਾ ਸਰਦਾਰ ਜੱਸਾ ਸਿੰਘ ਛੇਤੀ ਹੀ ਜਥੇ ਦੇ ਮੁਖੀ ਬਣ ਗਏ। ਸੰਨ ੧੭੪੮ ਈ. ਵਿਚ ਦਲ ਖਾਲਸਾ ਦੀ ਸਥਾਪਨਾ ਨਾਲ ਸਰਦਾਰ ਜੱਸਾ ਸਿੰਘ ਦੇ ਜਥੇ ਨੂੰ 'ਰਾਮਗੜ੍ਹੀਆ ਮਿਸਲ' ਦਾ ਨਾਂ ਦਿੱਤਾ ਗਿਆ। ਡਾ. ਰਤਨ ਸਿੰਘ ਜੱਗੀ ਅਨੁਸਾਰ ਸੰਨ ੧੭੪੮ ਈ. ਵਿਚ ਆਪਣੀ ਸੁਰੱਖਿਆ ਲਈ ਖਾਲਸੇ ਨੇ ਸ੍ਰੀ ਅੰਮ੍ਰਿਤਸਰ ਵਿਚ ਇਕ ਕੱਚੀ ਵਲਗਣ ਤਿਆਰ ਕੀਤੀ ਅਤੇ ਉਸ ਦਾ ਨਾਂ ਰਾਮਰਾਉਣੀ ਰੱਖਿਆ। ਫਿਰ ਰਾਮਰਾਉਣੀ ਵਾਲੇ ਸਥਾਨ ਉੱਤੇ ਇਕ ਕਿਲ੍ਹਾ ਉਸਾਰਿਆ ਗਿਆ ਅਤੇ ਸ੍ਰੀ ਗੁਰੂ ਰਾਮਦਾਸ ਜੀ ਦੇ ਨਾਂ 'ਤੇ ਉਸ ਕਿਲ੍ਹੇ ਦਾ ਨਾਂ 'ਰਾਮਗੜ੍ਹ' ਰੱਖਿਆ ਗਿਆ, ਕਿਉਂਕਿ ਪੰਥ ਨੇ ਇਹ ਕਿਲ੍ਹਾ ਸਰਦਾਰ ਜੱਸਾ ਸਿੰਘ ਦੇ ਹਵਾਲੇ ਕੀਤਾ ਸੀ, ਇਸ ਲਈ ਇਸ ਮਿਸਲ ਦਾ ਨਾਂ 'ਰਾਮਗੜ੍ਹੀਆ ਮਿਸਲ' ਪ੍ਰਚਲਿਤ ਹੋ ਗਿਆ।

'ਰਾਮਗੜ੍ਹੀਆ ਮਿਸਲ' ਦੇ ਜਥੇਦਾਰ, ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਨੇ 'ਦਲ ਖਾਲਸਾ' ਵਿਚ ਆਪਣਾ ਇਕ ਵਿਸ਼ੇਸ਼ ਸਥਾਨ ਬਣਾਉਂਦਿਆਂ ਹੋਇਆਂ ਜਿੱਥੇ ਕਾਂਗੜੇ ਦੇ ਪਹਾੜੀ ਰਾਜਿਆਂ ਤੋਂ ਖਿਰਾਜ ਵਸੂਲੀ ਕੀਤੀ, ਉੱਥੇ ਉਨ੍ਹਾਂ ਨੇ ਹੋਰਨਾਂ ਮਿਸਲਦਾਰਾਂ ਨਾਲ ਮਿਲ ਕੇ ਅਹਿਮਦਸ਼ਾਹ ਦੁਰਾਨੀ ਨਾਲ ਕਈ ਲੜਾਈਆਂ ਲੜੀਆਂ ਅਤੇ ਹੋਰ ਅਨੇਕਾਂ ਕਾਰਨਾਮੇ ਕੀਤੇ ਜਿਨ੍ਹਾਂ ਦਾ ਆਪਣਾ ਇਕ ਵੱਖਰਾ ਸ਼ਾਨਾਂਮੱਤਾ

*੨੯੪੬/੭ ਬਜ਼ਾਰ ਲੁਹਾਰਾਂ, ਸ੍ਰੀ ਅੰਮ੍ਰਿਤਸਰ ਸਾਹਿਬ। ਮੋ: +੯੧੯੨੨੭੮-੦੦੩੨੨

ਇਤਿਹਾਸ ਹੈ।

ਸੰਨ ੧੮੦੩ ਈ. ਵਿਚ ਸਰਦਾਰ ਜੱਸਾ ਸਿੰਘ ਰਾਮਗੜੀਆ ਦੇ ਚਲਾਣੇ ਤੋਂ ਬਾਅਦ ਉਨ੍ਹਾਂ ਦੇ ਦੋ ਸਪੁੱਤਰਾਂ ਸਰਦਾਰ ਜੋਧ ਸਿੰਘ ਅਤੇ ਸਰਦਾਰ ਵੀਰ ਸਿੰਘ ਵਿੱਚੋਂ ਉਨ੍ਹਾਂ ਦਾ ਵੱਡੇ ਪੁੱਤਰ ਸਰਦਾਰ ਜੋਧ ਸਿੰਘ ਰਾਮਗੜ੍ਹੀਆ (ਜਿਨ੍ਹਾਂ ਦਾ ਜਨਮ ਸੰਨ ੧੭੫੭ ਈ. ਨੂੰ ਹੋਇਆ ਸੀ) ਮਿਸਲ ਦੇ ਜਥੇਦਾਰ ਬਣੇ। ਸਰਦਾਰ ਜੋਧ ਸਿੰਘ ਵੀ ਆਪਣੇ ਪਿਤਾ ਵਾਂਗ ਬਹੁਤ ਬਹਾਦਰ, ਦਲੇਰ, ਦੂਰ-ਅੰਦੇਸ਼ ਅਤੇ ਸਿਆਣੇ ਯੋਧੇ ਸੀ। ਇਨ੍ਹਾਂ ਨੇ ਆਪਣੇ ਪਿਤਾ ਦੀ ਜਗ੍ਹਾ ਸੰਭਾਲਦਿਆਂ ਹੀ ਗੱਡੋ ਮਾਲਾ, ਭੰਗਾ ਤੇ ਹੁਸ਼ਿਆਰਪੁਰ ਆਦਿ ਪਰਗਣਿਆਂ ਨੂੰ ਅਪਣੇ ਕਬਜ਼ੇ ਵਿਚ ਕਰ ਲਿਆ। ਇਸ ਤੋਂ ਇਲਾਵਾ ਸਰਦਾਰ ਜੋਧ ਸਿੰਘ ਨੇ ਪਟਿਆਲੇ ਦੇ ਰਾਜਾ ਸ. ਅਮਰ ਸਿੰਘ ਦੀ ਵੀ ਕਈ ਲੜਾਈਆਂ ਵਿਚ ਮਦਦ ਕੀਤੀ।

ਉਧਰ ਦੂਜੇ ਪਾਸੇ ਮਹਾਰਾਜਾ ਰਣਜੀਤ ਸਿੰਘ ਨੇ ਸਰਦਾਰ ਜੋਧ ਸਿੰਘ ਰਾਮਗੜੀਆ ਦੀ ਬਹਾਦਰੀ, ਦਲੇਰੀ ਅਤੇ ਸਿਆਣਪ ਨੂੰ ਵੇਖਦਿਆਂ ਸਰਦਾਰ ਜੋਧ ਸਿੰਘ ਨਾਲ ਮਿੱਤਰਤਾ ਗੰਢਣ ਲਈ ਵਿਚਾਰ ਬਣਾਇਆ। ਬਾਬਾ ਪ੍ਰੇਮ ਸਿੰਘ ਹੋਤੀ ਮਰਦਾਨ ਲਿਖਦੇ ਹਨ ਕਿ:

"ਸਰਕਾਰ ਨੇ ਸਰਦਾਰ ਜੋਧ ਸਿੰਘ ਰਾਮਗੜ੍ਹੀਏ ਦੇ ਵਰਿਯਾਮਤਾ ਦੇ ਕਾਰਨਾਮਿਆਂ ਬਾਰੇ ਬਹੁਤ ਕੁਝ ਸੁਣਿਆ ਸੀ। ਸੰਨ ੧੮੦੩ ਵਿਚ ਜਦ ਕਿ ਖਾਲਸਾ ਰਾਜ ਦੀ ਇਹ ਮਹਾਨ ਇਮਾਰਤ ਅਜੇ ਨੀਹਾਂ ਵਿੱਚੋਂ ਨਿਕਲੀ ਹੀ ਸੀ, ਇਸ ਨੂੰ ਮਜ਼ਬੂਤ ਬਣਾਇਆ ਅਤੇ ਸੁਰੱਖਿਅਤ ਬਣਾਉਣ ਲਈ ਸਰਦਾਰ ਜੋਧ ਸਿੰਘ ਵਰਗੇ ਕਈ ਜੋਧਿਆਂ ਦੀ ਸਹਾਇਤਾ ਤੇ ਕੁਰਬਾਨੀਆਂ ਦੀ ਲੋੜ ਸੀ, ਜੋ ਸ਼ੇਰਿ ਪੰਜਾਬ ਨੇ ਇਸ ਬਾਰੇ ਸ੍ਰੀ ਬਾਬਾ ਸਾਹਿਬ ਸਿੰਘ ਜੀ ਨੂੰ ਆਪਣੇ ਵਿਚਾਰ ਦੱਸੇ।"

ਮਹਾਰਾਜਾ ਰਣਜੀਤ ਸਿੰਘ ਨੇ ਬਾਬਾ ਸਾਹਿਬ ਸਿੰਘ ਜੀ ਦੀ ਸਹਾਇਤਾ ਨਾਲ 'ਰਾਮਗੜ੍ਹੀਆ ਮਿਸਲ' ਵੱਲ ਦੋਸਤੀ ਦਾ ਹੱਥ ਅੱਗੇ ਵਧਾਇਆ। ਸ. ਕਿਰਪਾਲ ਸਿੰਘ ਆਪਣੀ ਪੁਸਤਕ 'ਮਹਾਰਾਜਾ ਰਣਜੀਤ ਸਿੰਘ ਜੀਵਨ ਅਤੇ ਘਾਲਣਾ' ਵਿਚ ਅੰਗਰੇਜ਼ ਲਿਖਾਰੀ ਸਰ ਲੈਪਲ ਗ੍ਰਿਫਨ ਦੇ ਹਵਾਲੇ ਨਾਲ ਲਿਖਦੇ ਹਨ ਕਿ, "ਮਹਾਰਾਜਾ ਰਣਜੀਤ ਸਿੰਘ ਨੇ 'ਰਾਮਗੜ੍ਹੀਆ ਮਿਸਲ' ਨਾਲ ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜੂਰੀ ਵਿਚ ਆਪਣੇ ਹੱਥ ਦਾ ਪੰਜਾ ਕੇਸਰ ਨਾਲ ਰੰਗ ਕੇ ਮਿੱਤਰਤਾ ਦੇ ਪਰਚੇ 'ਤੇ ਮੋਹਰ ਲਗਾਈ।" ਇਸ ਤਰ੍ਹਾਂ ਮਹਾਰਾਜਾ ਰਣਜੀਤ ਸਿੰਘ ਨੇ ਸਰਦਾਰ ਜੋਧ ਸਿੰਘ ਦੀ ਅਗਵਾਈ ਵਾਲੀ 'ਰਾਮਗੜ੍ਹੀਆ ਮਿਸਲ' ਨੂੰ ਆਪਣੇ ਨਾਲ ਰਲਾ ਕੇ ਆਪਣੀ ਰਾਜਨੀਤਕ ਸਥਿਤੀ ਨੂੰ ਹੋਰ ਮਜ਼ਬੂਤ ਕਰ ਲਿਆ।

ਮਹਾਰਾਜਾ ਰਣਜੀਤ ਸਿੰਘ ਨੇ ਜਦ ਲਾਹੌਰ ਤੋਂ ਬਾਅਦ ਸਿੱਖਾਂ ਦੀ ਧਾਰਮਿਕ ਅਤੇ ਅਧਿਆਤਮਕ ਰਾਜਧਾਨੀ ਸ੍ਰੀ ਅੰਮ੍ਰਿਤਸਰ ਉੱਪਰ ਕਬਜ਼ਾ ਕਰਨ ਦਾ ਫੈਸਲਾ

ਕੀਤਾ ਤਾਂ ਸ੍ਰੀ ਅੰਮ੍ਰਿਤਸਰ 'ਤੇ ਅਧਿਕਾਰ ਸਥਾਪਿਤ ਕਰਨ ਲਈ ਸਰਦਾਰ ਜੋਧ ਸਿੰਘ ਰਾਮਗੜੀਆ ਦੀ ਬੜੀ ਅਹਿਮ ਭੂਮਿਕਾ ਰਹੀ। ਸਰਦਾਰ ਜੋਧ ਸਿੰਘ ਨੇ ਕਸੂਰ ਅਤੇ ਮੁਲਤਾਨ ਦੀਆਂ ਲੜਾਈਆਂ ਵਿਚ ਮਹਾਰਾਜਾ ਰਣਜੀਤ ਸਿੰਘ ਦੀ ਬਹੁਤ ਮਦਦ ਕੀਤੀ। ਸਰਦਾਰ ਜੋਧ ਸਿੰਘ ਨੇ ਮਹਾਰਾਜਾ ਰਣਜੀਤ ਸਿੰਘ ਨੂੰ ਆਪਣੀ ਬੀਰਤਾ ਦੇ ਜੌਹਰ ਪਹਿਲੀ ਵਾਰ ਕਸੂਰ ਦੀ ਵੱਡੀ ਲੜਾਈ ਸਮੇਂ ਦਿਖਾਏ, ਜਿਹੜੀ ਕਸੂਰੀਏ ਪਠਾਣਾਂ ਕੁਤਬਦੀਨ ਖ਼ਾਨ ਆਦਿ ਨਾਲ ਲੜ੍ਹੀ ਗਈ। ਇਸ ਸੰਗਰਾਮ ਵਿਚ ਸਰਦਾਰ ਜੋਧ ਸਿੰਘ ਆਪਣੇ ੨ ਹਜ਼ਾਰ ਚੌਣਵੇਂ ਜਵਾਨਾਂ ਨਾਲ ਸ਼ਾਮਲ ਹੋਏ, ਇਸ ਦੌਰਾਨ ਆਪ ਨੇ ਉਹ ਤੇਗ ਵਾਹੀ ਕਿ ਸ਼ੇਰ-ਏ-ਪੰਜਾਬ ਦੇਖ ਕੇ ਵਾਹ-ਵਾਹ ਕਰ ਉਠੇ। ਇੰਨੀ ਭਾਰੀ ਸਹਾਇਤਾ ਨੂੰ ਮੁੱਖ ਰੱਖਦਿਆਂ ਹੋਇਆਂ ਮਹਾਰਾਜਾ ਰਣਜੀਤ ਸਿੰਘ ਨੇ ੨੫ ਹਜ਼ਾਰ ਰੁਪਏ ਦੀ ਸਾਲਾਨਾ ਆਮਦਨੀ ਦੇ ਪਰਗਣੇ ਘੁਮਣ ਨੂੰ ਗੁਲਾਬ ਸਿੰਘ ਪਾਸੋਂ ਲੈ ਕੇ ਸਰਦਾਰ ਜੋਧ ਸਿੰਘ ਨੂੰ ਦੇ ਦਿੱਤੀ। ਇਸ ਤੋਂ ਇਲਾਵਾ ਸ਼ੇਖੂਪੁਰ ਇਲਾਕੇ ਦੇ ੧੧ ਪਿੰਡ, ਜਿਨ੍ਹਾਂ ਦੀ ਆਮਦਨ ੧੨ ਹਜ਼ਾਰ ਰੁਪਏ ਸਾਲਾਨਾ ਸੀ; ਵੀ ਆਪ ਜੀ ਨੂੰ ਦਿੱਤੇ। ਸਰਦਾਰ ਜੋਧ ਸਿੰਘ ਜਿੱਥੇ ਮੈਦਾਨ-ਏ-ਜੰਗ ਦੇ ਨਿਡਰ ਯੋਧਾ ਸਨ, ਉੱਥੇ ਮਨ ਦੇ ਵੀ ਬੜੇ ਸਾਫ ਸੀ। ਇਸ ਗੱਲ ਦਾ ਸਬੂਤ ਇਹ ਹੈ ਕਿ ਆਪ ਨੇ ਜਦੋਂ ਇਹ ਦੇਖਿਆ ਕਿ ਸ਼ੇਰ-ਏ-ਪੰਜਾਬ ਆਪ ਨਾਲ ਮਨੋਂ ਬਹੁਤ ਪਿਆਰ ਕਰਦੇ ਹਨ ਤਾਂ ਆਪ ਮਹਾਰਾਜਾ ਰਣਜੀਤ ਸਿੰਘ ਨਾਲ ਐਸੇ ਘੁਲ-ਮਿਲ ਗਏ ਕਿ ਇੱਕ-ਦੂਜੇ ਨੂੰ ਦੇਖੇ ਬਿਨਾਂ ਰਹਿ ਨਹੀਂ ਸਨ ਸਕਦੇ। ਖਾਲਸਾ ਦਰਬਾਰ ਦੇ ਰਿਕਾਰਡ ਅਨੁਸਾਰ ਪਤਾ ਲੱਗਦਾ ਹੈ ਕਿ ਸੰਨ ੧੮੦੩ ਤੋਂ ੧੮੧੬ ਤਕ ਖਾਲਸਾ ਰਾਜ ਦੇ ਵਾਧੇ ਲਈ ਜਿੰਨੀਆਂ ਲੜਾਈਆਂ ਲੜੀਆਂ ਗਈਆਂ ਇਨ੍ਹਾਂ ਸਾਰੀਆਂ ਵਿਚ ਸਰਦਾਰ ਜੋਧ ਸਿੰਘ ਨੇ ਵੱਧ-ਚੜ੍ਹ ਕੇ ਹਿੱਸਾ ਲਿਆ। ਮਹਾਰਾਜਾ ਰਣਜੀਤ ਸਿੰਘ, ਸਰਦਾਰ ਜੋਧ ਸਿੰਘ ਦੀ ਇੰਨੀ ਇੱਜ਼ਤ ਕਰਦੇ ਸਨ ਕਿ ਸ਼ਾਹੀ ਦਰਬਾਰ ਵਿਚ ਇਨ੍ਹਾਂ ਨੂੰ ਆਪਣੇ ਬਰਾਬਰ ਬਿਠਾਉਂਦੇ ਸਨ ਅਤੇ ਆਪ ਜੀ ਨੂੰ 'ਬਾਬਾ ਜੀ' ਕਹਿ ਕੇ ਬੁਲਾਉਂਦੇ ਸਨ।

ਸਰਦਾਰ ਜੋਧ ਸਿੰਘ ਰਾਮਗੜ੍ਹੀਆ ਜਿੱਥੇ ਦਲੇਰ ਅਤੇ ਬਹਾਦਰ ਯੋਧੇ ਸਨ, ਉੱਥੇ ਗੁਰੂ-ਘਰ ਦੇ ਵੀ ਅਨਿਨ ਸਿੱਖ ਸਨ। ਆਪ ਨੇ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਅੰਮ੍ਰਿਤਸਰ ਵਿਖੇ 'ਬੁੰਗਾ ਰਾਮਗੜ੍ਹੀਆ' ਦੀ ਸੰਪੂਰਨਤਾ ਕਰਵਾਈ ਅਤੇ ਨਾਲ ਹੀ ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਜਾਣ ਵਾਸਤੇ ਬਣਾਏ ਗਏ ਪੁਲ਼ ਦੇ ਕਿੰਗਰਿਆਂ ਲਈ ਦਿੱਲੀ ਅਤੇ ਆਗਰੇ ਤੋਂ ਪੱਚੀਕਾਰੀ ਵਾਲੇ ਪੱਥਰ ਵਿਸ਼ੇਸ਼ ਤੌਰ 'ਤੇ ਮੰਗਵਾ ਕੇ ਦਿੱਤੇ। ਇੰਨਾ ਹੀ ਨਹੀਂ ਬਲਕਿ ਸਰਦਾਰ ਜੋਧ ਸਿੰਘ ਨੇ ਗੁਰੂ-ਘਰ ਪ੍ਰਤੀ ਆਪਣੀ ਸ਼ਰਧਾ ਅਤੇ ਆਸਥਾ ਨੂੰ ਮੁੱਖ ਰੱਖਦਿਆਂ ਹੋਇਆਂ ਸ੍ਰੀ ਅੰਮ੍ਰਿਤਸਰ ਵਿਖੇ ਗੁਰਦੁਆਰਾ ਬਾਬਾ ਅਟੱਲ ਰਾਇ ਸਾਹਿਬ ਦੀਆਂ ਕੁਝ ਮੰਜ਼ਿਲਾਂ ਦੀ ਉਸਾਰੀ ਵੀ ਕਰਵਾਈ। ਇਸ ਤੋਂ ਇਲਾਵਾ ਛੇਵੇਂ ਗੁਰੂ, ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੀ ਯਾਦ ਵਿਚ ਬਣੇ ਗੁਰਦੁਆਰਾ

ਗਰਨਾ ਸਾਹਿਬ, ਬੋਦਲ (ਹੁਸ਼ਿਆਰਪੁਰ) ਦੀ ਸਭ ਤੋਂ ਪਹਿਲੀ ਸੇਵਾ ਵੀ ਸ. ਜੋਧ ਸਿੰਘ ਨੇ ਕੀਤੀ ਸੀ।

ਕੁਝ ਕੁ ਦਿਨ ਬਿਮਾਰ ਹੋਣ ਤੋਂ ਬਾਅਦ ਪੂਰੀ ਤਰ੍ਹਾਂ ਧਰਮੀ ਅਤੇ ਸਾਦਗੀ ਭਰਪੂਰ ਇਸ ਬਹਾਦਰ ਸਿੱਖ ਸਰਦਾਰ ਜੋਧ ਸਿੰਘ ਰਾਮਗੜ੍ਹੀਆ ਦਾ ਦੇਹਾਂਤ ੧੮੧੬ ਈ. ਵਿਚ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਹੋਇਆ। ਆਪ ਦੇ ਦੇਹਾਂਤ ਦਾ ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦੇ ਮਨ 'ਤੇ ਬੜਾ ਅਸਰ ਹੋਇਆ। ਆਪ ਦੇ ਦੇਹਾਂਤ ਤੋਂ ਬਾਅਦ ਮਹਾਰਾਜਾ ਰਣਜੀਤ ਸਿੰਘ ਨੇ ਆਪ ਦੇ ਅਧੀਨ ਸਾਰਾ ਇਲਾਕਾ ਜਬਤ ਕਰ ਕੇ ਆਪ ਜੀ ਦੀ ਵਿਧਵਾ, ਭਰਾ ਸ. ਵੀਰ ਸਿੰਘ ਅਤੇ ਆਪ ਦੇ ਚਾਚਾ ਸ. ਤਾਰਾ ਸਿੰਘ ਦੇ ਪੁੱਤਰ ਸ. ਦੀਵਾਨ ਸਿੰਘ ਨੂੰ ਜਾਗੀਰ ਦੇ ਦਿੱਤੀ। ਆਪ ਦਾ ਯਾਦਗਾਰੀ ਅਸਥਾਨ ਇਕ ਛੋਟੇ ਜਿਹੇ ਅੱਠ-ਨੁੱਕਰੀ ਗੁਰਦੁਆਰਾ ਸਾਹਿਬ ਦੇ ਰੂਪ ਵਿਚ ਸ੍ਰੀ ਅੰਮ੍ਰਿਤਸਰ ਵਿਖੇ ਗੁਰਦੁਆਰਾ 'ਸ਼ਹੀਦ ਗੰਜ' ਬਾਬਾ ਦੀਪ ਸਿੰਘ ਜੀ ਵਿਖੇ ਬਣਿਆ ਹੋਇਆ ਹੈ, ਜਿੱਥੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸੰਗਤ ਦੇ ਸਹਿਯੋਗ ਨਾਲ ਸੋਨੇ ਦੀ ਸੁੰਦਰ ਪਾਲਕੀ ਸਾਹਿਬ ਸੁਸ਼ੋਭਿਤ ਕੀਤੀ ਗਈ ਹੈ, ਜਿਸ ਵਿਚ ਸ੍ਰੀ ਅਖੰਡ ਪਾਠ ਸਾਹਿਬ ਨਿਰੰਤਰ ਚੱਲਦੇ ਰਹਿੰਦੇ ਹਨ। ਇਹ ਅਸਥਾਨ ਆਪ ਦੁਆਰਾ ਕੀਤੀਆਂ ਪੰਥ ਪ੍ਰਤੀ ਸ਼ਾਨਦਾਰ ਸੇਵਾਵਾਂ ਨੂੰ ਯਾਦ ਕਰਵਾਉਂਦਾ ਹੈ।

ਸਹਾਇਕ ਪੁਸਤਕਾਂ :
੧. *ਤਵਾਰੀਖ ਗੁਰ ਖਾਲਸਾ:* ਗਿ. ਗਿਆਨ ਸਿੰਘ
੨. *ਮਹਾਨ ਕੋਸ਼:* ਭਾਈ ਕਾਨ੍ਹ ਸਿੰਘ ਨਾਭਾ
੩. *ਖਾਲਸਾ ਰਾਜ ਦੇ ਉਸਰੀਏ:* ਬਾਬਾ ਪ੍ਰੇਮ ਸਿੰਘ ਹੋਤੀ ਮਰਦਾਨ
੪. *ਸਿੱਖ ਮਿਸਲਾਂ ਤੇ ਸਰਦਾਰ ਘਰਾਣੇ:* ਗਿ. ਸੋਹਣ ਸਿੰਘ ਸੀਤਲ
੫. *ਅਠਾਰ੍ਹਵੀਂ ਸਦੀ ਦਾ ਸਿੱਖ ਯੋਧਾ ਸ.ਜੱਸਾ ਸਿੰਘ ਰਾਮਗੜ੍ਹੀਆ:* ਪ੍ਰਿਥੀਪਾਲ ਸਿੰਘ ਕਪੂਰ
੬. *ਸਿੱਖ ਪੰਥ ਵਿਸ਼ਵਕੋਸ਼:* ਡਾ.ਰਤਨ ਸਿੰਘ ਜੱਗੀ
੭. *ਮਹਾਰਾਜਾ ਰਣਜੀਤ ਸਿੰਘ; ਜੀਵਨ ਅਤੇ ਘਾਲਣਾ:* ਸ.ਕਿਰਪਾਲ ਸਿੰਘ

## ਪਿੰਡ ਬੰਡਾਲਾ ਵਿਖੇ ਅੰਮ੍ਰਿਤ-ਸੰਚਾਰ

ਭਾਈ ਹਰਪ੍ਰੀਤ ਸਿੰਘ ਵਡਾਲਾ ਜੌਹਲ ਪ੍ਰਚਾਰਕ ਵੱਲੋਂ ਪੁੱਜੀ ਰਿਪੋਰਟ ਅਨੁਸਾਰ ਧਰਮ ਪ੍ਰਚਾਰ ਕਮੇਟੀ (ਸ਼੍ਰੋਮਣੀ ਗੁ.ਪ੍ਰ. ਕਮੇਟੀ) ਸ੍ਰੀ ਅੰਮ੍ਰਿਤਸਰ ਵੱਲੋਂ ਜਥੇਦਾਰ ਅਮਰਜੀਤ ਸਿੰਘ ਬੰਡਾਲਾ, ਮੈਂਬਰ, ਸ਼੍ਰੋਮਣੀ ਗੁ.ਪ੍ਰ. ਕਮੇਟੀ ਦੀ ਅਗਵਾਈ ਵਿਚ ਗੁਰਦੁਆਰਾ ਸਾਹਿਬ, ਪਿੰਡ ਬੰਡਾਲਾ, ਜ਼ਿਲ੍ਹਾ ਸ੍ਰੀ ਅੰਮ੍ਰਿਤਸਰ ਵਿਖੇ ੬ ਅਪ੍ਰੈਲ, ੨੦੧੭ ਨੂੰ ਅੰਮ੍ਰਿਤ-ਸੰਚਾਰ ਸਮਾਗਮ ਕਰਵਾਇਆ ਗਿਆ। ਇਸ ਸਮਾਗਮ ਵਿਚ ੭੧ ਪ੍ਰਾਣੀ ਅੰਮ੍ਰਿਤ ਛਕ ਕੇ ਗੁਰੂ ਵਾਲੇ ਬਣੇ।

# ਖਟਕੜ ਕਲਾਂ ਦੇ ਦੇਸ਼ ਭਗਤ ਪਰਵਾਰ ਦਾ ਵਾਰਸ ਸ਼ਹੀਦ ਭਗਤ ਸਿੰਘ

*-ਸਿਮਰਜੀਤ ਸਿੰਘ**

ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੀ ਤਹਿਸੀਲ ਨਵਾਂ ਸ਼ਹਿਰ ਦਾ ਪ੍ਰਸਿੱਧ ਪਿੰਡ ਖਟਕੜ ਕਲਾਂ, ਬੰਗਾ-ਨਵਾਂ ਸ਼ਹਿਰ ਸੜਕ 'ਤੇ ਸਥਿਤ ਇਤਿਹਾਸਿਕ ਪਿੰਡ ਹੈ। ਇਸ ਪਿੰਡ ਨੂੰ ਆਪਣੇ ਵਸਨੀਕ ਅਜ਼ਾਦੀ ਘੁਲਾਟੀਆਂ ਦੇ ਪਰਵਾਰ 'ਤੇ ਮਾਣ ਹੈ। ਪਿੰਡ ਖਟਕੜ ਕਲਾਂ ਦੇ ਸਥਾਨ 'ਤੇ ਪਹਿਲਾਂ ਇਕ ਕਿਲ੍ਹਾ ਹੋਇਆ ਕਰਦਾ ਸੀ, ਜਿਸ ਦਾ ਸਬੰਧ ਇਕ ਜਗੀਰ ਦੇ ਮੁਖੀ ਨਾਲ ਸੀ। ਇਸ ਦੇ ਨਾਲ ਹੋਰ ਵੀ ਕਈ ਕਿਲ੍ਹੇ ਸਨ, ਪਰ ਉਹ ਇਸ ਨਾਲੋਂ ਛੋਟੇ ਸਨ ਜਿਸ ਕਾਰਨ ਉਨ੍ਹਾਂ ਨੂੰ ਗੜ੍ਹ ਖੁਰਦ ਕਿਹਾ ਜਾਂਦਾ ਸੀ ਅਤੇ ਇਸ ਨੂੰ ਗੜ੍ਹ ਕਲਾਂ ਜਾਂ ਬੜਾ ਗੜ੍ਹ ਕਿਹਾ ਜਾਂਦਾ ਸੀ।

ਸਰਦਾਰ ਭਗਤ ਸਿੰਘ ਦੇ ਵੱਡੇ-ਵਡੇਰੇ ਮੁਗ਼ਲ ਕਾਲ ਸਮੇਂ ਲਾਹੌਰ ਜ਼ਿਲ੍ਹੇ ਦੇ ਨਾਰਲੀ ਪਿੰਡ ਵਿਚ ਰਹਿੰਦੇ ਸਨ। ਨਾਰਲੀ ਪਿੰਡ ਅੱਜਕਲ੍ਹ ਪਾਕਿਸਤਾਨ ਦੀ ਸਰਹੱਦ 'ਤੇ ਵਾਕਿਆ ਹੈ। ਇਸ ਪਿੰਡ ਵਿਚ ਸਰਦਾਰ ਭਗਤ ਸਿੰਘ ਬਹੁਤ ਵਾਰ ਜਾਂਦੇ ਰਹੇ ਅਤੇ ਡਾ. ਸ਼ਵਿੰਦਰ ਸਿੰਘ (ਸੰਧੂ) ਦੀ ਪੁਸ਼ਤੈਨੀ ਹਵੇਲੀ ਵਿਚ ਠਹਿਰਦੇ ਰਹੇ। ਸੰਧੂਆਂ ਦਾ ਬਹਾਦਰ ਰਾਜਾ ਚਰਮਿਕ ਇੱਥੋਂ ਦਾ ਹੀ ਵਸਨੀਕ ਸੀ, ਜਿਸ ਨੇ ਪੋਰਸ ਤੋਂ ਵੀ ਪਹਿਲਾਂ ਯੂਨਾਨੀ ਹਮਲਾਵਰਾਂ ਨੂੰ ਭਜਾਇਆ ਸੀ। ਇਸ ਘਰਾਣੇ ਵਿੱਚੋਂ ਹੀ ਕਰੋੜਸਿੰਘੀਆ ਮਿਸਲ ਦੇ ਸਰਦਾਰ ਸਰਦਾਰ ਸ਼ਾਮ ਸਿੰਘ ਅਤੇ ਸਰਦਾਰ ਬਘੇਲ ਸਿੰਘ ਨੇ ਲਾਲ ਕਿਲ੍ਹੇ 'ਤੇ ਖਾਲਸਈ ਨਿਸ਼ਾਨ ਸਾਹਿਬ ਝੁਲਾਇਆ ਸੀ। ਸ. ਭੀਲਾ ਸਿੰਘ ਨੇ ਆਜ਼ਾਦੀ ਘੁਲਾਟੀਏ ਨਾਮਧਾਰੀ ਸਿੰਘਾਂ ਦੀ ਰੱਖਿਆ ਹਿੱਤ ਸ਼ਹੀਦੀ ਪ੍ਰਾਪਤ ਕੀਤੀ। ਇਕ ਵਾਰ ਇਕ ਨੌਜਵਾਨ ਸ੍ਰੀ ਰਣੀਆ (ਸ. ਭਗਤ ਸਿੰਘ ਤੋਂ ਨੌਂ ਪੀੜ੍ਹੀਆਂ ਪਹਿਲਾਂ) ਆਪਣੇ ਬਜ਼ੁਰਗਾਂ ਦੀਆਂ ਅਸਥੀਆਂ, ਜੋ ਕਿਸੇ ਅਣਸੁਖਾਵੀਂ ਘਟਨਾ ਵਿਚ ਮਾਰੇ ਗਏ ਸਨ, ਨੂੰ ਗੰਗਾ ਵਿਚ ਜਲ ਪ੍ਰਵਾਹ ਕਰਨ ਲਈ ਪਿੰਡੋਂ ਪੈਦਲ ਹਰਿਦੁਆਰ ਜਾ ਰਿਹਾ ਸੀ। ਰਸਤੇ ਵਿਚ ਬੜੇ ਗੜ੍ਹ ਕੋਲ ਉਸ ਨੂੰ ਰਾਤ ਹੋ ਗਈ ਤਾਂ ਉਹ ਬੜੇ ਗੜ੍ਹ ਦੇ ਮਾਲਕ ਤੋਂ ਰਾਤ ਠਹਿਰਣ ਦੀ ਆਗਿਆ ਲੈ ਕੇ ਉੱਥੇ ਠਹਿਰ ਗਿਆ। ਰਾਤ ਦਾ ਖਾਣਾ ਖਾਣ ਸਮੇਂ ਗੜ੍ਹ ਦੇ ਮਾਲਕ ਨੇ ਉਸ ਤੋਂ ਉਸ ਦੀ ਯਾਤਰਾ ਦਾ ਮਕਸਦ ਅਤੇ ਪਰਵਾਰਿਕ ਪਿਛੋਕੜ ਅਤੇ ਮੌਜੂਦਾ ਪਰਵਾਰ ਬਾਰੇ ਸਾਰੀ ਜਾਣਕਾਰੀ ਪ੍ਰਾਪਤ ਕਰਨ ਉਪਰੰਤ ਆਪਣੀ ਪਤਨੀ ਨਾਲ ਸਲਾਹ ਕਰ ਕੇ ਉਸ ਨੂੰ ਆਪਣੀ ਪੁੱਤਰੀ ਲਈ ਵਰ ਦੇ ਰੂਪ ਵਿਚ ਚੁਣਨ ਦੀ ਚਾਹਤ ਪੇਸ਼ ਕੀਤੀ, ਜਿਸ ਲਈ ਨੌਜਵਾਨ ਨੇ ਸਹਿਮਤੀ ਦਿੱਤੀ ਅਤੇ ਆਪਣੀ ਅਗਲੀ ਮੰਜ਼ਿਲ ਵੱਲ ਚੱਲ ਪਿਆ।

ਵਾਪਸ ਆਉਣ 'ਤੇ ੧੭੨੫ ਈ. ਦੇ ਲੱਗਭਗ ਉਸ ਦਾ ਵਿਆਹ ਬੜੀ ਹੀ ਧੂਮ-

**ਮੀਤ ਸਕੱਤਰ ਅਤੇ ਮੁੱਖ ਸੰਪਾਦਕ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ।*

ਧਾਮ ਨਾਲ ਹੋਇਆ। ਗੜ੍ਹ ਦੇ ਮਾਲਕ ਅਤੇ ਮਾਲਕਣ ਨੇ ਇਹ ਬੜਾ ਗੜ੍ਹ ਇਸ ਵਿਆਹੇ ਜੋੜੇ ਨੂੰ ਰਹਿਣ ਲਈ ਦਹੇਜ ਵਿਚ ਦੇ ਦਿੱਤਾ। ਵਿਆਹ ਉਪਰੰਤ ਇਸ ਸਥਾਨ ਦਾ ਨਾਂ ਖਟ ਵਿਚ ਮਿਲੇ ਹੋਏ ਗੜ੍ਹ ਕਾਰਨ ਖਟਗੜ੍ਹ ਕਲਾਂ ਪੈ ਗਿਆ, ਜੋ ਬਾਅਦ ਵਿਚ ਬਦਲਦਾ-ਬਦਲਦਾ ਖਟਕੜ ਕਲਾਂ ਬਣ ਗਿਆ ਹੈ। ਇਸ ਘਟਨਾ ਨੂੰ ਬਿਆਨ ਕਰਦੀ ਇਕ ਕਾਵਿ-ਪੁਸਤਕ ਪ੍ਰੋ. ਦੀਦਾਰ ਸਿੰਘ ਨੇ ਸੰਨ ੧੯੮੪ ਈ. ਵਿਚ ਪ੍ਰਕਾਸ਼ਿਤ ਕਰਵਾਈ ਜਿਸ ਵਿਚ ਜ਼ਿਕਰ ਹੈ:

*ਰਾਵੀ ਨੇੜੇ ਨਗਰ ਨਾਰਲੀ, ਸੰਧੂ ਜੱਟਾਂ ਦਾ।*
*ਜਿਥੇ ਘੁੱਗ ਵਸਦੇ ਸਨ ਲੋਕੀਂ, ਝੁਰਮਟ ਹੱਟਾਂ ਦਾ।*
*ਪਿੰਡ ਵਿਚ ਝਗੜਾ ਮੂਲ ਨਾ ਕੋਈ, ਬੰਨਿਆਂ ਵੱਟਾਂ ਦਾ।*
*ਚਰਮਿਕ ਸੰਧੂ ਕੁਲ ਦਾ ਰਾਜਾ, ਰਸੀਆਂ ਭੱਟਾਂ ਦਾ।*
*ਰਹੇ ਸਿਰਲਥ ਸੂਰੇ ਜੂਝਦੇ, ਧੰਨ ਧੰਨ ਕਰੇ ਜਹਾਨ।*
*ਛੱਡ ਨਾਰਲੀ ਚਰਮਿਕ ਨੀਂਗਰ, ਪੁੱਜਾ ਖਟ ਗੜ੍ਹ ਆਣ।*
*ਗੜ੍ਹੀ ਦੇ ਰਾਜੇ ਆਪਣੀ ਬੇਟੀ ਸੁੰਦਰ ਚਤਰ ਸੁਜਾਨ।*
*ਗੜ੍ਹੀ ਤੇ ਸਾਰਾ ਰਾਜ ਭਾਗ ਵੀ, ਖੱਟ ਵਿਚ ਕੀਤਾ ਦਾਨ।*
*ਉਸ ਦਿਨ ਤੋਂ ਇਹ ਥਾਂ ਅਖਵਾਈ, 'ਖੱਟ-ਗੜ੍ਹ' ਬੰਗੇ ਕੋਲ।*

ਇਸ ਜੋੜੇ ਤੋਂ ਖਟਕੜ ਕਲਾਂ ਵਿਖੇ ਮਹਾਨ ਅਜ਼ਾਦੀ ਘੁਲਾਟੀਆਂ ਅਤੇ ਸ਼ਹੀਦਾਂ ਦੇ ਪਰਵਾਰ ਦਾ ਅਰੰਭ ਹੋਇਆ। ਸਮਾਂ ਬਦਲਣ ਦੇ ਨਾਲ-ਨਾਲ ਇਸ ਗੜ੍ਹ ਦੀਆਂ ਦੀਵਾਰਾਂ ਢਹਿ-ਢੇਰੀ ਹੋ ਗਈਆਂ। ਗੜ੍ਹ ਦੀ ਸੁਰੱਖਿਆ ਲਈ ਬਣਾਈ ਗਈ ਡੂੰਘੀ ਖਾਈ ਹੌਲੀ-ਹੌਲੀ ਪਿੰਡ ਵਿਚ ਚਾਰ ਛੱਪੜਾਂ ਦਾ ਰੂਪ ਧਾਰਨ ਕਰ ਗਈ, ਪਰ ਅੱਜ ਵੀ ਕਈ ਵਾਰ ਜਦੋਂ ਜ਼ਿਆਦਾ ਮੀਂਹ ਪੈ ਜਾਂਦੇ ਹਨ ਤਾਂ ਇਹ ਦੋ ਜਾਂ ਤਿੰਨ ਛੱਪੜ ਆਪਸ ਵਿਚ ਮਿਲ ਜਾਂਦੇ ਹਨ।

ਅੱਗੇ ਚੱਲ ਕੇ ਇਸ ਪਰਵਾਰ ਦੇ ਮੈਂਬਰ ਸਿੱਖ ਧਰਮ ਤੋਂ ਪ੍ਰਭਾਵਿਤ ਹੋ ਕੇ ਸਿੱਖ ਧਰਮ ਧਾਰਨ ਕਰ ਗਏ ਅਤੇ ਖਾਲਸਾ ਸਰਦਾਰ ਕਹਿ ਕੇ ਸਤਿਕਾਰੇ ਜਾਣ ਲੱਗੇ। ਇਸ ਪਰਵਾਰ ਦੀ ਤੀਸਰੀ ਪੀੜ੍ਹੀ ਵਿਚ ਸ. ਰਾਮ ਸਿੰਘ ਸਨ। ਇਨ੍ਹਾਂ ਨੇ ਸਿੱਖ ਰਾਜ ਦੀ ਸਥਾਪਨਾ ਲਈ ਮਹਾਰਾਜਾ ਰਣਜੀਤ ਸਿੰਘ ਦੀ ਮਦਦ ਆਪਣੀ ਜਾਨ ਦੀ ਪ੍ਰਵਾਹ ਨਾ ਕਰਦਿਆਂ ਕੀਤੀ। ਸਿੱਖ ਰਾਜ ਦੀ ਸਥਾਪਨਾ ਲਈ ਇਨ੍ਹਾਂ ਵੱਲੋਂ ਦਿਖਾਈ ਦਲੇਰੀ ਅਤੇ ਵਫ਼ਾਦਾਰੀ ਕਾਰਨ ਇਸ ਪਰਵਾਰ ਨੂੰ ਇਨਾਮ ਵਜੋਂ ਇਕ ਵੱਡੀ ਜਗੀਰ ਦਿੱਤੀ ਗਈ ਅਤੇ ਇਹ ਪਰਵਾਰ ਵੱਡੇ ਜਗੀਰਦਾਰ ਘਰਾਣਿਆਂ ਵਿਚ ਗਿਣਿਆ ਜਾਣ ਲੱਗਾ। ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਤਕ ਇਹ ਪਰਵਾਰ ਜਗੀਰਦਾਰਾਂ ਦੇ ਰੂਪ ਵਿਚ ਦਰਬਾਰ ਲਾਉਂਦਾ ਰਿਹਾ ਅਤੇ ਇਲਾਕੇ ਦੇ ਲੋਕਾਂ ਦਾ ਇਨਸਾਫ ਕਰਦਾ ਰਿਹਾ। ਇਸ ਪਰਵਾਰ ਪਾਸ ਆਪਣੀ ਨਿਸ਼ਚਿਤ ਫੌਜ ਰੱਖਣ ਦੇ ਅਧਿਕਾਰ ਸਨ, ਜੋ ਲੋੜ ਪੈਣ 'ਤੇ ਮਹਾਰਾਜੇ ਨੂੰ ਭੇਜੀ ਜਾਂਦੀ ਸੀ। ਇਸ ਪਰਵਾਰ ਪਾਸ ਸਿੱਖ ਰਾਜ ਦਾ ਕੌਮੀ ਝੰਡਾ ਚੜ੍ਹਾਉਣ ਦੇ ਅਧਿਕਾਰ ਵੀ ਸਨ। ਪਰਵਾਰ ਦੇ ਮੈਂਬਰਾਂ ਵੱਲੋਂ ਸਿੱਖ ਰਾਜ ਦਾ ਕੌਮੀ ਝੰਡਾ

ਸਾਲ ਵਿਚ ਚਾਰ ਵਾਰ ਬੜੇ ਉਤਸ਼ਾਹ ਨਾਲ ਚੜ੍ਹਾਉਣ ਦੀ ਰਸਮ ਅਦਾ ਕੀਤੀ ਜਾਂਦੀ ਸੀ। ਜਿਸ ਅਸਥਾਨ 'ਤੇ ਇਹ ਝੰਡਾ ਲਹਿਰਾਇਆ ਜਾਂਦਾ ਸੀ, ਉਸ ਅਸਥਾਨ ਦਾ ਨਾ 'ਝੰਡਾ ਜੀ' ਪੈ ਗਿਆ ਹੈ। ਇਸ ਅਸਥਾਨ 'ਤੇ ਅੱਜਕਲ੍ਹ ਗੁਰਦੁਆਰਾ ਸਾਹਿਬ ਸੁਸ਼ੋਭਿਤ ਹੈ। ਸ. ਰਾਮ ਸਿੰਘ ਦੇ ਘਰ ੧੮੨੦ ਈ. ਨੂੰ ਸ. ਫਤਿਹ ਸਿੰਘ ਨੇ ਜਨਮ ਲਿਆ।

ਮਹਾਰਾਜਾ ਰਣਜੀਤ ਸਿੰਘ ਦੀ ਮੌਤ ਉਪਰੰਤ ਪੰਜਾਬ 'ਤੇ ਅੰਗਰੇਜ਼ਾਂ ਨੇ ਆਪਣਾ ਅਧਿਕਾਰ ਸਥਾਪਿਤ ਕਰ ਲਿਆ ਅਤੇ ਉਨਾਂ ਨੇ ਲੋਕਾਂ ਦੇ ਅਧਿਕਾਰਾਂ ਨੂੰ ਕੁਚਲਣਾ ਸ਼ੁਰੂ ਕਰ ਦਿੱਤਾ। ਪੰਜਾਬ ਦੇ ਬਹਾਦਰ ਲੋਕਾਂ ਨੇ ਅੰਗਰੇਜ਼ ਧਾੜਵੀਆਂ ਨੂੰ ਆਪਣੇ ਦੇਸ਼ ਵਿੱਚੋਂ ਕੱਢਣ ਲਈ ਹਥਿਆਰ ਚੁੱਕ ਲਏ ਅਤੇ ਅੰਗਰੇਜ਼ ਹਾਕਮਾਂ ਵਿਰੁੱਧ ਲੜਨ-ਮਰਨ ਵਾਲੀ ਫੌਜ ਵਿਚ ਸ਼ਾਮਲ ਹੋ ਗਏ। ਸ. ਫਤਿਹ ਸਿੰਘ ਨੇ ਮੁੱਦਕੀ, ਸਭਰਾਓਂ, ਆਲੀਵਾਲ ਦੀਆਂ ਲੜਾਈਆਂ ਵਿਚ ਵੱਧ-ਚੜ੍ਹ ਕੇ ਹਿੱਸਾ ਲਿਆ। ਅੰਗਰੇਜ਼ਾਂ ਖ਼ਿਲਾਫ਼ ਲੜਨ ਕਾਰਨ ਇਸ ਪਰਵਾਰ ਦੀ ਜਗੀਰ ਘੱਟ ਕਰ ਦਿੱਤੀ ਗਈ।

ਜਦੋਂ ੧੮੫੭ ਈ. ਦੀ ਅਜ਼ਾਦੀ ਦੀ ਲੜਾਈ ਵਿਚ ਕੁਝ ਜਗੀਰਦਾਰ ਅਤੇ ਰਾਜੇ ਅੰਗਰੇਜ਼ਾਂ ਵੱਲੋਂ ਦਿਖਾਏ ਸਬਜ਼ਬਾਗ ਦੇ ਪ੍ਰਭਾਵ ਹੇਠ ਅੰਗਰੇਜ਼ਾਂ ਦੇ ਹੱਕ ਵਿਚ ਆਪਣੇ ਹੀ ਦੇਸ਼-ਭਗਤ ਭਰਾਵਾਂ ਦੇ ਵਿਰੁੱਧ ਲੜੇ ਤਾਂ ਉਸ ਵਕਤ ਵੀ ਉਨ੍ਹਾਂ ਨਾਲ ਅੰਗਰੇਜ਼ ਸਾਮਰਾਜਵਾਦੀਆਂ ਨੇ ਧੋਖਾ ਦੇ ਕੇ ਭੈੜਾ ਮਜ਼ਾਕ ਕੀਤਾ। ਸ. ਫਤਿਹ ਸਿੰਘ ਨੂੰ ਵੀ ਉਨ੍ਹਾਂ ਦੀ ਖੋਹੀ ਹੋਈ ਜਗੀਰ ਵਾਪਸ ਕਰਨ ਦਾ ਲਾਲਚ ਦੇ ਕੇ ਇਹ ਕੰਮ ਕਰਨ ਲਈ ਜ਼ੋਰ ਪਾਇਆ ਗਿਆ, ਜਿਸ ਲਈ ਉਨ੍ਹਾਂ ਨੇ ਇਨਕਾਰ ਕਰ ਦਿੱਤਾ ਅਤੇ ਕਿਹਾ ਕਿ ਉਹ ਆਪਣੇ ਦੇਸ਼ ਦੇ ਹਿੱਤਾਂ ਨੂੰ ਮੁੱਖ ਰੱਖਦੇ ਹੋਏ ਆਪਣਾ ਸਾਰਾ ਕੁਝ ਗਵਾਉਣਾ ਹੀ ਚੰਗਾ ਸਮਝਦੇ ਹਨ, ਪਰ ਉਹ ਆਪਣੇ ਦੇਸ਼ ਦੇ ਹੀ ਲੋਕਾਂ ਵਿਰੁੱਧ ਹਥਿਆਰ ਨਹੀਂ ਚੁੱਕ ਸਕਦੇ।

ਸ. ਫਤਿਹ ਸਿੰਘ ਦਾ ਪੁੱਤਰ ਸੀ- ਜ਼ੈਲਦਾਰ ਗੁਰਬਚਨ ਸਿੰਘ (ਕਈ ਸ੍ਰੋਤਾਂ ਵਿਚ ਨਾਮ ਖੇਮ ਸਿੰਘ ਲਿਖਿਆ ਮਿਲਦਾ ਹੈ) ਅਤੇ ਇਸ ਦੇ ਤਿੰਨ ਪੁੱਤਰ ਸਨ- ਸ. ਅਰਜਨ ਸਿੰਘ, ਸ. ਸੁਰਜਨ ਸਿੰਘ ਅਤੇ ਸ. ਮੇਹਰ ਸਿੰਘ। ਸ. ਅਰਜਨ ਸਿੰਘ ਇਕ ਮੰਨੇ-ਪ੍ਰਮੰਨੇ ਜ਼ਿਮੀਂਦਾਰ ਸਨ, ਜੋ ਅਜ਼ਾਦੀ ਦੀ ਲੜਾਈ ਵਿਚ ਵੱਧ-ਚੜ੍ਹ ਕੇ ਹਿੱਸਾ ਲੈਂਦੇ ਰਹੇ। ਇਨ੍ਹਾਂ ਦੀ ਨੇਕਦਿਲੀ ਦੇ ਕਾਰਨ ਇਹ ਸਾਰੇ ਇਲਾਕੇ ਵਿਚ ਸਤਿਕਾਰੇ ਜਾਂਦੇ ਸਨ। ਇਨ੍ਹਾਂ ਨੇ ਇਲਾਕੇ ਵਿਚ ਖੂਹ ਲਗਵਾਏ, ਸਰਾਵਾਂ ਬਣਵਾਈਆਂ ਅਤੇ ਗੁਰਦੁਆਰਾ ਸਾਹਿਬਾਨ ਬਣਵਾਏ। ਸ. ਅਰਜਨ ਸਿੰਘ ਲਈ ਧਰਮ ਰੂਹ ਦੀ ਖ਼ੁਰਾਕ ਸੀ, ਦਿਖਾਵਾ ਨਹੀਂ ਸੀ। ਇਹ ਕਿਰਤ ਕਰ ਕੇ ਧਰਮ ਲਈ ਹੱਥੋਂ ਦਾਨ ਦੇ ਕੇ ਭਲਾ ਮਨਾਉਣ ਵਿਚ ਵਿਸ਼ਵਾਸ ਰੱਖਦੇ ਸਨ। ਹਿੰਦੁਸਤਾਨ ਵਿਚ ਕੋਈ ਵੀ ਇਹੋ ਜਿਹੀ ਥਾਂ ਜਿਸ ਦਾ ਆਪ ਨੂੰ ਪਤਾ ਲਗਦਾ ਕਿ ਕਾਲ ਪਿਆ ਹੈ, ਭੂਚਾਲ ਆਇਆ ਹੈ ਜਾਂ ਹੜ੍ਹ ਆਇਆ ਹੈ ਜਾਂ ਕਿਸੇ ਹੋਰ ਕਾਰਨ ਕਰਕੇ ਜਨਤਾ ਦੁਖੀ ਹੈ, ਆਪ ਨੇ ਐਸੀ ਹਰ ਥਾਂ 'ਤੇ ਸਹਾਇਤਾ ਪਹੁੰਚਾਉਣ ਦੀ ਕੋਸ਼ਿਸ਼ ਕੀਤੀ।

ਇਕ ਵਾਰ ਦੀ ਗੱਲ ਹੈ ਕਿ ਪਿੰਡ ਦਾ ਇਕ ਦਰਜੀ ਰੋਜ਼ਗਾਰ ਦੀ ਭਾਲ ਵਿਚ ਚੀਨ ਗਿਆ ਅਤੇ ਜਦੋਂ ਵਾਪਸ ਆਇਆ ਤਾਂ ਉਸ ਨੂੰ ਛੂਤ ਦੇ ਰੋਗ ਪਲੇਗ ਨੇ ਆ ਦਬੋਚਿਆ।

ਦਿਨਾਂ ਵਿਚ ਹੀ ਇਹ ਬਿਮਾਰੀ ਪਿੰਡ ਵਿਚ ਫੈਲਣ ਲੱਗੀ। ਅੰਗਰੇਜ਼ ਕੁਲੈਕਟਰ ਨੇ ਹੁਕਮ ਦੇ ਦਿੱਤਾ ਕਿ ਜਿਨ੍ਹਾਂ ਘਰਾਂ ਵਿਚ ਪਲੇਗ ਫੈਲੀ ਹੋਈ ਹੈ, ਉਹ ਢਾਹ ਕੇ ਨਸ਼ਟ ਕਰ ਦਿੱਤੇ ਜਾਣ। ਸ. ਅਰਜਨ ਸਿੰਘ ਨੇ ਇਸ ਗੱਲ ਦਾ ਡਟ ਕੇ ਵਿਰੋਧ ਕੀਤਾ ਤੇ ਕਿਹਾ ਸਰਕਾਰ ਘਰ ਢਾਹੁਣ ਤੋਂ ਪਹਿਲਾਂ ਉਨ੍ਹਾਂ ਨੂੰ ਦੁਬਾਰਾ ਬਣਾਉਣਾ ਯਕੀਨੀ ਬਣਾਵੇ।

ਜਦੋਂ ਅੰਗਰੇਜ਼ ਸਰਕਾਰ ਨੇ ਬਾਰ ਦੇ ਜੰਗਲੀ ਇਲਾਕੇ ਨੂੰ ਆਬਾਦ ਕਰਨ ਲਈ ੨੫-੨੫ ਏਕੜ ਜ਼ਮੀਨ ਦੇ ਕੇ ਕਿਸਾਨਾਂ ਨੂੰ ਵਸਾਉਣ ਦਾ ਯਤਨ ਕੀਤਾ, ਉਸ ਸਮੇਂ ਸ. ਅਰਜਨ ਸਿੰਘ ਨੂੰ ਲਾਇਲਪੁਰ ਨੇੜੇ ਬੰਗਾ ਪਿੰਡ ਵਿਖੇ ੨੫ ਏਕੜ ਜ਼ਮੀਨ ਅਲਾਟ ਹੋ ਗਈ ਅਤੇ ਉਹ ਉੱਥੇ ਜਾ ਵੱਸੇ।

ਸ. ਅਰਜਨ ਸਿੰਘ ਦੇ ਘਰ ਬੀਬੀ ਜੈ ਕੌਰ ਦੀ ਕੁੱਖੋਂ ਤਿੰਨ ਪੁੱਤਰਾਂ- ਸ. ਕਿਸ਼ਨ ਸਿੰਘ, ਸ. ਅਜੀਤ ਸਿੰਘ ਅਤੇ ਸ. ਸਵਰਨ ਸਿੰਘ ਨੇ ਜਨਮ ਲਿਆ। ਇਨ੍ਹਾਂ ਤਿੰਨਾਂ ਭਰਾਵਾਂ ਨੇ ਪੰਜਾਬ ਵਿਚ 'ਅੰਜਮਨ ਮੁਹਿੱਬਾਨੇ ਵਤਨ' (ਭਾਰਤ ਮਾਤਾ ਸੁਸਾਇਟੀ) ਲਈ ਬਹੁਤ ਕੰਮ ਕੀਤਾ।

ਸ. ਕਿਸ਼ਨ ਸਿੰਘ ਦਾ ਜਨਮ ੧੮੭੬ ਈ. ਜ਼ਿਲ੍ਹਾ ਜਲੰਧਰ ਦੇ ਪਿੰਡ ਖਟਕੜ ਕਲਾਂ ਵਿਖੇ ਹੋਇਆ। ਸ. ਕਿਸ਼ਨ ਸਿੰਘ ਦੇ ਮਨ ਵਿਚ ਸਮਾਜ ਸੇਵਾ ਦੀ ਬਹੁਤ ਭਾਵਨਾ ਸੀ। ਇਨ੍ਹਾਂ ਨੇ ਸੰਨ ੧੮੯੮ ਈ. ਦੇ ਕਾਲ ਸਮੇਂ ਅਤੇ ਸੰਨ ੧੯੦੪ ਈ. ਵਿਚ ਕਾਂਗੜੇ ਵਿਚ ਆਏ ਭੂਚਾਲ ਸਮੇਂ ਲੋੜਵੰਦਾਂ ਦੀ ਬਹੁਤ ਸਹਾਇਤਾ ਕੀਤੀ। ੧੯੦੬ ਈ. ਵਿਚ ਆਪ ਰਾਜਨੀਤੀ ਵਿਚ ਸਰਗਰਮ ਹੋਏ। ਸੰਨ ੧੯੦੭ ਈ. ਵਿਚ ਆਪ ਨੇ ਕੈਨਾਲ ਐਕਟ ਦਾ ਡਟ ਕੇ ਵਿਰੋਧ ਕੀਤਾ। ਇਸ ਸਮੇਂ ਅੰਗਰੇਜ਼ ਸਰਕਾਰ ਨੇ ਆਪ ਨੂੰ ਗ੍ਰਿਫਤਾਰ ਕਰ ਲਿਆ ਅਤੇ ਆਪ ਨੂੰ ਦੋ ਸਾਲ ਦੀ ਕੈਦ ਭੁਗਤਣੀ ਪਈ। ਜੇਲ੍ਹ ਵਿਚ ਰਹਿਣ ਸਮੇਂ ਆਪ ਨੂੰ ਕੈਦੀਆਂ ਪ੍ਰਤੀ ਸਰਕਾਰ ਦੇ ਵਿਵਹਾਰ ਦਾ ਪਤਾ ਲੱਗਾ ਜਿਸ ਵਿਚ ਸੁਧਾਰ ਲਿਆਉਣ ਲਈ ਆਪ ਨੇ ਬਹੁਤ ਯਤਨ ਕੀਤੇ। ਸ. ਕਿਸ਼ਨ ਸਿੰਘ ਨੇ ਜ਼ੇਲ੍ਹ ਵਿਚ ਟੋਪੀ ਪਹਿਨਣ ਤੋਂ ਇਨਕਾਰ ਕਰ ਦਿੱਤਾ ਅਤੇ ਪਗੜੀ ਦੀ ਮੰਗ ਕੀਤੀ। ਆਪ ਨੇ ਭਾਰੀ ਜੱਦੋ-ਜਹਿਦ ਮਗਰੋਂ ਸਿੱਖ ਕੈਦੀਆਂ ਲਈ ਢਾਈ ਗਜ਼ ਪਗੜੀ ਦੀ ਮੰਗ ਅਖੀਰ ਮਨਵਾ ਹੀ ਲਈ।

ਸੰਨ ੧੯੩੦ ਈ. ਦੀ ਨਾ-ਮਿਲਵਰਤਨ ਵਿਚ ਹਿੱਸਾ ਲੈਣ ਕਾਰਨ ਆਪ ਨੂੰ ਸਰਕਾਰ ਦਾ ਤਸ਼ੱਦਦ ਸਹਿਣਾ ਪਿਆ। ਆਪ ੧੯੩੮ ਈ. ਵਿਚ ਪੰਜਾਬ ਲੈਜਿਸਲੇਟਿਵ ਅਸੈਂਬਲੀ ਦੇ ਮੈਂਬਰ ਚੁਣੇ ਗਏ।

ਸ. ਕਿਸ਼ਨ ਸਿੰਘ ਦੇ ਘਰ ਛੇ ਪੁੱਤਰਾਂ- ਸ. ਜਗਤ ਸਿੰਘ, ਸ. ਭਗਤ ਸਿੰਘ, ਸ. ਕੁਲਬੀਰ ਸਿੰਘ, ਸ. ਕੁਲਤਾਰ ਸਿੰਘ, ਸ. ਰਜਿੰਦਰ ਸਿੰਘ, ਸ. ਰਣਵੀਰ ਸਿੰਘ ਅਤੇ ਤਿੰਨ ਪੁੱਤਰੀਆਂ- ਬੀਬਾ ਅਮਰ ਕੌਰ, ਬੀਬਾ ਸਮਿੱਤਰਾ ਪ੍ਰਕਾਸ਼ ਕੌਰ ਅਤੇ ਸ਼ਕੁੰਤਲਾ ਨੇ ਜਨਮ ਲਿਆ। ਸ. ਜਗਤ ਸਿੰਘ ਦੀ ੧੧ ਸਾਲ ਦੀ ਉਮਰ ਵਿਚ ਹੀ ਮੌਤ ਹੋ ਗਈ ਸੀ।

ਸ. ਅਰਜਨ ਸਿੰਘ ਦੇ ਘਰ ੨੩ ਫਰਵਰੀ, ੧੮੮੧ ਈ. ਨੂੰ ਸ. ਅਜੀਤ ਸਿੰਘ ਦਾ ਜਨਮ ਹੋਇਆ। ਸ. ਅਜੀਤ ਸਿੰਘ ਨੇ ਸਾਂਈ ਦਾਸ ਐਂਗਲੋਂ ਸੰਸਕ੍ਰਿਤ ਸਕੂਲ ਜਲੰਧਰ ਤੋਂ ਵਿੱਦਿਆ ਪ੍ਰਾਪਤ ਕੀਤੀ। ਸ. ਅਜੀਤ ਸਿੰਘ ਜਦੋਂ ਛੋਟਾ ਬੱਚਾ ਹੀ ਸੀ, ਉਦੋਂ ਤੋਂ ਹੀ

ਆਪਣੇ ਦਾਦਾ ਜੀ ਤੋਂ ਦੇਸ਼ ਵਿਚ ਵਾਪਰੀਆਂ ਘਟਨਾਵਾਂ ਸੁਣਦੇ ਸਨ। ਇਹ ਘਟਨਾਵਾਂ ਸੁਣ ਕੇ ਉਸ ਅੰਦਰ ਅੰਗਰੇਜ਼ਾਂ ਵਿਰੁੱਧ ਨਫ਼ਰਤ ਪੈਦਾ ਹੁੰਦੀ ਚਲੀ ਗਈ। ਸ. ਅਜੀਤ ਸਿੰਘ ਆਪਣੇ ਘਰ ਆਏ ਤਹਿਸੀਲਦਾਰ ਅਤੇ ਥਾਣੇਦਾਰਾਂ ਨੂੰ ਦੇਖਦਾ ਤਾਂ ਉਹ ਸਾਰੇ ਪੰਜਾਬੀ ਹੁੰਦੇ ਸਨ। ਉਸ ਨੇ ਕਦੇ ਵੀ ਆਪਣੇ ਦਾਦਾ ਸ. ਫਤਿਹ ਸਿੰਘ ਪਾਸ ਕੋਈ ਅੰਗਰੇਜ਼ ਅਫਸਰ ਜਾਂ ਅੰਗਰੇਜ਼ ਦੇਖਣ ਨੂੰ ਨਹੀਂ ਸੀ ਮਿਲਿਆ। ਇਕ ਵਾਰ ਸ. ਅਜੀਤ ਸਿੰਘ ਨੇ ਆਪਣੇ ਚਾਚਾ ਸ. ਸੁਰਜਨ ਸਿੰਘ ਨੂੰ ਅੰਗਰੇਜ਼ ਅਫਸਰ ਨਾਲ ਦੇਖਿਆ। ਅੰਗਰੇਜ਼ ਅਫਸਰ ਸ. ਸੁਰਜਨ ਸਿੰਘ ਨਾਲੋਂ ਉਮਰ ਵਿਚ ਕਾਫੀ ਛੋਟਾ ਸੀ, ਪਰ ਫੇਰ ਵੀ ਸ. ਸੁਰਜਨ ਸਿੰਘ ਨੇ ਉਸ ਨੂੰ ਝੁਕ ਕੇ ਸਲਾਮ ਕੀਤੀ ਅਤੇ ਅੰਗਰੇਜ਼ ਅਫਸਰ ਨੂੰ ਪੰਜਾਬੀ ਵੀ ਚੰਗੀ ਤਰ੍ਹਾਂ ਬੋਲਣੀ ਨਹੀਂ ਸੀ ਆਉਂਦੀ। ਜਿਸ ਦੀ ਟੁੱਟੀ-ਫੁੱਟੀ ਪੰਜਾਬੀ ਸੁਣ ਸ. ਅਜੀਤ ਸਿੰਘ ਦਾ ਅਕਸਰ ਹਾਸਾ ਨਿਕਲ ਜਾਇਆ ਕਰਦਾ ਸੀ। ਅੰਗਰੇਜ਼ ਉਸ ਨਾਲ ਇਸ ਗੱਲੋਂ ਵੀ ਅਕਸਰ ਨਰਾਜ਼ ਰਹਿੰਦੇ ਸਨ ਕਿ ਉਹ ਉਨ੍ਹਾਂ ਨੂੰ ਸਲੂਟ ਨਹੀਂ ਸੀ ਕਰਦਾ।

ਸ. ਅਜੀਤ ਸਿੰਘ ਜਦੋਂ ਅਜੇ ਬੱਚਾ ਹੀ ਸੀ ਕਿ ਆਪਣੇ ਵੱਡੇ ਭਰਾ ਸ. ਕਿਸ਼ਨ ਸਿੰਘ ਨਾਲ ਹੋਲੇ-ਮਹੱਲੇ ਵਾਲੇ ਦਿਨ ਸ੍ਰੀ ਅਨੰਦਪੁਰ ਸਾਹਿਬ ਜਾ ਕੇ ਦੋਵੇਂ ਅੰਮ੍ਰਿਤ ਛਕ ਕੇ ਤਿਆਰ-ਬਰ-ਤਿਆਰ ਸਿੰਘ ਸਜ ਗਏ। ਆਪ ਦਾ ਵਿਆਹ ਸ੍ਰੀ ਘਨਪਤ ਰਾਏ ਦੀ ਗੋਦ ਲਈ ਲੜਕੀ ਬੀਬੀ ਹਰਨਾਮ ਕੌਰ ਨਾਲ ਹੋਇਆ। ਵਿਆਹ ਤੋਂ ਬਾਅਦ ਸ. ਅਜੀਤ ਸਿੰਘ ਨੇ ਬੀਬੀ ਹਰਨਾਮ ਕੌਰ ਨੂੰ ਇਕ ਗੁਰਬਾਣੀ ਦਾ ਗੁਟਕਾ ਦਿੱਤਾ, ਜਿਸ ਤੋਂ ਉਹ ਹਰ ਦਿਨ ਸੌਣ ਤੋਂ ਪਹਿਲਾਂ ਪਾਠ ਕਰਦੀ ਸੀ। ਇਹ ਗੁਟਕਾ ਉਨ੍ਹਾਂ ਨੇ ਸਾਰੀ ਉਮਰ ਆਪਣੇ ਪਾਸ ਸੰਭਾਲ ਕੇ ਰੱਖਿਆ।

ਆਪ ਨੇ ਲਾਅ ਕਾਲਜ ਬਰੇਲੀ ਤੋਂ ਪੜ੍ਹਾਈ ਸ਼ੁਰੂ ਕੀਤੀ, ਪਰ ਸਿਹਤ ਠੀਕ ਨਾ ਰਹਿਣ ਕਰਕੇ ਆਪ ਨੂੰ ਪੜ੍ਹਾਈ ਵਿੱਚੇ ਛੱਡ ਕੇ ਵਾਪਸ ਆਉਣਾ ਪਿਆ। ਫਿਰ ਆਪ ਨੇ ਡੀ.ਏ.ਵੀ ਕਾਲਜ ਲਾਹੌਰ ਤੋਂ ਐਫ.ਏ. ਪਾਸ ਕਰ ਲਈ। ਆਪ ਨੇ ਯੂਰਪੀ ਲੋਕਾਂ ਨੂੰ ਪੰਜਾਬੀ ਪੜ੍ਹਾਉਣੀ ਸ਼ੁਰੂ ਕਰ ਦਿੱਤੀ। ਸੰਨ ੧੯੦੭ ਈ. ਵਿਚ ਜ਼ਮੀਨੀ ਮਾਮਲੇ ਅਤੇ ਨਹਿਰੀ ਪਾਣੀ ਦੀਆਂ ਦਰਾਂ ਵਿਚ ਵਾਧਾ ਹੋ ਜਾਣ ਕਰਕੇ ਅੰਦੋਲਨ ਸ਼ੁਰੂ ਹੋ ਗਿਆ ਜਿਸ ਵਿਚ ਆਪ ਨੇ ਵੱਧ-ਚੜ੍ਹ ਕੇ ਹਿੱਸਾ ਲੈਣਾ ਸ਼ੁਰੂ ਕਰ ਦਿੱਤਾ। ਆਪ ਨੇ ਸ਼ਾਹੂਕਾਰਾਂ ਅਤੇ ਜਗੀਰਦਾਰਾਂ ਦੀ ਲੁੱਟ-ਖਸੁੱਟ ਦਾ ਵਿਰੋਧ ਕੀਤਾ। ਕਿਸਾਨਾਂ ਨੂੰ ਜਥੇਬੰਦ ਕਰ ਕੇ 'ਪਗੜੀ ਸੰਭਾਲ ਜੱਟਾ' ਲਹਿਰ ਕਾਇਮ ਕੀਤੀ ਅਤੇ ਕਿਸਾਨ ਨੇਤਾ ਦੇ ਰੂਪ ਵਿਚ ਉੱਭਰ ਕੇ ਸਾਹਮਣੇ ਆਏ। ਆਪ ਨੇ 'ਪੇਸ਼ਵਾ' ਨਾਂ ਦਾ ਇਕ ਅਖ਼ਬਾਰ ਲਾਹੌਰ ਤੋਂ ਸ਼ੁਰੂ ਕੀਤਾ ਅਤੇ ਬਹੁਤ ਸਾਰੀਆਂ ਕਿਤਾਬਾਂ ਅਤੇ ਟ੍ਰੈਕਟ ਛਾਪ ਕੇ ਲੋਕਾਂ ਨੂੰ ਜਾਗ੍ਰਿਤ ਕਰਨ ਹਿੱਤ ਵੰਡੇ। ਜਿਨ੍ਹਾਂ ਵਿੱਚੋਂ ੧੮੫੭ ਦਾ ਗ਼ਦਰ, ਉਂਗਲੀ ਪਕੜੇ ਪੰਜਾ ਪਕੜਾ, ਬਾਗੀ ਮਸੀਹ, ਮਹਿਬੂਬ-ਏ-ਵਤਨ, ਬੰਦਰ ਬਾਦ ਅਤੇ ਦੇਸੀ ਫੌਜ ਆਦਿ ਪ੍ਰਸਿੱਧ ਹਨ। ਇਨ੍ਹਾਂ ਵੱਲੋਂ ਲਿਖੇ ਗਏ ਬਹੁਤ ਸਾਰੇ ਟ੍ਰੈਕਟ ਸਰਕਾਰ ਵੱਲੋਂ ਬਗ਼ਾਵਤੀ ਸੁਰ ਵਾਲੇ ਸਮਝ ਕੇ ਜਬਤ ਕੀਤੇ ਜਾਂਦੇ ਰਹੇ।

ਸ. ਅਜੀਤ ਸਿੰਘ ਨੇ ਲਾਹੌਰ ਵਿਚ 'ਮਹਿਬੂਬ-ਏ-ਵਤਨ' ਨਾਂ ਦਾ ਇਕ ਸੰਘ ਕਾਇਮ ਕੀਤਾ। ਇੱਥੇ ਕੰਮ ਕਰਦਿਆਂ ਉਨ੍ਹਾਂ ਦੇ ਹੀ ਇਕ ਸਾਥੀ ਨੇ ਉਨ੍ਹਾਂ ਨੂੰ ਫੜਾ ਦਿੱਤਾ, ਜਦੋਂ ਉਹ ਹਲਵਾਈ ਦੇ ਭੇਸ ਵਿਚ ਪੰਜਾਬ ਤੋਂ ਕਲਕੱਤੇ ਵੱਲ ਜਾ ਰਹੇ ਸਨ। ਉਨ੍ਹਾਂ ਨੂੰ ਲਾਲਾ ਲਾਜਪਤ ਰਾਏ ਦੇ ਨਾਲ ਹੀ ਮਾਂਡਲੇ ਜੇਲ੍ਹ ਵਿਚ ਕੈਦ ਕਰ ਦਿੱਤਾ ਗਿਆ। ਸੰਨ ੧੯੦੭ ਈ. ਵਿਚ ਉਨ੍ਹਾਂ ਨੂੰ ਰਿਹਾਅ ਕਰ ਦਿੱਤਾ ਗਿਆ। ਆਪ ਰੂਪੋਸ਼ ਹੋ ਕੇ ਅਜ਼ਾਦੀ ਦੀ ਲੜਾਈ ਵਿਚ ਹਿੱਸਾ ਪਾਉਂਦੇ ਰਹੇ।

ਆਪ ਨੇ ਆਪਣੇ ਭਰਾ ਸ. ਅਜੀਤ ਸਿੰਘ ਨਾਲ ਰਲ ਕੇ ਲਾਲਾ ਲਾਜਪਤ ਰਾਏ ਨਾਲ ਵਿਸ਼ੇਸ਼ ਸੰਪਰਕ ਪੈਦਾ ਕੀਤੇ। ਆਪ ਦੇ ਭਾਸ਼ਣ ਵਿਚ ਬਹੁਤ ਦਲੀਲ ਸੀ, ਜਿਸ ਕਾਰਨ ਸਰੋਤੇ ਆਪ ਵੱਲ ਕੀਲੇ ਚਲੇ ਆਉਂਦੇ ਸਨ।

ਸੰਨ ੧੯੦੫ ਈ. ਵਿਚ ਬੰਗਾਲ ਦੀ ਵੰਡ ਦੇ ਖ਼ਿਲਾਫ਼ ਸਾਰੇ ਦੇਸ਼ ਵਿਚ ਰੋਸ ਮੁਜ਼ਾਹਰੇ ਹੋ ਰਹੇ ਸਨ। ਪੰਜਾਬ ਦੇ ਲੋਕਾਂ ਵਿਚ ਇਸ ਵੰਡ ਕਾਰਨ ਬਹੁਤ ਗੁੱਸਾ ਸੀ। ਪੰਜਾਬ ਵਿਚ ਅੰਗਰੇਜ਼ਾਂ ਨੇ ਨਵੇਂ ਆਬਾਦਕਾਰਾਂ ਉੱਤੇ ਕਾਲੋਨਾਈਜੇਸ਼ਨ ਐਕਟ ਲਾਗੂ ਕਰ ਦਿੱਤਾ ਸੀ। ਸ. ਕਿਸ਼ਨ ਸਿੰਘ, ਸ. ਅਜੀਤ ਸਿੰਘ ਅਤੇ ਸ. ਸਵਰਨ ਸਿੰਘ, ਸੂਫੀ ਅੰਬਾ ਪ੍ਰਸਾਦ ਸਮੇਤ ਇਸ ਐਕਟ ਦਾ ਡਟ ਕੇ ਵਿਰੋਧ ਕਰ ਰਹੇ ਸਨ। ਹਜ਼ਾਰਾਂ ਹੀ ਕਿਸਾਨ ਇਸ ਅੰਦੋਲਨ ਵਿਚ ਸ਼ਿਰਕਤ ਕਰ ਰਹੇ ਸਨ। ਸੂਫੀ ਅੰਬਾ ਪ੍ਰਸਾਦ ਦੀ ਅਗਵਾਈ ਵਿਚ 'ਪੇਸ਼ਵਾ' ਅਖ਼ਬਾਰ ਅਤੇ ਕਿਤਾਬਚੇ ਛਾਪ ਕੇ ਵੰਡੇ ਗਏ। ਅੰਦੋਲਨ ਤੋਂ ਡਰਦੇ ਹੋਏ ਅੰਗਰੇਜ਼ਾਂ ਨੇ ਇਨ੍ਹਾਂ ਪ੍ਰਮੁੱਖ ਨੇਤਾਵਾਂ ਨੂੰ ਫੜ ਕੇ ਜੇਲ੍ਹ ਵਿਚ ਬੰਦ ਕਰ ਦਿੱਤਾ। ੧੯੦੪-੦੫ ਈ. ਨੂੰ ਰਾਜਪੂਤਾਨੇ ਦੇ ਇਲਾਕੇ ਵਿਚ ਕਾਲ ਪੈ ਗਿਆ। ਇੰਨੀ ਬੁਰੀ ਹਾਲਤ ਹੋਈ ਕਿ ਚਾਰੇ ਪਾਸੇ ਹਾਹਾਕਾਰ ਮੱਚ ਗਈ। ਸ. ਕਿਸ਼ਨ ਸਿੰਘ ਨੇ ਇਸ ਭਿਅੰਕਰ ਸਥਿਤੀ ਵਿਚ ਲੋਕਾਂ ਲਈ ਅਨਾਜ, ਰੋਟੀ ਤੇ ਕੱਪੜੇ ਦਾ ਪ੍ਰਬੰਧ ਕੀਤਾ ਅਤੇ ਜਿਹੜੇ ਬੱਚਿਆਂ ਦੇ ਮਾਂ-ਬਾਪ ਮਰ ਗਏ, ਉਨ੍ਹਾਂ ਲਈ ਇਕ ਯਤੀਮਖਾਨੇ ਦਾ ਪ੍ਰਬੰਧ ਵੀ ਕੀਤਾ, ਜਿਸ ਦੀ ਦੇਖਭਾਲ ਇਹ ਆਪ ਕਰਦੇ ਰਹੇ।

ਸ. ਸਵਰਨ ਵੀ ਆਪਣੇ ਵੱਡੇ ਭਰਾ ਸ. ਅਜੀਤ ਸਿੰਘ ਵਾਂਗ 'ਪਗੜੀ ਸੰਭਾਲ ਜੱਟਾ' ਐਜੀਟੇਸ਼ਨ ਵਿਚ ਵੱਧ-ਚੜ੍ਹ ਕੇ ਹਿੱਸਾ ਲੈਂਦੇ ਰਹੇ ਅਤੇ ਬਹੁਤ ਸਾਰੇ ਅਖ਼ਬਾਰ ਤੇ ਕਿਤਾਬਚਿਆਂ ਵਿਚ ਅੰਗਰੇਜ਼ ਸਰਕਾਰ ਦੀਆਂ ਕਾਲੀਆਂ ਕਰਤੂਤਾਂ ਨੂੰ ਲੋਕਾਂ ਸਾਹਮਣੇ ਲਿਆਂਦਾ। ਆਪ ਨੂੰ ਵੀ ਅੰਗਰੇਜ਼ਾਂ ਨੇ ਜੇਲ੍ਹ ਵਿਚ ਬੰਦ ਕਰ ਦਿੱਤਾ ਅਤੇ ਘੋਰ ਤਸੀਹੇ ਦਿੱਤੇ ਗਏ। ਆਪ ਤੋਂ ਅੰਦੋਲਨ ਦੇ ਭੇਤ ਪੁੱਛਣ ਲਈ ਕੋਹਲੂ ਅੱਗੇ ਬਲਦਾਂ ਦੀ ਥਾਂ 'ਤੇ ਜੋੜਿਆ ਜਾਂਦਾ ਰਿਹਾ। ਸੰਨ ੧੯੦੭ ਈ. ਵਿਚ ਆਪ ਨੂੰ ਵੀ ਹੋਰਨਾਂ ਕੈਦੀਆਂ ਨਾਲ ਰਿਹਾਅ ਕਰ ਦਿੱਤਾ ਗਿਆ, ਪਰ ਆਪ ਜੇਲ੍ਹ ਵਿਚ ਨਾਮੁਰਾਦ ਬਿਮਾਰੀ ਟੀ.ਬੀ. ਦਾ ਸ਼ਿਕਾਰ ਹੋ ਗਏ।

ਸ਼ਹੀਦ ਸ. ਭਗਤ ਸਿੰਘ ਦਾ ਜਨਮ ੨੮ ਸਤੰਬਰ, ੧੯੦੭ ਈ. ਨੂੰ ਸ. ਕਿਸ਼ਨ ਸਿੰਘ ਦੇ ਘਰ ਮਾਤਾ ਵਿਦਿਆਵਤੀ ਦੀ ਕੁੱਖੋਂ ਪਿੰਡ ਬੰਗਾ ਚੱਕ ੧੦੫ ਜ਼ਿਲ੍ਹਾ ਲਾਇਲਪੁਰ ਵਿਖੇ ਹੋਇਆ। ਸ. ਭਗਤ ਸਿੰਘ ਦੇ ਜਨਮ ਸਮੇਂ ਸਾਰੇ ਪਰਵਾਰ ਵਿਚ ਖੁਸ਼ੀ ਦੀ ਲਹਿਰ

ਦੌੜ ਗਈ। ਨਵੇਂ ਜਨਮੇ ਬੱਚੇ ਨੂੰ ਭਾਗਾਂ ਵਾਲਾ ਸਮਝਿਆ ਗਿਆ ਕਿਉਂਕਿ ਇਸੇ ਦਿਨ ਇਨ੍ਹਾਂ ਦੇ ਪਿਤਾ ਦੀ ਲਾਹੌਰ ਸੈਂਟਰਲ ਜੇਲ੍ਹ 'ਚੋਂ ਜ਼ਮਾਨਤ 'ਤੇ ਰਿਹਾਈ ਹੋਈ ਅਤੇ ਇਨ੍ਹਾਂ ਦੇ ਚਾਚਾ ਸ. ਅਜੀਤ ਸਿੰਘ ਦੇ ਮਾਂਡਲੇ ਜੇਲ੍ਹ (ਬਰਮਾਂ) ਵਿੱਚੋਂ ਰਿਹਾਈ ਦੇ ਹੁਕਮ ਜਾਰੀ ਹੋਏ ਅਤੇ ਛੋਟੇ ਚਾਚਾ ਸਵਰਨ ਸਿੰਘ ਦੀ ਉਸ ਦਿਨ ਜੇਲ੍ਹ 'ਚੋਂ ਰਿਹਾਈ ਹੋਈ। ਇਨ੍ਹਾਂ ਕਾਰਨਾਂ ਕਰਕੇ ਨਵਜਨਮੇ ਬੱਚੇ ਦਾ ਨਾਂ ਦਾਦੀ ਨੇ ਭਾਗਾਂ ਵਾਲਾ ਰੱਖ ਦਿੱਤਾ ਅਤੇ ਬਾਅਦ ਵਿਚ ਭਗਤ ਸਿੰਘ ਕਿਹਾ ਜਾਣ ਲੱਗ ਪਿਆ।

ਸੰਨ ੧੯੧੦ ਈ. ਵਿਚ ਜਦੋਂ ਆਪ ਦੀ ਉਮਰ ੩ ਸਾਲ ਦੇ ਲੱਗਭਗ ਸੀ, ਤਾਂ ਆਪ ਜੀ ਦੇ ਚਾਚਾ ਸ. ਸਵਰਨ ਸਿੰਘ ਜੀ ੨੨ ਸਾਲ ਦੀ ਉਮਰ ਵਿਚ ਜੇਲ੍ਹ ਦੇ ਤਸੀਹਿਆਂ ਨਾਲ ਸਹੇੜੀ ਬਿਮਾਰੀ ਕਾਰਨ ਇਸ ਸੰਸਾਰ ਨੂੰ ਸਦਾ ਲਈ ਅਲਵਿਦਾ ਕਹਿ ਗਏ।

ਸ. ਭਗਤ ਸਿੰਘ ਬਚਪਨ ਵਿਚ ਹੀ ਆਪਣੇ ਘਰ ਵਿਚ ਵਿਧਵਾ ਵਾਲਾ ਜੀਵਨ ਬਤੀਤ ਕਰ ਰਹੀ ਆਪਣੀ ਵੱਡੀ ਚਾਚੀ ਬੀਬੀ ਹਰਨਾਮ ਕੌਰ ਅਤੇ ਛੋਟੀ ਚਾਚੀ ਹੁਕਮ ਕੌਰ ਨੂੰ ਦੇਖਦਾ ਰਿਹਾ। ਜਿਸ ਤੋਂ ਉਸ ਦੇ ਮਨ ਵਿਚ ਬਚਪਨ ਤੋਂ ਹੀ ਅੰਗਰੇਜ਼ਾਂ ਪ੍ਰਤੀ ਘੋਰ ਨਫ਼ਰਤ ਪੈਦਾ ਹੋਣੀ ਸ਼ੁਰੂ ਹੋ ਗਈ ਸੀ।

ਸ. ਭਗਤ ਸਿੰਘ ਜੀ ਨੇ ਮੁੱਢਲੀ ਸਿੱਖਿਆ ਬੰਗਾ, ਜ਼ਿਲ੍ਹਾ ਲਾਇਲਪੁਰ ਤੋਂ ਪ੍ਰਾਪਤ ਕੀਤੀ। ਸ. ਭਗਤ ਸਿੰਘ ਦੀ ਉਮਰ ਉਸ ਵਕਤ ਕੋਈ ਸੱਤ ਕੁ ਸਾਲ ਦੀ ਸੀ ਜਦੋਂ ਬਜਬਜ ਘਾਟ 'ਤੇ ਜਹਾਜ਼ ਤੋਂ ਉਤਰਦੇ ਦੇਸ਼-ਭਗਤ ਗ਼ਦਰੀ ਬਾਬਿਆਂ ਨੂੰ ਅੰਗਰੇਜ਼ ਸਰਕਾਰ ਨੇ ਗੋਲੀਆਂ ਨਾਲ ਭੁੰਨ ਸੁੱਟਿਆ, ਕੁਝ ਨੂੰ ਸਮੁੰਦਰ ਦੇ ਖਾਰੇ ਪਾਣੀਆਂ ਵਿਚ ਡੋਬ ਦਿੱਤਾ ਗਿਆ ਅਤੇ ਜੋ ਬਚ ਗਏ ਉਨ੍ਹਾਂ ਨੂੰ ਜੇਲ੍ਹਾਂ ਵਿਚ ਬੰਦ ਕਰ ਦਿੱਤਾ ਗਿਆ। ਇਨ੍ਹਾਂ ਵਿੱਚੋਂ ਬਹੁਤ ਥੋੜ੍ਹੇ ਜਿਹੇ ਬਚਦੇ ਬਚਾਉਂਦੇ ਪੰਜਾਬ ਪਹੁੰਚ ਕੇ ਇਨਕਲਾਬੀ ਸਰਗਰਮੀਆਂ ਵਿਚ ਜੁਟ ਗਏ। ਇਨ੍ਹਾਂ ਦਿਨਾਂ ਵਿਚ ਹੀ ਸ. ਕਰਤਾਰ ਸਿੰਘ ਸਰਾਭਾ ਤੇ ਕਈ ਹੋਰ ਗ਼ਦਰੀਆਂ ਨੂੰ ਫਾਂਸੀ ਦੇ ਕੇ ਸ਼ਹੀਦ ਕਰ ਦਿੱਤਾ ਗਿਆ। ਇਨ੍ਹਾਂ ਘਟਨਾਵਾਂ ਬਾਰੇ ਉਹ ਆਪਣੇ ਘਰ ਵਿਚ ਹੁੰਦੀ ਵਿਚਾਰ ਚਰਚਾ ਤੋਂ ਜਾਣੂ ਹੁੰਦਾ ਰਹਿੰਦਾ ਸੀ ਅਤੇ ਆਪਣੇ ਮਨ ਵਿਚ ਅਸਰ ਕਬੂਲਦਾ ਰਹਿੰਦਾ। ਸ. ਕਰਤਾਰ ਸਿੰਘ ਸਰਾਭਾ ਦੀ ਸ਼ਹਾਦਤ ਅਤੇ ਲਾਹੌਰ ਸਾਜ਼ਿਸ਼ ਕੇਸ ਨੇ ਆਪ ਨੂੰ ਬਹੁਤ ਪ੍ਰਭਾਵਿਤ ਕੀਤਾ। ਸੰਨ ੧੯੧੬ ਈ. ਵਿਚ ਆਪ ਡੀ.ਏ.ਵੀ. ਸਕੂਲ ਲਾਹੌਰ ਵਿਚ ਦਾਖਲ ਹੋ ਗਏ। ਇੱਥੇ ਪੜ੍ਹਦਿਆਂ ਆਪ ਦਾ ਸੰਬੰਧ ਪ੍ਰਸਿੱਧ ਦੇਸ਼-ਭਗਤਾਂ ਨਾਲ ਹੋਇਆ। ਸੰਨ ੧੯੧੭ ਈ. ਵਿਚ ਰੂਸ ਵਿਚ ਇਨਕਲਾਬੀਆਂ ਨੇ ਉੱਥੋਂ ਦੀ ਰਾਜਾਸ਼ਾਹੀ, ਭੂਮੀਸ਼ਾਹੀ ਆਦਿ ਨੂੰ ਗੱਦੀ ਤੋਂ ਲਾਹ ਦਿੱਤਾ ਅਤੇ ਕਿਰਤੀ ਸ਼੍ਰੇਣੀ ਦਾ ਰਾਜ ਸਥਾਪਿਤ ਕਰ ਲਿਆ। ਇਸ ਕ੍ਰਾਂਤੀ ਨੇ ਦੁਨੀਆ-ਭਰ ਵਿਚ ਆਪਣਾ ਅਸਰ ਛੱਡਿਆ ਜਿਸ ਤੋਂ ਭਾਰਤ ਵਿਚਲੇ ਇਨਕਲਾਬੀਆਂ ਨੂੰ ਵੀ ਹੌਸਲਾ ਪ੍ਰਾਪਤ ਹੋਇਆ। ਸ. ਭਗਤ ਸਿੰਘ ਦਾ ਇਸ ਨਾਲ ਵੀ ਹੌਸਲਾ ਬੁਲੰਦ ਹੋਇਆ।

੧੩ ਅਪ੍ਰੈਲ, ੧੯੧੯ ਈ. ਨੂੰ ਜਲ੍ਹਿਆਂ ਵਾਲੇ ਬਾਗ ਸ੍ਰੀ ਅੰਮ੍ਰਿਤਸਰ ਸਾਹਿਬ ਦਾ ਖ਼ੂਨੀ ਸਾਕਾ ਵਾਪਰਿਆ, ਜਿਸ ਵਿਚ ਅੰਗਰੇਜ਼ ਸਰਕਾਰ ਨੇ ਅਨੇਕਾਂ ਹੀ ਨਿਹੱਥੇ ਭਾਰਤੀਆਂ ਨੂੰ ਤੋਪਾਂ ਬੰਦੂਕਾਂ ਦੀਆਂ ਗੋਲੀਆਂ ਨਾਲ ਭੁੰਨ ਸੁੱਟਿਆ। ਇਸ ਸਮੇਂ ਸ. ਭਗਤ

ਸਿੰਘ ਦੀ ਉਮਰ ੧੨ ਸਾਲ ਦੀ ਸੀ। ਸ. ਭਗਤ ਸਿੰਘ ਜਦੋਂ ਘਟਨਾ ਤੋਂ ਬਾਅਦ ਜਲ੍ਹਿਆਂ ਵਾਲੇ ਬਾਗ ਨੂੰ ਦੇਖਣ ਲਈ ਗਿਆ ਤਾਂ ਇਸ ਘਟਨਾ ਨੇ ਸ. ਭਗਤ ਸਿੰਘ ਦੇ ਮਨ ਵਿਚ ਅੰਗਰੇਜ਼ਾਂ ਵਿਰੁੱਧ ਸੰਘਰਸ਼ ਦੀ ਭਾਵਨਾ ਨੂੰ ਹੋਰ ਤੇਜ਼ ਕਰ ਦਿੱਤਾ। ਉਸ ਨੇ ਆਪਣੇ ਦੇਸ਼-ਵਾਸੀਆਂ ਦੇ ਹੋਏ ਖ਼ੂਨ-ਖਰਾਬੇ ਦਾ ਬਦਲਾ ਲੈਣ ਦੀ ਸਹੁੰ ਖਾਧੀ।

੧੭ ਜਨਵਰੀ ਤੋਂ ੧੯ ਜਨਵਰੀ ੧੯੨੧ ਈ. ਤਕ ਮਲੇਰਕੋਟਲੇ ਵਿਖੇ ਨਾਮਧਾਰੀ ਸ਼ਹੀਦਾਂ ਦੀ ਯਾਦ ਵਿਚ ਜੋੜ-ਮੇਲਾ ਮਨਾਇਆ ਗਿਆ। ਕੁਝ ਨਾਮਧਾਰੀ ਸਿੰਘਾਂ ਨੂੰ ਅੰਗਰੇਜ਼ ਸਰਕਾਰ ਨੇ ਸ੍ਰੀ ਅੰਮ੍ਰਿਤਸਰ ਸਾਹਿਬ, ਰਾਏਕੋਟ ਅਤੇ ਲੁਧਿਆਣਾ ਵਿਖੇ ਫ਼ਾਂਸੀ ਲਾ ਦਿੱਤਾ ਸੀ ਅਤੇ ੧੮੭੨ ਈ. ਵਿਚ ਮਲੇਰਕੋਟਲੇ ਵਿਖੇ ੬੬ ਨਾਮਧਾਰੀ ਸਿੰਘਾਂ ਨੂੰ ਸ਼ਹੀਦ ਕੀਤਾ ਗਿਆ ਸੀ। ਪੰਜਾਬ ਵਿਚ ਅੰਗਰੇਜ਼ਾਂ ਨੇ ਮੁਸਲਮਾਨਾਂ ਅਤੇ ਸਿੱਖਾਂ ਵਿਚ ਮਤਭੇਦ ਪੈਦਾ ਕਰਨ ਲਈ ਸ੍ਰੀ ਅੰਮ੍ਰਿਤਸਰ ਸਾਹਿਬ ਸ੍ਰੀ ਦਰਬਾਰ ਸਾਹਿਬ, ਘੰਟਾ-ਘਰ ਵਾਲੀ ਥਾਂ 'ਤੇ ਅਤੇ ਰਾਏਕੋਟ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਇਤਿਹਾਸਿਕ ਗੁਰਦੁਆਰਾ ਸਾਹਿਬ ਦੇ ਕੋਲ ਮੁਸਲਮਾਨਾਂ ਤੋਂ ਬੁੱਚੜਖਾਨੇ ਖੁਲ੍ਹਵਾ ਦਿੱਤੇ, ਜਿੱਥੇ ਗਊਆਂ ਕਤਲ ਕੀਤੀਆਂ ਜਾਣ ਲੱਗ ਪਈਆਂ। ਇਸ ਦਾ ਬਾਬਾ ਰਾਮ ਸਿੰਘ ਅਤੇ ਨਾਮਧਾਰੀ ਸਿੰਘਾਂ ਨੇ ਡੱਟ ਕੇ ਵਿਰੋਧ ਕੀਤਾ ਅਤੇ ਪ੍ਰਤੀਕਰਮ ਵਜੋਂ ਸ੍ਰੀ ਅੰਮ੍ਰਿਤਸਰ ਸਾਹਿਬ ਅਤੇ ਰਾਏਕੋਟ ਦੇ ਕਈ ਬੁੱਚੜਾਂ ਨੂੰ ਕਤਲ ਕਰ ਕੇ ਗਊਆਂ ਨੂੰ ਅਜ਼ਾਦ ਕਰ ਦਿੱਤਾ। ਇਸ ਦੋਸ਼ ਵਿਚ ਇਹ ਉਪਰੋਕਤ ਸਾਕਾ ਵਾਪਰਿਆ ਜਿਸ ਦਾ ਜੋੜ-ਮੇਲਾ ਮਨਾਇਆ ਜਾ ਰਿਹਾ ਸੀ। ਇਸ ਜੋੜ-ਮੇਲੇ ਵਿਚ ਸ. ਭਗਤ ਸਿੰਘ ਆਪਣੇ ਪਿਤਾ ਸ. ਕਿਸ਼ਨ ਸਿੰਘ ਨਾਲ ਦੁਆਬੇ ਦੇ ਮਸ਼ਹੂਰ ਪਿੰਡ ਮੁੱਠਲਾ ਕਲਾਂ ਵਿਚ ਸ਼ਾਮਲ ਹੋਏ, ਜਿੱਥੇ ਚੋਟੀ ਦੇ ਆਗੂਆਂ ਨੇ ਸ਼ਹੀਦਾਂ ਨੂੰ ਸ਼ਰਧਾਂਜਲੀ ਦਿੱਤੀ।

੧੯ ਫਰਵਰੀ ੧੯੨੧ ਈ. ਨੂੰ ਸ੍ਰੀ ਨਨਕਾਣਾ ਸਾਹਿਬ ਦੇ ਮਹੰਤ ਨਰੈਣ ਦਾਸ ਦੇ ਗੁੰਡਿਆਂ ਨੇ ਅੰਗਰੇਜ਼ ਸਰਕਾਰ ਦੀ ਸ਼ਹਿ 'ਤੇ ਨਿਹੱਥੇ ਸਿੰਘਾਂ ਨੂੰ ਬੜੀ ਬੇਦਰਦੀ ਨਾਲ ਸ਼ਹੀਦ ਕੀਤਾ ਗਿਆ। ਜਥੇ ਦੇ ਆਗੂ ਜਥੇਦਾਰ ਲਛਮਣ ਸਿੰਘ ਨੂੰ ਜੰਡ ਨਾਲ ਬੰਨ੍ਹ ਕੇ ਅੱਗ ਲਾ ਕੇ ਕਤਲ ਕਰ ਦਿੱਤਾ ਗਿਆ। ਇਸ ਘਟਨਾ ਨਾਲ ਸਾਰੇ ਪਾਸੇ ਹਾਹਾਕਾਰ ਮੱਚ ਗਈ। ਇਸ ਸਾਕੇ ਤੋਂ ਬਾਅਦ ਸ. ਭਗਤ ਸਿੰਘ ਨਨਕਾਣਾ ਸਾਹਿਬ ਦੇ ਦਰਸ਼ਨ ਕਰਨ ਲਈ ਗਏ ਅਤੇ ਸਾਰੇ ਸਾਕੇ ਤੋਂ ਬਾਅਦ ਦਾ ਹਾਲ ਆਪਣੀ ਅੱਖੀਂ ਦੇਖਿਆ। ਭਗਤ ਸਿੰਘ ਉੱਥੋਂ ਵਾਪਸ ਆਉਂਦਾ ਹੋਇਆ ਸ਼ਹੀਦਾਂ ਦਾ ਇਕ ਕੈਲੰਡਰ ਵੀ ਲੈ ਕੇ ਆਇਆ। ਇਸ ਘਟਨਾ ਦੇ ਰੋਸ 'ਚ ੫ ਮਾਰਚ ਨੂੰ ਇਕ ਵੱਡੀ ਰੋਸ ਰੈਲੀ ਕੀਤੀ ਗਈ। ਸ. ਭਗਤ ਸਿੰਘ ਨੇ ਵੀ ਕਾਲੇ ਰੰਗ ਦੀ ਪੱਗ ਬੰਨ੍ਹ ਕੇ ਇਸ ਵਿਚ ਸ਼ਿਰਕਤ ਕੀਤੀ ਅਤੇ ਅੱਗੇ ਤੋਂ ਕਾਲੇ ਰੰਗ ਦੀ ਹੀ ਪੱਗ ਬੰਨ੍ਹਣੀ ਸ਼ੁਰੂ ਕਰ ਦਿੱਤੀ। ਜਦੋਂ ਸ. ਭਗਤ ਸਿੰਘ ਦਸਵੀਂ ਜਮਾਤ ਵਿਚ ਪੜ੍ਹਦਾ ਸੀ, ਤਾਂ ਉਸ ਸਮੇਂ ਦੇਸ਼ ਵਿਚ ਅੰਗਰੇਜ਼ਾਂ ਵਿਰੁੱਧ ਨਾ-ਮਿਲਵਰਤਨ ਲਹਿਰ ਸ਼ੁਰੂ ਹੋ ਗਈ। ਸ. ਭਗਤ ਸਿੰਘ ਨੇ ਵੀ ਡੀ.ਏ.ਵੀ. ਸਕੂਲ ਛੱਡ ਕੇ ਲਾਹੌਰ ਦੇ ਨਵੇਂ ਖੁੱਲ੍ਹੇ ਨੈਸ਼ਨਲ ਕਾਲਜ ਵਿਚ ਦਾਖ਼ਲਾ ਲੈ ਲਿਆ ਅਤੇ ਨਾ-ਮਿਲਵਰਤਨ ਲਹਿਰ ਵਿਚ ਹਿੱਸਾ ਲਿਆ। ਨੈਸ਼ਨਲ ਕਾਲਜ ਕ੍ਰਾਂਤੀਕਾਰੀਆਂ ਦਾ ਗੜ੍ਹ ਸੀ। ਇੱਥੇ ਸ. ਭਗਤ ਸਿੰਘ ਦਾ ਮੇਲ

ਸੁਖਦੇਵ, ਭਗਵਤੀ ਚਰਨ ਵੋਹਰਾ ਅਤੇ ਰਣਬੀਰ ਸਿੰਘ ਨਾਲ ਹੋਇਆ। ਸ. ਭਗਤ ਸਿੰਘ ਐਫ.ਏ. ਦੀ ਸਿੱਖਿਆ ਪ੍ਰਾਪਤ ਕਰਨ ਤੋਂ ਬਾਅਦ ਕਾਨਪੁਰ ਚਲਾ ਗਿਆ, ਜਿੱਥੇ ਆਪ ਦਾ ਮੇਲ ਬੀ.ਕੇ. ਦੱਤ, ਚੰਦਰ ਸ਼ੇਖਰ ਅਜ਼ਾਦ ਅਤੇ ਰਾਮ ਪ੍ਰਸ਼ਾਦ ਬਿਸਮਲਾ ਵਰਗੇ ਦੇਸ਼-ਭਗਤਾਂ ਨਾਲ ਹੋਇਆ। ੧੯੨੪ ਈ. ਵਿਚ ਆਪ ਵਾਪਸ ਲਾਹੌਰ ਆ ਗਏ।

ਮਾਰਚ ੧੯੨੪ ਈ. ਵਿਚ ਜੈਤੋ ਦਾ ਮੋਰਚਾ ਸ਼ੁਰੂ ਹੋ ਗਿਆ। ਅੰਗਰੇਜ਼ ਸਰਕਾਰ ਨੇ ਐਲਾਨ ਕਰ ਦਿੱਤਾ ਕਿ ਕੋਈ ਵੀ ਵਿਅਕਤੀ ਜਥੇ ਦੇ ਮੈਂਬਰਾਂ ਨੂੰ ਪਾਣੀ ਤਕ ਨਾ ਪਿਲਾਵੇ। ਇਸ ਚੁਣੌਤੀ ਨੂੰ ਸਵੀਕਾਰ ਕਰਦਿਆਂ ਸ. ਭਗਤ ਸਿੰਘ ਨੇ ੧੩ਵੇਂ ਸ਼ਹੀਦੀ ਜਥੇ ਨੂੰ ਆਪਣੇ ਪਿੰਡ ਵਿਚ ਲੰਗਰ ਛਕਾਇਆ। ਜਦੋਂ ਅੰਗਰੇਜ਼ ਸਰਕਾਰ ਨੂੰ ਪਤਾ ਲੱਗਾ ਤਾਂ ਉਨ੍ਹਾਂ ਨੇ ਸ. ਭਗਤ ਸਿੰਘ ਦੀ ਗ੍ਰਿਫਤਾਰੀ ਦੇ ਵਰੰਟ ਜਾਰੀ ਕਰ ਦਿੱਤੇ। ਪਿਤਾ ਜੀ ਨੇ ਆਪ ਨੂੰ ਕਾਨਪੁਰ ਭੇਜ ਦਿੱਤਾ। ਗਣੇਸ਼ ਸ਼ੰਕਰ ਵਿਦਿਆਰਥੀ ਨੇ ਆਪ ਨੂੰ ਅਲੀਗੜ੍ਹ ਜ਼ਿਲ੍ਹੇ ਦੇ ਪਿੰਡ ਸਾਦੀਪੁਰ ਵਿਚ ਨੈਸ਼ਨਲ ਸਕੂਲ ਦੇ ਹੈੱਡਮਾਸਟਰ ਲਗਾ ਦਿੱਤਾ। ਸੰਨ ੧੯੨੫ ਈ. ਤਕ ਸ. ਭਗਤ ਸਿੰਘ ਦਾ ਲਾਹੌਰ ਤੋਂ ਕਾਨਪੁਰ ਆਉਣਾ ਜਾਣਾ ਹੁੰਦਾ ਰਿਹਾ।

੧੯੨੫ ਈ. ਵਿਚ ਆਪ ਨੇ ਜੋਸ਼ੀਲੇ ਨੌਜਵਾਨਾਂ ਨੂੰ ਇਕੱਠੇ ਕਰ ਕੇ ਨੌਜਵਾਨ ਸਭਾ ਭਾਰਤ ਦੀ ਨੀਂਹ ਰੱਖੀ। ਆਪ ਜੀ ਦੇ ਬਹੁਤ ਸਾਰੇ ਸਾਥੀਆਂ ਨੂੰ ਗ੍ਰਿਫਤਾਰ ਕਰ ਲਿਆ ਗਿਆ। ਸਾਥੀਆਂ ਦੀ ਗ੍ਰਿਫਤਾਰੀ ਤੋਂ ਬਾਅਦ ਪਾਰਟੀ ਦਾ ਸਾਰਾ ਕੰਮ ਆਪ ਦੇ ਮੋਢਿਆ ’ਤੇ ਆ ਗਿਆ। ਅਕਤੂਬਰ ੧੯੨੫ ਈ. ਵਿਚ ਲਾਹੌਰ ਵਿਖੇ ਦੁਸਹਿਰੇ ਦੇ ਮੌਕੇ ’ਤੇ ਇਕ ਬੰਬ ਧਮਾਕਾ ਹੋਇਆ ਜਿਸ ਵਿਚ ਸ਼ੱਕ ਦੇ ਆਧਾਰ ’ਤੇ ਸ. ਭਗਤ ਸਿੰਘ ਨੂੰ ਗ੍ਰਿਫਤਾਰ ਕਰ ਲਿਆ ਗਿਆ ਅਤੇ ਬਾਅਦ ਵਿਚ ਰਿਹਾਅ ਕਰ ਦਿੱਤਾ ਗਿਆ। ਸੰਨ ੧੯੨੮ ਈ. ਵਿਚ ਇਨ੍ਹਾਂ ਨੇ ਆਪਣੀ ਪਾਰਟੀ ਦਾ ਨਾਂ ਬਦਲ ਕੇ ਰੀਪਬਲਿਕ ਪਾਰਟੀ ਰੱਖ ਲਿਆ।

ਸ. ਭਗਤ ਸਿੰਘ ਅਤੇ ਸਾਥੀ ਫਿਰੋਜ਼ਪੁਰ ਸ਼ਹਿਰ ਵਿਚ ਰਹਿ ਕੇ ਆਪਣੀਆਂ ਸਰਗਰਮੀਆਂ ਚਲਾਉਂਦੇ ਰਹੇ। ਸ. ਭਗਤ ਸਿੰਘ ਅਤੇ ਉਸ ਦੇ ਸਾਥੀ ਆਪਣੇ ਗੁਪਤਵਾਸ ਦਾ ਸਮਾਂ ਫਿਰੋਜ਼ਪੁਰ ਸ਼ਹਿਰ ਦੇ ਤੂੜੀ ਬਜ਼ਾਰ ਦੇ ਇਕ ਚੁਬਾਰੇ ਵਿਚ ਗੁਜ਼ਾਰਦੇ ਰਹੇ। ਇਸ ਚੁਬਾਰੇ ਦੇ ਥੱਲੇ ਇਕ ਬੰਗਾਲੀ ਡਾਕਟਰ ਦੀ ਦੁਕਾਨ ਸੀ। ਇਸ ਬਜ਼ਾਰ ਦਾ ਨਾਂ ਅਜ਼ਾਦੀ ਤੋਂ ਬਾਅਦ ‘ਸ਼ਹੀਦ-ਏ-ਆਜਮ ਭਗਤ ਸਿੰਘ’ ਰੱਖਿਆ ਗਿਆ ਹੈ।

੩੦ ਅਕਤੂਬਰ, ੧੯੨੮ ਈ. ਨੂੰ ਸਾਈਮਨ ਕਮਿਸ਼ਨ ਲਾਹੌਰ ਆਇਆ ਤਾਂ ਦੇਸ਼-ਵਾਸੀਆਂ ਨੇ ਕਾਲੀਆਂ ਝੰਡੀਆਂ ਨਾਲ ਉਸ ਦਾ ਵਿਰੋਧ ਕੀਤਾ। ਸ. ਭਗਤ ਸਿੰਘ ਅਤੇ ਉਸ ਦੇ ਸਾਥੀ ਵੀ ਇਸ ਜਲੂਸ ਵਿਚ ਸ਼ਾਮਲ ਸਨ। ਅੰਗਰੇਜ਼ ਸਰਕਾਰ ਦੀ ਪੁਲਿਸ ਨੇ ਮੁਜ਼ਾਹਰਾਕਾਰੀਆਂ ’ਤੇ ਲਾਠੀਚਾਰਜ ਕੀਤਾ ਜਿਸ ਨਾਲ ਬਹੁਤ ਸਾਰੇ ਮੁਜ਼ਾਹਰਾਕਾਰੀ ਜ਼ਖਮੀ ਹੋ ਗਏ, ਜਿਨ੍ਹਾਂ ਵਿਚ ਲਾਲਾ ਲਾਜਪਤ ਰਾਏ ਵੀ ਸ਼ਾਮਲ ਸਨ, ਉਨ੍ਹਾਂ ਦੇ ਵੀ ਕੁਝ ਲਾਠੀਆਂ ਲੱਗੀਆਂ। ਲਾਲਾ ਲਾਜਪਤ ਰਾਏ ਨੇ ਪੰਡਿਤ ਜਵਾਹਰ ਲਾਲ ਨਹਿਰੂ ਨਾਲ ਦਿੱਲੀ ਜਾ ਕੇ ਮੀਟਿੰਗ ਕੀਤੀ, ਪਰ ਉੱਥੋਂ ਉਹ ਕੁਝ ਤਕਰਾਰ ਤੋਂ ਬਾਅਦ ਵਾਪਸ ਆ

ਗਏ ਅਤੇ ਜੋ ਕੁਝ ਦਿਨਾਂ ਬਾਅਦ ੧੭ ਨਵੰਬਰ, ੧੯੨੮ ਈ. ਨੂੰ ਅਕਾਲ ਚਲਾਣਾ ਕਰ ਗਏ। ਲਾਲਾ ਲਾਜਪਤ ਰਾਏ ਦੀ ਮੌਤ ਦੀ ਖ਼ਬਰ ਸਾਰੇ ਪਾਸੇ ਫੈਲ ਗਈ। ਜਦੋਂ ਇਸ ਖ਼ਬਰ ਦਾ ਬੰਗਾਲ ਦੇ ਚਤਰੰਜਨ ਦਾਸ ਮੁਨਸ਼ੀ ਦੀ ਪਤਨੀ ਬਸੰਤੀ ਦੇਵੀ ਨੂੰ ਪਤਾ ਲੱਗਾ ਤਾਂ ਉਸ ਨੇ ਪੰਜਾਬੀਆਂ ਨੂੰ ਤਾਅਨੇ ਭਰਿਆ ਉਲਾਂਭਾ ਦਿੰਦੇ ਹੋਏ ਨਾਅਰਾ ਮਾਰਿਆ ਕਿ ਲਗਦਾ ਹੈ, ਬਹਾਦਰ ਪੰਜਾਬੀਆਂ ਦਾ ਲਹੂ ਸਫੈਦ ਹੋ ਗਿਆ ਹੈ। ਐਨਾ ਵੱਡਾ ਲੀਡਰ ਮਾਰਿਆ ਗਿਆ, ਪੰਜਾਬ ਨੇ ਇਹ ਕਿਵੇਂ ਬਰਦਾਸ਼ਤ ਕਰ ਲਿਆ? ਸ. ਭਗਤ ਸਿੰਘ ਅਤੇ ਉਸ ਦੇ ਸਾਥੀਆਂ ਨੇ ਅੰਗਰੇਜ਼ਾਂ ਦੇ ਤਸ਼ੱਦਦ ਨਿਹੱਥੇ ਭਾਰਤੀਆਂ 'ਤੇ ਹੁੰਦੇ ਦੇਖੇ ਸਨ ਅਤੇ ਉਨ੍ਹਾਂ ਨੇ ਬਸੰਤੀ ਦੇਵੀ ਦੀ ਚੁਣੌਤੀ ਨੂੰ ਕਬੂਲ ਕਰ ਕੇ ਅੰਗਰੇਜ਼ਾਂ ਤੋਂ ਆਪਣੇ ਦੇਸ਼-ਵਾਸੀਆਂ 'ਤੇ ਹੁੰਦੇ ਅੰਨੇ ਤਸ਼ੱਦਦ ਦਾ ਬਦਲਾ ਲੈਣ ਦਾ ਪ੍ਰਣ ਕਰ ਲਿਆ। ਲਾਠੀਚਾਰਜ ਕਰਨ ਦਾ ਹੁਕਮ ਅੰਗਰੇਜ਼ ਅਫਸਰ ਮਿ. ਸਕਾਟ ਨੇ ਦਿੱਤਾ ਸੀ। ੧੯ ਦਸੰਬਰ, ੧੯੨੮ ਈ. ਨੂੰ ਸ. ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਨੇ ਮਿ. ਸਕਾਟ ਦੇ ਭੁਲੇਖੇ ਪੁਲਿਸ ਅਫਸਰ ਮਿ. ਸਾਂਡਰਸ ਦੀ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ। ਸਾਂਡਰਸ ਦੇ ਕਤਲ ਤੋਂ ਬਾਅਦ ਸ. ਭਗਤ ਸਿੰਘ ਫਿਰੋਜ਼ਪੁਰ ਸ਼ਹਿਰ ਚਲੇ ਗਏ ਅਤੇ ਤੂੜੀ ਬਜ਼ਾਰ ਵਾਲੇ ਚੁਬਾਰੇ ਵਿਚ ਪਹੁੰਚ ਗਏ। ਇੱਥੇ ਉਸ ਦੇ ਚੁਬਾਰੇ ਦੇ ਸਾਹਮਣੇ ਗੰਜੀਆ ਨਾਈ ਰਹਿੰਦਾ ਸੀ, ਜਿਸ ਦੀ ਮਦਦ ਨਾਲ ਉਹ ਆਪਣਾ ਭੇਸ ਬਦਲ ਕੇ ਸਾਥੀਆਂ ਸਮੇਤ ਕਲਕੱਤੇ ਚਲਾ ਗਿਆ।

੮ ਅਪ੍ਰੈਲ, ੧੯੨੯ ਈ. ਨੂੰ ਸ. ਭਗਤ ਸਿੰਘ ਅਤੇ ਬੀ.ਕੇ. ਦੱਤ ਨੇ ਬ੍ਰਿਟਿਸ਼ ਹਕੂਮਤ ਦੇ ਕਾਲੇ ਕਾਨੂੰਨਾਂ ਵਿਰੁੱਧ ਰੋਸ ਪ੍ਰਗਟ ਕਰਨ ਲਈ ਐਸੰਬਲੀ ਹਾਲ ਵਿਚ ਬੰਬ ਸੁੱਟਿਆ ਅਤੇ ਆਪਣੀਆਂ ਮੰਗਾਂ ਦੇ ਇਸ਼ਤਿਹਾਰ ਵੀ ਵੰਡੇ। ਇੱਥੋਂ ਆਪ ਨੂੰ ਗ੍ਰਿਫ਼ਤਾਰ ਕਰ ਕੇ ਆਪ 'ਤੇ ਮੁਕੱਦਮਾ ਚਲਾਇਆ ਗਿਆ। ਸ. ਭਗਤ ਸਿੰਘ ਨੇ ਆਪਣੇ ਕੇਸ ਦੀ ਪੈਰਵਾਈ ਆਪ ਕੀਤੀ ਅਤੇ ਅਦਾਲਤ ਵਿਚ ਦਿੱਤੇ ਗਏ ਉਨ੍ਹਾਂ ਦੇ ਭਾਸ਼ਣ ਅਜ਼ਾਦੀ ਦੀ ਲੜਾਈ ਦੇ ਮਹਾਨ ਦਸਤਾਵੇਜ਼ ਬਣ ਗਏ, ਜਿਨ੍ਹਾਂ ਨਾਲ ਲੋਕਾਂ ਵਿਚ ਜੋਸ਼ ਦੀ ਲਹਿਰ ਫੈਲ ਗਈ।

ਜੇਲ੍ਹ ਵਿਚ ਸ. ਭਗਤ ਸਿੰਘ ਦਾ ਮੇਲ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਨਾਲ ਹੋਇਆ। ਇਨ੍ਹਾਂ ਦੋਹਾਂ ਇਨਕਲਾਬੀਆਂ ਦੀ ਮਿਲਣੀ ਬਾਰੇ ਪ੍ਰਸਿੱਧ ਲੇਖਕ ਸ. ਜਸਵੰਤ ਸਿੰਘ ਕੰਵਲ ਨੇ ਆਪਣੀ ਲਿਖਤ ਵਿਚ ਬਿਆਨ ਕੀਤਾ ਹੈ ਕਿ ਜਦੋਂ ਦੋਵੇਂ ਸ਼ਖ਼ਸੀਅਤਾਂ ਦਾ ਜੇਲ੍ਹ ਵਿਚ ਮਿਲਾਪ ਹੋਇਆ ਤਾਂ ਸ. ਭਗਤ ਸਿੰਘ ਨੇ ਭਾਈ ਸਾਹਿਬ ਦੇ ਪੈਰੀਂ ਹੱਥ ਲਾਏ ਤਾਂ ਭਾਈ ਸਾਹਿਬ ਨੇ ਕਿਹਾ ਕਿ "ਗੁਰੂ ਕਿਆ ਸਿੱਖਾ! ਸਿੱਖੀ ਵਿਚ ਪੈਰੀਂ ਹੱਥ ਲਾਉਣਾ ਮਨਮਤ ਹੈ। ਫਤਿਹ ਗਜਾਅ ਅਤੇ ਸ. ਭਗਤ ਸਿੰਘ ਨੂੰ ਆਪਣੀ ਬੁੱਕਲ ਦੇ ਵਿਚ ਲੈਂਦਿਆਂ ਕਿਹਾ ਕਿ, ਤੂੰ ਗੁਰੂ ਦੇ ਬਹਾਦਰ ਸਿੰਘ ਸੂਰਮਿਆਂ ਵਾਲਾ ਕੰਮ ਕੀਤਾ ਹੈ। ਧੰਨ ਤੂੰ ਤੇ ਧੰਨ ਤੇਰੀ ਜਣਨੀ।" ਸ. ਭਗਤ ਸਿੰਘ ਨੇ ਇਸ ਦੇ ਜਵਾਬ ਵਿਚ ਕਿਹਾ ਕਿ "ਅਸੀਂ ਤੁਹਾਡੇ ਬੱਚੇ ਹਾਂ ਅਤੇ ਅਜ਼ਾਦੀ ਸ਼ਮ੍ਹਾ ਦੇ ਪਰਵਾਨੇ ਅਤੇ ਅਜ਼ਾਦੀ ਦਾ ਫੁੱਲ ਪ੍ਰਾਪਤ ਕਰਨ ਲਈ ਕੰਡਿਆਲੀ ਤਾਰ ਤੋੜਨੀ ਹੀ ਪੈਣੀ ਹੈ।" ਭਾਈ ਸਾਹਿਬ ਨੇ

ਨਸੀਹਤ ਦਿੰਦੇ ਹੋਏ ਕਿਹਾ ਕਿ "ਜਜ਼ਬਾਤ ਕੱਚਾ ਸੋਨਾ ਹੁੰਦੇ ਹਨ, ਇਨ੍ਹਾਂ ਨੂੰ ਕੁਰਬਾਨੀ ਹੀ ਸ਼ੁੱਧ ਸੋਨਾ ਬਣਾਉਂਦੀ ਹੈ।" ਸ. ਭਗਤ ਸਿੰਘ ਨੇ ਭਾਈ ਸਾਹਿਬ ਦੇ ਵਿਚਾਰਾਂ ਤੋਂ ਪ੍ਰਭਾਵਿਤ ਹੋ ਕੇ ਉਨ੍ਹਾਂ ਤੋਂ ਦਿਸ਼ਾ-ਨਿਰਦੇਸ਼ ਲੈ ਕੇ ਚੱਲਣ ਦਾ ਫੈਸਲਾ ਕਰ ਲਿਆ, ਪਰ ਭਾਈ ਸਾਹਿਬ ਨੇ ਉਸ ਨੂੰ ਕਿਹਾ, "ਜੇਕਰ ਇਰਾਦਾ ਇੰਨਾ ਪੱਕਾ ਹੈ ਤਾਂ ਗੁਰੂ ਜ਼ਰੂਰ ਸਹਾਈ ਹੋਵੇਗਾ ਅਤੇ ਫਤਿਹ ਹਾਸਲ ਹੋਵੇਗੀ, ਪਰ ਇੰਨੇ ਨਿੱਗਰ ਨਿਸ਼ਚੇ ਵਾਲਾ ਗੁਰੂ ਮਰਯਾਦਾ ਤੋਂ ਕਿਉਂ ਆਕੀ ਹੋਇਆ? ਕੀ ਤੇਰਾ ਗੁਰੂ ਸਾਹਿਬ ਵਿਚ ਵਿਸ਼ਵਾਸ ਨਹੀਂ?" ਸ. ਭਗਤ ਸਿੰਘ ਨੇ ਕਿਹਾ ਕਿ "ਉਨ੍ਹਾਂ ਦਾ ਗੁਰੂ ਸਾਹਿਬਾਨ ਵਿਚ ਪੂਰਾ ਵਿਸ਼ਵਾਸ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਤਾਂ ਅਜ਼ਾਦੀ ਲਈ ਸਰਬੰਸ ਕੁਰਬਾਨ ਕਰ ਦਿੱਤਾ, ਉਹ ਦੇਸ਼-ਭਗਤਾਂ ਦੇ ਸਿਰਤਾਜ ਹਨ, ਅਜਿਹੀ ਕੁਰਬਾਨੀ ਦੀ ਮਿਸਾਲ ਦੁਨੀਆ ਦੀ ਤਾਰੀਖ 'ਚੋਂ ਕਿਤੇ ਨਹੀਂ ਮਿਲਦੀ।" ਸ. ਭਗਤ ਸਿੰਘ ਨੇ ਦਾੜ੍ਹੀ ਕੇਸ ਰੱਖਣ ਦਾ ਵਾਅਦਾ ਕੀਤਾ। ਭਾਈ ਸਾਹਿਬ ਨੇ ਕਿਹਾ ਕਿ "ਇੱਥੇ ਨਿਰੀ ਦਾੜ੍ਹੀ ਕੇਸਾਂ ਦੀ ਗੱਲ ਨਹੀਂ, ਗੱਲ ਗੁਰੂ 'ਤੇ ਸਿਦਕ ਤੇ ਵਿਸ਼ਵਾਸ ਦੀ ਹੈ। ਅਜ਼ਾਦੀ ਦਾ ਪਤੰਗਾ ਤਾਂ ਬਣਿਆ ਹੀ ਹੈਂ, ਗੁਰੂ ਦਾ ਸਿਦਕ ਵੀ ਰੱਖ ਲੈ ਜਾਂ ਭਗੌੜਾ ਹੋ ਜਾ।" ਸ. ਭਗਤ ਸਿੰਘ ਨੇ ਭਾਈ ਸਾਹਿਬ ਨੂੰ ਕਿਹਾ ਕਿ "ਗੁਰੂ ਤੋਂ ਬੇਮੁਖ ਹੋ ਕੇ ਤਾਂ ਮੈਂ ਮਿੱਟੀ ਹੀ ਹੋ ਜਾਵਾਂਗਾ।" ਭਾਈ ਸਾਹਿਬ ਨੇ ਉਸ ਨੂੰ ਨਿੱਘੇ ਪਿਆਰ ਨਾਲ ਬੁੱਕਲ ਵਿਚ ਘੁੱਟ ਲਿਆ ਅਤੇ ਦੋਵੇਂ ਮਹਾਨ ਸ਼ਖ਼ਸੀਅਤਾਂ ਇਕਮਿਕ ਹੋ ਗਈਆਂ।

ਇੱਥੇ ਇਕ ਗੱਲ ਹੋਰ ਵਰਣਨਯੋਗ ਹੈ ਕਿ ਅਲੱਗ-ਅਲੱਗ ਵਿਦਵਾਨਾਂ ਦੇ ਸ. ਭਗਤ ਸਿੰਘ ਦੇ ਨਾਸਤਿਕ ਹੋਣ ਬਾਰੇ ਅਲੱਗ-ਅਲੱਗ ਵਿਚਾਰ ਹਨ। ਜਦੋਂ ਉਸ ਦੇ ਦੋਸਤ ਉਸ ਤੋਂ ਵਾਰ-ਵਾਰ ਉਸ ਦੇ ਨਾਸਤਿਕ ਹੋਣ ਦੀ ਥੀਉਰੀ ਬਾਰੇ ਪੁੱਛਦੇ ਹਨ ਤਾਂ ਸ. ਭਗਤ ਸਿੰਘ ਇਸ ਬਾਰੇ ਤਰਕ-ਭਰਪੂਰ ਰਾਇ ਦਿੰਦੇ ਹਨ ਕਿ ਉਹ ਨਾਸਤਿਕ ਨਹੀਂ ਹਨ। ਉਹ ਤਾਂ ਸਿਰਫ ਪਰਮਾਤਮਾ ਦੇ ਨਾਂ 'ਤੇ ਕੀਤੇ ਜਾਂਦੇ ਅੰਧ-ਵਿਸ਼ਵਾਸਾਂ ਨੂੰ ਨਹੀਂ ਮੰਨਦੇ, ਪਰ ਉਨ੍ਹਾਂ ਦਾ ਰੱਬ ਦੀ ਹੋਂਦ ਵਿਚ ਪੂਰਾ ਵਿਸ਼ਵਾਸ ਹੈ। ਉਨ੍ਹਾਂ ਨੇ ਅੰਗਰੇਜ਼ੀ ਵਿਚ ਆਪਣਾ ਲੇਖ 'ਮੈਂ ਨਾਸਤਿਕ ਕਿਉਂ ਹਾਂ' ਲਿਖਿਆ ਜੋ ਅੰਗਰੇਜ਼ੀ ਅਖ਼ਬਾਰ 'ਦੀ ਪੀਪਲ' ਵਿਚ ਲਾਹੌਰ ਤੋਂ ਪ੍ਰਕਾਸ਼ਿਤ ਹੋਇਆ ਸੀ ਅਤੇ ਜਿਸ ਦਾ ਅਨੁਵਾਦ ਬਾਅਦ ਵਿਚ ਹਰ ਭਾਸ਼ਾ ਵਿਚ ਹੋਇਆ ਹੈ। ਉਸ ਵਿਚ ਸ. ਭਗਤ ਸਿੰਘ ਦੱਸਦੇ ਹਨ ਕਿ "ਧਰਮ ਆਪਣੇ ਦੇਸ਼ ਲਈ ਸ਼ਹੀਦ ਹੋਣ ਲਈ ਸੌਖਾ ਕਰ ਦਿੰਦਾ ਹੈ ਤੇ ਅੰਧ-ਵਿਸ਼ਵਾਸ ਮਨੁੱਖੀ ਕਮਜ਼ੋਰੀ ਦਾ ਪ੍ਰਮਾਣ ਬਣ ਜਾਂਦਾ ਹੈ, ਜੋ ਬਹੁਤ ਖ਼ਤਰਨਾਕ ਹੁੰਦਾ ਹੈ। ਸੋ ਇਸ ਪੱਖੋਂ ਮੈਂ ਰੱਬ ਨੂੰ ਤਾਂ ਮੰਨਦਾ ਹਾਂ ਪਰ ਅੰਧ-ਵਿਸ਼ਵਾਸ ਦੇ ਵਿਰੁੱਧ ਹਾਂ।" ਅਦਾਲਤ ਵਿਚ ਬੰਬ ਸੁੱਟਣ ਦੇ ਕੇਸ ਵਿਚ ਸ. ਭਗਤ ਸਿੰਘ ਤੇ ਬੀ.ਕੇ. ਦੱਤ ਨੂੰ ਕਾਲੇਪਾਣੀ ਦੀ ਸਜ਼ਾ ਸੁਣਾਈ ਗਈ। ਇਸੇ ਸਮੇਂ ਸ. ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ 'ਤੇ ਸਾਂਡਰਸ ਦੀ ਹੱਤਿਆ ਦਾ ਮੁਕੱਦਮਾ ਚੱਲ ਰਿਹਾ ਸੀ, ਜਿਸ ਵਿਚ ਇਨ੍ਹਾਂ ਤਿੰਨਾਂ ਨੂੰ ਫਾਂਸੀ ਦੀ ਸਜ਼ਾ ਸੁਣਾਈ ਗਈ। ਉਨ੍ਹਾਂ ਦਿਨਾਂ ਵਿਚ ਕੈਨੇਡਾ ਪ੍ਰਕਾਸ਼ਿਤ ਹੁੰਦੇ ਹਫਤਾਵਾਰੀ ਪੰਜਾਬੀ ਅਖ਼ਬਾਰ ਨੇ ਸ. ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥੀ ਰਾਜਗੁਰੂ ਅਤੇ ਸੁਖਦੇਵ ਨੂੰ ਫਾਂਸੀ ਦੀ ਸਜ਼ਾ ਦਿੱਤੇ ਜਾਣ ਵਿਰੁੱਧ

ਜ਼ੋਰਦਾਰ ਅਵਾਜ਼ ਬੁਲੰਦ ਕੀਤੀ। ੩੦ ਅਕਤੂਬਰ, ੧੯੩੦ ਈ. ਦੇ ਅੰਕ ਵਿਚ ਅਖ਼ਬਾਰ ਦੇ ਮੁੱਖ ਸਫੇ 'ਤੇ 'ਬੀਰ ਭਗਤ ਸਿੰਘ ਦੀ ਅਪੀਲ ਪ੍ਰਿਵੀ ਕੌਂਸਲ ਲੰਡਨ ਵਿਚ ਫਾਂਸੀ ਦੇ ਫੈਸਲੇ ਦੇ ਬਰ-ਖਿਲਾਫ਼ ਆਖਰੀ ਯਤਨ ਡੀਫੈਂਸ ਲਾਹੌਰ ਦੀ ਮਦਦ ਲਈ ਮੰਗ' ਦੇ ਸਿਰਲੇਖ ਹੇਠ ਖ਼ਬਰ ਛਾਪ ਕੇ ਪੰਜਾਬੀਆਂ ਤੋਂ ਸਹਾਇਤਾ ਦੀ ਮੰਗ ਕੀਤੀ ਗਈ ਸੀ। ਇਸ ਖ਼ਬਰ ਵਿਚ ਸ. ਭਗਤ ਸਿੰਘ ਦੀ ਪੋਸਟਕਾਰਡ ਸਾਇਜ ਫੋਟੋ ਛਾਪ ਕੇ ਉੱਪਰ ਫਾਂਸੀ ਲਿਖਿਆ ਗਿਆ ਸੀ। ਅਖ਼ਬਾਰ ਦੇ ਸੰਪਾਦਕ ਵੱਲੋਂ ਇਸ ਅੰਕ ਦੀ ਸੰਪਾਦਕੀ ਵੀ ਇਸੇ ਵਿਸ਼ੇ 'ਤੇ ਲਿਖਦਿਆਂ ਲੋਕਾਂ ਨੂੰ ਇਨ੍ਹਾਂ ਸੂਰਬੀਰਾਂ ਪ੍ਰਤੀ ਸੱਚੀਆਂ ਭਾਵਨਾਵਾਂ ਨੂੰ ਉਜਾਗਰ ਕੀਤਾ ਗਿਆ ਸੀ। ਇਸ ਵਿਚ ਸੰਪਾਦਕ ਨੇ ਜ਼ਿਕਰ ਕੀਤਾ ਹੈ ਕਿ ਸ਼ਾਇਦ ਹੀ ਕੋਈ ਅਜਿਹਾ ਭਾਰਤੀ ਹੋਵੇਗਾ, ਜਿਸ ਦੀਆਂ ਰਗ਼ਾਂ ਵਿਚ ਖ਼ੂਨ ਉਬਾਲੇ ਨਹੀਂ ਖਾਂਦਾ। ਜਿਸ ਨੇ ਵੀ ਇਨ੍ਹਾਂ ਯੋਧਿਆਂ ਦੀ ਫਾਂਸੀ ਦੀ ਇਹ ਖ਼ਬਰ ਸੁਣੀ ਹੈ ਉਸ ਦਾ ਹਿਰਦਾ ਟੋਟੇ-ਟੋਟੇ ਹੋਇਆ ਹੈ। ਦੇਸ਼ ਦੀ ਆਜ਼ਾਦੀ ਲਈ ਕੁਰਬਾਨ ਹੋਣ ਵਾਲੇ ਇਨ੍ਹਾਂ ਸੂਰਬੀਰ ਯੋਧਿਆਂ ਦੀ ਸਹਾਇਤਾ ਲਈ ਮਾਇਕ ਸਹਾਇਤਾ ਦੀ ਮੰਗ ਵੀ ਇਸੇ ਅੰਕ ਵਿਚ ਕੀਤੀ ਗਈ ਹੈ, ਜਿਸ ਬਾਰੇ ਲਾਹੌਰ ਦੇ ਇਕ ਅੰਗਰੇਜ਼ੀ ਅਖ਼ਬਾਰ 'ਪੀਪਲ ਵੀਕਲੀ' ਨੂੰ ਭੇਜਣ ਬਾਰੇ ਲਿਖਿਆ ਗਿਆ ਹੈ। ਲੋਕਾਂ ਨੇ ਇਨ੍ਹਾਂ ਦੀ ਸਹਾਇਤਾ ਲਈ ਹਜ਼ਾਰਾਂ ਰੁਪਏ ਇਸ ਅਖ਼ਬਾਰ ਨੂੰ ਭੇਜੇ ਜਿਨ੍ਹਾਂ ਦੇ ਨਾਂ ਅਤੇ ਪਿੰਡ ਇਸ ਅਖ਼ਬਾਰ ਦੇ ੧੩ ਨਵੰਬਰ, ੧੯੩੦ ਵਾਲੇ ਅੰਕ ਵਿਚ ਪ੍ਰਕਾਸ਼ਿਤ ਕੀਤੇ ਗਏ। ਪਿੰਡ ਸੰਧਮ, ਬੜਾ ਪਿੰਡ, ਮੈਹਦਪੁਰ, ਭੰਗਲ ਜੰਡਿਆਲਾ, ਸੰਕਤ, ਖੋਸੇ, ਅਧਕਾਰੇ ਕਾਠੇ, ਪੰਡੋਰੀ ਨਿੱਝਰਾਂ, ਝਿੰਗੜ, ਰੁਟੈਂਡਾ, ਕੰਦੋਲਾ, ਪੁਰਹੀਰਾਂ, ਜੰਡਿਆਲੀ, ਕੋਟਲਾ ਆਦਿ ਅਨੇਕਾਂ ਪਿੰਡਾਂ ਦੇ ਵਿਅਕਤੀਆਂ ਵੱਲੋਂ ਭੇਜੀ ਗਈ ਸਹਾਇਤਾ ਦੀ ਸੂਚੀ ਛਾਪੀ ਗਈ ਹੈ, ਜਿਸ ਵਿਚ ਇਨ੍ਹਾਂ ਸੱਜਣਾਂ ਵੱਲੋਂ ਬੇਨਤੀ ਕੀਤੀ ਗਈ ਹੈ ਕਿ ਇਨ੍ਹਾਂ ਨੌਜਵਾਨਾਂ ਨੂੰ ਫਾਂਸੀ ਤੋਂ ਬਚਾਉਣ ਲਈ ਹਰ ਹੀਲਾ ਵਰਤਿਆ ਜਾਵੇ। ਕੈਨੇਡੀਅਨ ਕਾਂਗਰਸ ਕਮੇਟੀ ਦੇ ਮੈਂਬਰ ਵੱਲੋਂ ਵੀ ਸ. ਭਗਤ ਸਿੰਘ ਨੂੰ ਬਚਾਉਣ ਲਈ ਉਗਰਾਹੀ ਕੀਤੀ ਗਈ, ਜਿਸ ਨੂੰ ਲੋਕਾਂ ਨੇ ਭਰਪੂਰ ਸਹਿਯੋਗ ਦਿੱਤਾ। ਇਸ ਨੂੰ ਅਖ਼ਬਾਰ ਵਿਚ ਮੁੱਖ ਸੁਰਖੀ ਬਣਾ ਕੇ ਪ੍ਰਕਾਸ਼ਿਤ ਕੀਤਾ ਗਿਆ ਸੀ। ਇਸੇ ਅਖ਼ਬਾਰ ਵਿਚ ਲਾਹੌਰ ਵਿਚ ਚਲਦੇ ਮੁਕੱਦਮੇ ਬਾਰੇ 'ਪੂਰਾ ਫੈਸਲਾ' ਸਿਰਲੇਖ ਅਧੀਨ ਸਾਰਾ ਹਾਲ ਬਿਆਨ ਕੀਤਾ ਗਿਆ ਹੈ, ਜਿਸ ਵਿਚ ਛੋਟੇ ਸਿਰਲੇਖ ਬਣਾ ਕੇ ਫਾਂਸੀ, ਕਾਲੇਪਾਣੀ, ਸਖ਼ਤ ਕੈਦ ਅਤੇ ਛੱਡੇ ਗਏ ਵਿਅਕਤੀਆਂ ਦੇ ਨਾਂ ਵੀ ਪ੍ਰਕਾਸ਼ਿਤ ਕੀਤੇ ਗਏ ਹਨ। ਭਾਵੇਂ ਇਨ੍ਹਾਂ ਅਖ਼ਬਾਰਾਂ ਨੇ ਫਾਂਸੀ ਦੇ ਇਨ੍ਹਾਂ ਹੁਕਮਾਂ ਬਾਰੇ ਜ਼ੋਰਦਾਰ ਅਵਾਜ਼ ਬੁਲੰਦ ਕੀਤੀ ਸੀ, ਪਰ ਫਿਰ ਵੀ ਅੰਗਰੇਜ਼ ਸਰਕਾਰ ਨੇ ਸਾਰੇ ਕਾਨੂੰਨਾਂ ਨੂੰ ਛਿੱਕੇ 'ਤੇ ਟੰਗ ਕੇ ਜ਼ਾਲਮਾਨਾਂ ਢੰਗ ਨਾਲ ਇਨ੍ਹਾਂ ਦੇਸ਼-ਪ੍ਰੇਮੀਆਂ ਨੂੰ ੨੩ ਮਾਰਚ, ੧੯੩੧ ਈ. ਨੂੰ ਫਾਂਸੀ ਲਾ ਕੇ ਹੀ ਦਮ ਲਿਆ। ਉਨ੍ਹਾਂ ਦਿਨਾਂ ਵਿਚ ਫਾਂਸੀ ਦੇਣ ਦਾ ਆਮ ਅਸੂਲ ਇਹ ਸੀ ਕਿ ਜਿਸ ਦਿਨ ਦੀ ਫਾਂਸੀ ਦੇਣ ਦੀ ਤਾਰੀਕ ਨੀਯਤ ਕੀਤੀ ਜਾਂਦੀ ਸੀ, ਉਸ ਤੋਂ ਤਿੰਨ ਦਿਨ ਪਹਿਲਾਂ ਰਿਸ਼ਤੇਦਾਰ, ਮਿੱਤਰਾਂ-ਦੋਸਤਾਂ ਨੂੰ ਉਸ ਦੀ ਮੁਲਾਕਾਤ ਦੀ ਆਗਿਆ ਹੁੰਦੀ ਸੀ। ਜਦੋਂ ਸ. ਭਗਤ ਸਿੰਘ ਦੇ ਪਿਤਾ ਸ. ਕਿਸ਼ਨ ਸਿੰਘ ਅਤੇ ਹੋਰ ਸਾਕ-ਸੰਬੰਧੀ, ਦੋਸਤ ਮੁਲਾਕਾਤ

ਕਰਨ ਲਈ ਗਏ ਤਾਂ ਦਰੋਗਾ ਜੇਲ੍ਹ ਨੇ ਕਿਹਾ ਕਿ ਸਿਰਫ ਸਕੇ-ਸੰਬੰਧੀ ਹੀ ਮੁਲਾਕਾਤ ਕਰ ਸਕਦੇ ਹਨ ਹੋਰ ਨਹੀਂ। ਸ. ਕਿਸ਼ਨ ਸਿੰਘ ਨੇ ਕਿਹਾ ਕਿ ਦੋਸਤਾਂ-ਮਿੱਤਰਾਂ ਨੂੰ ਆਗਿਆ ਹੋਣੀ ਚਾਹੀਦੀ ਹੈ, ਨਹੀਂ ਤਾਂ ਉਹ ਵੀ ਮੁਲਾਕਾਤ ਨਹੀਂ ਕਰਨਗੇ। ਦੋਸਤਾਂ ਨੂੰ ਮਿਲਣ ਦੀ ਆਗਿਆ ਨਾ ਦਿੱਤੀ ਗਈ ਤਾਂ ਸ. ਕਿਸ਼ਨ ਸਿੰਘ ਜੀ ਨੇ ਵੀ ਮੁਲਾਕਾਤ ਨਾ ਕੀਤੀ। ਸ. ਭਗਤ ਸਿੰਘ ਦੀ ਮਾਂ ਨੇ ਉਸ ਨੂੰ ਪਿਆਰ ਕਰਦਿਆਂ ਕਿਹਾ ਕਿ ਇਕ ਦਿਨ ਤਾਂ ਹਰ ਇਕ ਨੇ ਮਰਨਾ ਹੀ ਹੈ, ਪਰ ਸ਼ਾਨਦਾਰ ਮੌਤ ਉਹ ਹੁੰਦੀ ਹੈ ਜਿਸ 'ਤੇ ਦੁਨੀਆ ਮਾਣ ਕਰੇ। ਉਸ ਨੇ ਸ. ਭਗਤ ਸਿੰਘ ਨੂੰ ਫਾਂਸੀ ਚੜ੍ਹਨ ਤੋਂ ਪਹਿਲਾਂ ਇਨਕਲਾਬ ਜ਼ਿੰਦਾਬਾਦ ਦੇ ਨਾਅਰੇ ਲਾਉਣ ਲਈ ਵੀ ਆਖਿਆ।

ਜਿਸ ਦਿਨ ਕਿਸੇ ਨੂੰ ਫਾਂਸੀ ਲਾਉਣਾ ਹੁੰਦਾ ਸੀ ਇਕ ਦਿਨ ਪਹਿਲਾਂ ਮੁਲਾਕਾਤ ਕਰਨ ਲਈ ਆਏ ਵਾਰਸਾਂ ਨੂੰ ਲਾਸ਼ ਲੈ ਜਾਣ ਲਈ ਕਹਿ ਦਿੱਤਾ ਜਾਂਦਾ ਸੀ ਕਿ ਜੇ ਉਹ ਚਾਹੁੰਦੇ ਹਨ ਤਾਂ ਲਾਸ਼ ਲਿਜਾ ਸਕਦੇ ਹਨ। ਫਾਂਸੀ ਵਾਲੇ ਦਿਨ ਸਵੇਰੇ ਕੈਦੀ ਨੂੰ ਇਸ਼ਨਾਨ ਕਰਵਾਇਆ ਜਾਂਦਾ ਸੀ। ਉਸ ਦੇ ਨਾਲ ਤਕਰੀਬਨ ਸੂਰਜ ਚੜ੍ਹਦੇ ਨਾਲ ਗਰਮੀਆਂ ਵਿਚ ਸਾਢੇ ਸੱਤ, ਅੱਠ ਵਜੇ ਫਾਂਸੀ ਦਿੱਤੀ ਜਾਂਦੀ ਸੀ। ਮਜਿਸਟ੍ਰੇਟ ਆ ਕੇ ਫਾਂਸੀ ਲੁਆਉਂਦਾ ਸੀ। ਫਾਂਸੀ ਦੇਣ ਤੋਂ ਬਾਅਦ ਤਕਰੀਬਨ ਇਕ ਘੰਟਾ ਬਾਅਦ ਤਕ ਲਾਸ਼ ਲਟਕਦੀ ਰਹਿੰਦੀ ਸੀ। ਜੇਲ੍ਹ ਦਾ ਡਾਕਟਰ ਆ ਕੇ ਮੁਆਇਨਾ ਕਰ ਕੇ ਲਾਸ਼ ਉਤਰਾਉਂਦਾ ਸੀ, ਜੋ ਜੇਲ੍ਹ ਤੋਂ ਬਾਹਰ ਲਿਜਾ ਕੇ ਵਾਰਸਾਂ ਦੇ ਹਾਵਲੇ ਕਰ ਦਿੱਤੀ ਜਾਂਦੀ ਸੀ। ਪਰ ਸ. ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਨੂੰ ਫਾਂਸੀ ਦੇਣ ਸਮੇਂ ਕਿਸੇ ਵੀ ਕਾਇਦ-ਏ-ਕਾਨੂੰਨ ਦਾ ਖਿਆਲ ਨਹੀਂ ਰੱਖਿਆ ਗਿਆ। ਫਾਂਸੀ ਦੀ ਨੀਯਤ ਤਾਰੀਕ ਤੋਂ ਇਕ ਦਿਨ ਪਹਿਲਾਂ ਜੇਲ੍ਹ ਵਿਚਲੇ ਸਾਰੇ ਕੈਦੀਆਂ ਨੂੰ ਸ਼ਾਮ ਨੂੰ ਚਾਰ ਵਜੇ ਦੀ ਥਾਂ ਤਿੰਨ ਵਜੇ ਹੀ ਕੰਮ ਤੋਂ ਛੁੱਟੀ ਕਰ ਕੇ ਬੰਦ ਕਰ ਦਿੱਤਾ ਗਿਆ। ਜੇਲ੍ਹ ਦਾ ਇਕ ਅਹਾਤਾ ਜਿਸ ਨੂੰ ਹਵਾਲਾਤ ਕਿਹਾ ਜਾਂਦਾ ਸੀ, ਉਸ ਵਿੱਚੋਂ ਕੈਦੀਆਂ ਨੂੰ ਕੱਢ ਕੇ ਖਾਲੀ ਕਰ ਲਿਆ ਗਿਆ ਸੀ। ਉੱਥੇ ਲੱਕੜਾਂ, ਮਿੱਟੀ ਦੇ ਤੇਲ ਦੇ ਪੀਪੇ ਆਦਿ ਲਿਆ ਕੇ ਜਮ੍ਹਾਂ ਕਰ ਲਏ ਗਏ ਸਨ। ਸ਼ਾਇਦ ਪਹਿਲਾਂ ਸ. ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਦਾ ਅੰਤਿਮ ਸਸਕਾਰ ਇੱਥੇ ਹੀ ਕਰਨ ਦੀ ਯੋਜਨਾ ਬਣਾਈ ਗਈ ਸੀ। ਸਾਢੇ ਛੇ ਵਜੇ ਦੇ ਲੱਗਭਗ ਸ. ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਨੂੰ ਪੁਲੀਸ ਦੀ ਗਾਰਦ ਨੇ ਫਾਂਸੀ ਵਾਲੀਆਂ ਵਰਦੀਆਂ ਪਵਾਈਆਂ। ਸ. ਭਗਤ ਸਿੰਘ ਹੋਰਾਂ ਨੇ ਟੋਪੀਆਂ ਲੈਣ ਤੋਂ ਇਨਕਾਰ ਕਰ ਦਿੱਤਾ। ਉਹ ਕੋਠੀਆਂ ਵਿੱਚੋਂ ਨਾਅਰੇ ਲਾਉਂਦੇ ਨਿਕਲੇ ਜਿਸ ਨਾਲ ਅਸਮਾਨ ਗੂੰਜ ਗਿਆ। ਪੁਲਿਸ ਵਾਲਿਆਂ ਨੇ ਸ. ਭਗਤ ਸਿੰਘ ਤੇ ਸਾਥੀਆਂ ਦੇ ਮੂੰਹ ਬੰਨ੍ਹ ਦਿੱਤੇ ਤਾਂ ਕਿ ਉਹ ਨਾਅਰੇ ਨਾ ਲਾ ਸਕਣ। ਸ. ਭਗਤ ਸਿੰਘ ਤੇ ਸਾਥੀਆਂ ਨੂੰ ਫਾਂਸੀ ਕੋਠੀਆਂ ਦੇ ਪਿੱਛੋਂ ਦੀ ਅੰਦਰ ਲਿਜਾਇਆ ਗਿਆ। ਫਾਂਸੀ ਦੇਣ ਤੋਂ ਪਹਿਲਾਂ ਉਨ੍ਹਾਂ ਦੇ ਮੂੰਹ ਖੋਲ੍ਹ ਦਿੱਤੇ ਗਏ ਸਨ। ਫਾਂਸੀ ਦੇ ਤਖਤੇ 'ਤੇ ਉਨ੍ਹਾਂ ਨੇ ਤਿੰਨ ਨਾਅਰੇ ਲਾਏ ਅਤੇ 'ਖੁਸ਼ ਰਹੋ ਅਹਿਲ-ਏ-ਵਤਨ ਹਮ ਤੋਂ ਸਫਰ ਕਰਤੇ ਹੈਂ' ਕਵਿਤਾ ਪੜ੍ਹੀ। ਜੱਲਾਦ ਨੇ ਫਾਂਸੀ ਦਾ ਤਖਤਾ ਖਿੱਚ ਦਿੱਤਾ। ਇਹ ਸਾਰਾ ਕੰਮ ਸ਼ਾਮ ਦੇ ਸੱਤ ਵਜੇ ਦੇ ਲੱਗਭਗ ਖਤਮ ਹੋ ਗਿਆ। ਆਮ ਤੌਰ 'ਤੇ ਫਾਂਸੀ ਦੇਣ ਤੋਂ ਇਕ ਘੰਟਾ

ਬਾਅਦ ਤਕ ਲਾਸ਼ ਨੂੰ ਲਮਕਦਾ ਰੱਖਿਆ ਜਾਂਦਾ ਸੀ, ਪਰ ਸ. ਭਗਤ ਸਿੰਘ ਹੋਰਾਂ ਦੇ ਕੇਸ ਵਿਚ ਇਸ ਤਰ੍ਹਾਂ ਨਹੀਂ ਹੋਇਆ। ਸ. ਭਗਤ ਸਿੰਘ ਅਤੇ ਸਾਥੀਆਂ ਨੂੰ ਫਾਂਸੀ ਦੇਣ ਵਾਲੇ ਜੱਲਾਦ ਨੇ ਫਾਂਸੀ ਦੇ ਹੇਠ ਬਣੇ ਟੋਏ ਵਿਚ ਉਤਰ ਕੇ ਉਨ੍ਹਾਂ ਦੀਆਂ ਲੱਤਾਂ ਨਾਲ ਲਮਕ ਕੇ ਉਨ੍ਹਾਂ ਦੀਆਂ ਘੰਡੀਆਂ ਤੋੜ ਦਿੱਤੀਆਂ ਅਤੇ ੧੦-੧੫ ਮਿੰਟ ਬਾਅਦ ਹੀ ਤੜਫਦੀਆਂ ਲਾਸ਼ਾਂ ਨੂੰ ਉਤਾਰ ਕੇ ਜੇਲ੍ਹ ਦੀ ਪਿਛਲੀ ਕੰਧ ਤੋੜ ਕੇ ਬਾਹਰ ਖੜ੍ਹੀਆਂ ਗੱਡੀਆਂ ਵਿਚ ਰੱਖ ਲਿਆ ਗਿਆ। ਗੱਡੀਆਂ ਵਿਚ ਹਥਿਆਰਬੰਦ ਅੰਗਰੇਜ਼ ਗਾਰਦ ਤੈਨਾਤ ਸੀ। ਅੰਗਰੇਜ਼ਾਂ ਨੂੰ ਸ. ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ 'ਤੇ ਭਾਰੀ ਗੁੱਸਾ ਸੀ, ਕਿਉਂਕਿ ਉਨ੍ਹਾਂ ਨੇ ਇਕ ਅੰਗਰੇਜ਼ ਦਾ ਕਤਲ ਕੀਤਾ ਸੀ। ਉਹ ਗੁੱਸੇ ਵਿਚ ਅੰਨ੍ਹੇ ਹੋਏ ਲਾਸ਼ਾਂ ਨੂੰ ਗੱਡੀ ਵਿਚ ਵੱਢਦੇ-ਟੁਕਦੇ ਗਏ ਅਤੇ ਸਤਲੁਜ ਦਰਿਆ ਦੇ ਗੰਡਾ ਸਿੰਘ ਵਾਲੇ ਪੁਲ ਦੇ ਲਾਗੇ ਜਾ ਕੇ ਫ਼ਰਜ਼ੀ ਤੌਰ 'ਤੇ ਅੱਗ ਲਾਉਣ ਦਾ ਡਰਾਮਾ ਕਰ ਕੇ ਲਾਸ਼ਾਂ ਨੂੰ ਸਤਲੁਜ ਦਰਿਆ ਵਿਚ ਰੋੜ੍ਹ ਦਿੱਤਾ। ਇਹ ਸਾਰੀ ਘਟਨਾ ੨੩ ਮਾਰਚ, ੧੯੩੧ ਈ. ਨੂੰ ਸੈਂਟਰਲ ਜੇਲ੍ਹ ਲਾਹੌਰ ਵਿਖੇ ਵਾਪਰੀ। ਇਸ ਸਬੰਧੀ ਪਤਾ ਲੱਗਣ 'ਤੇ ਲੋਕਾਂ ਵਿਚ ਹਾਹਾਕਾਰ ਮੱਚ ਗਈ। ਥਾਂ-ਥਾਂ 'ਤੇ ਅੰਗਰੇਜ਼ ਸਰਕਾਰ ਵਿਰੁੱਧ ਜਲਸੇ ਜਲੂਸ ਹੋਣ ਲੱਗੇ। ਉਸ ਦਿਨ ਫਿਰੋਜ਼ਪੁਰ ਸ਼ਹਿਰ ਦੇ ਗੋਖਲੇ ਹਾਲ ਵਿਚ ਵੀ ਲੋਕਾਂ ਵੱਲੋਂ ਇਕ ਜਲਸਾ ਕੀਤਾ ਗਿਆ। ਹਜ਼ਾਰਾਂ ਲੋਕ ਟੋਲੀਆਂ ਬਣਾ ਕੇ ਸ਼ਹੀਦਾਂ ਦੀ ਦਾਹ ਸਸਕਾਰ ਵਾਲੀ ਥਾਂ ਦੀ ਭਾਲ ਕਰਨ ਲੱਗੇ। ਕਿਹਾ ਜਾਂਦਾ ਹੈ ਕਿ ਫਿਰੋਜ਼ਪੁਰ ਸ਼ਹਿਰ ਦੇ ਇਕ ਵਿਅਕਤੀ ਰਾਮਜੀ ਦਾਸ ਢੰਡੋਰੇ ਵਾਲਾ ਦੇ ਪੈਰਾਂ ਨੂੰ ਗਰਮ ਧਰਤੀ ਲੱਗੀ ਜਿਸ ਨਾਲ ਸ਼ਹੀਦਾਂ ਦੀਆਂ ਲਾਸ਼ਾਂ ਦੀ ਹੋਈ ਬੇਪਤੀ ਦਾ ਅੰਦਾਜ਼ਾ ਲਾਇਆ ਗਿਆ। ਸ਼ਹੀਦ ਸ. ਭਗਤ ਸਿੰਘ ਦੇ ਫਾਂਸੀ ਲੱਗਣ ਤੋਂ ਬਾਅਦ ਅਖ਼ਬਾਰਾਂ ਨੇ ਇਹ ਗੱਲ ਜਗ ਜ਼ਾਹਿਰ ਕੀਤੀ ਕਿ ਉਸ ਦਾ ਨਿਸ਼ਚਾ ਸਿੱਖ ਧਰਮ ਵਿਚ ਪੱਕਾ ਸੀ। ਕਸੂਰ ਦੇ ਗ੍ਰੰਥੀ ਭਾਈ ਨੱਥਾ ਸਿੰਘ ਨੇ ਅਖ਼ਬਾਰਾਂ ਨੂੰ ਦੱਸਿਆ ਕਿ ਸਸਕਾਰ ਵੇਲੇ ਸ਼ਹੀਦ ਸ. ਭਗਤ ਸਿੰਘ ਦੇ ਸਿਰ 'ਤੇ ਛੇ-ਛੇ ਇੰਚ ਲੰਬੇ ਕੇਸ ਸਨ ਅਤੇ ਸਰਕਾਰ ਦਾ ਵੀ ਐਲਾਨ ਸੀ ਕਿ ਮ੍ਰਿਤਕ ਦਾ ਸਸਕਾਰ ਸਿੱਖ ਰਵਾਇਤਾਂ ਅਨੁਸਾਰ ਕਰਵਾਇਆ ਜਾਵੇ। ਬੰਬਈ ਦੇ ਬਲਿਜ਼ ਅਖ਼ਬਾਰ ਦੇ ੨੬ ਮਾਰਚ, ੧੯੪੯ ਈ. ਦੇ ਅੰਕ ਵਿਚ ਸ਼ਹੀਦ ਸ. ਭਗਤ ਸਿੰਘ ਦੀ ਸਿੱਖੀ ਸਰੂਪ ਵਾਲੀ ਫ਼ੋਟੋ ਛਾਪੀ ਗਈ। ਇਹ ਫ਼ੋਟੋ ਸ. ਭਗਤ ਸਿੰਘ ਦੇ ਫਾਂਸੀ ਲੱਗਣ ਤੋਂ ਕੁਝ ਮਿੰਟ ਪਹਿਲਾਂ ਦਿੱਲੀ ਦੇ ਸੱਜਣ ਸ਼ਾਮ ਲਾਲ ਨੇ ਖਿੱਚੀ ਗਈ ਦੱਸੀ ਜਾਂਦੀ ਹੈ।

੨੩ ਮਾਰਚ, ੧੯੩੨ ਈ. ਨੂੰ ਸ. ਭਗਤ ਸਿੰਘ ਤੇ ਸ਼ਹੀਦ ਸਾਥੀਆਂ ਦਾ ਪਹਿਲਾ ਸ਼ਹੀਦੀ ਦਿਵਸ ਮਨਾਇਆ ਗਿਆ। ਉਸ ਸਮੇਂ ਲੋਕ ਕਵੀ 'ਤਾਇਰ' ਨੇ ਟਾਂਗੇ 'ਤੇ ਖੜ੍ਹ ਕੇ ਸ. ਭਗਤ ਸਿੰਘ ਦੀ ਘੋੜੀ ਪੜ੍ਹੀ:

*ਆਵੋ ਨੀ ਭੈਣੋਂ ਰਲ ਗਾਵੀਏ ਘੋੜੀਆਂ, ਜੰਞ ਤੇ ਹੋਈ ਏ ਤਿਆਰ ਵੇ ਹਾਂ।*
*ਮੌਤ ਕੁੜੀ ਨੂੰ ਪਰਨਾਵਣ ਚੱਲਿਆ, ਦੇਸ਼ ਭਗਤ ਸਰਦਾਰ ਵੇ ਹਾਂ।*
*ਫਾਂਸੀ ਦੇ ਤਖ਼ਤੇ ਵਾਲਾ ਖ਼ਾਰਾ ਬਣਾ ਕੇ, ਬੈਠਾ ਤੂੰ ਚੌਕੜੀ ਮਾਰ ਵੇ ਹਾਂ।*
*ਹੰਝੂਆਂ ਦੇ ਪਾਣੀ ਭਰ ਨਹਾਵੋ ਗੜੋਲੀ, ਲਹੂ ਦੀ ਰੱਤੀ ਮੋਹਲ੍ਹੀ ਧਾਰ ਵੇ ਹਾਂ।*

*ਫਾਂਸੀ ਦੀ ਟੋਪੀ ਵਾਲਾ ਮੁੱਕਟ ਬਣਾ ਕੇ, ਸਿਹਰਾ ਤੂੰ ਬੱਧਾ ਝਾਲਰਦਾਰ ਵੇ ਹਾਂ।*
*ਜੰਡੀ ਤੇ ਵੱਢੀ ਲਾੜੇ ਜ਼ੋਰ-ਜ਼ੁਲਮ ਦੀ, ਸਬਰ ਦੀ ਮਾਰ ਤਲਵਾਰ ਵੇ ਹਾਂ।*
*ਰਾਜਗੁਰੂ ਤੇ ਸੁਖਦੇਵ ਸਰਬਾਲ੍ਹੇ, ਚੜ੍ਹਿਆ ਤੇ ਤੂੰ ਹੀ ਵਿਚਕਾਰ ਵੇ ਹਾਂ।*
*ਵਾਗ-ਫੜਾਈ ਤੈਥੋਂ ਭੈਣਾਂ ਨੇ ਲੈਣੀ, ਭੈਣਾਂ ਦਾ ਰੱਖਿਆ ਉਧਾਰ ਵੇ ਹਾਂ।*
*ਹਰੀ ਕਿਸ਼ਨ ਤੇਰਾ ਬਣਿਆ ਵੇ ਸਾਂਢੂ, ਢੁੱਕੇ ਤੇ ਤੁਸੀਂ ਇਕੋ ਵਾਰ ਵੇ ਹਾਂ।*
*ਪੈਂਤੀ ਕਰੋੜ ਤੇਰੇ ਜਾਂਞੀ ਵੇ ਲਾੜਿਆ, ਕਈ ਪੈਦਲ ਤੇ ਕਈ ਸਵਾਰ ਵੇ ਹਾਂ।*
*ਕਾਲੀਆਂ ਪੁਸ਼ਾਕਾਂ ਪਾ ਕੇ ਜੰਞ ਜੁ ਤੁਰ ਪਈ, 'ਤਾਇਰ' ਵੀ ਹੋਇਆ ਏ ਤਿਆਰ ਵੇ ਹਾਂ।*

੧੫ ਅਗਸਤ ਸੰਨ ੧੯੪੭ ਈ. ਵਿਚ ਭਾਰਤ ਅਜ਼ਾਦ ਹੋਇਆ, ਉਸੇ ਦਿਨ ਸ. ਅਜੀਤ ਸਿੰਘ ਦੀ ਡਲਹੌਜ਼ੀ ਨੇੜੇ ਪੰਚਪੁਲਾ ਵਿਖੇ ਮੌਤ ਹੋਣ ਦੀ ਖ਼ਬਰ ਆ ਗਈ। ਇੱਥੇ ਇਨ੍ਹਾਂ ਦੀ ਯਾਦ ਵਿਚ ਇਕ ਸਮਾਰਕ ਵੀ ਬਣਿਆ ਹੋਇਆ ਹੈ। ਇਸ ਸਮੇਂ ਜਦੋਂ ਸਾਰਾ ਭਾਰਤ ਅਜ਼ਾਦੀ ਦਾ ਜਸ਼ਨ ਮਨਾ ਰਿਹਾ ਸੀ, ਉਸ ਸਮੇਂ ਪੰਜਾਬ ਫਿਰਕਾਪ੍ਰਸਤੀ ਅਤੇ ਦੰਗਿਆਂ ਦਾ ਅਜੀਬ ਤਰ੍ਹਾਂ ਦਾ ਸੰਤਾਪ ਭੋਗ ਰਿਹਾ ਸੀ। ਪਾਕਿਸਤਾਨ ਹੋਂਦ ਵਿਚ ਆ ਚੁੱਕਾ ਸੀ। ਇਸ ਵੰਡ ਸਮੇਂ ਦੇਸ਼ ਦੇ ਮਹਾਨ ਸ਼ਹੀਦਾਂ ਦੀ ਸਤਲੁਜ ਕੰਢੇ ਹੁਸੈਨੀਵਾਲਾ ਵਾਲੀ ਥਾਂ ਪਾਕਿਸਤਾਨ ਵਿਚ ਚਲੀ ਗਈ, ਜਿਸ ਨੂੰ ੧੭ ਜਨਵਰੀ, ੧੯੬੧ ਈ. ਵਿਚ ਸ. ਪ੍ਰਤਾਪ ਸਿੰਘ ਕੈਰੋਂ, ਮੁੱਖ ਮੰਤਰੀ ਪੰਜਾਬ ਦੀਆਂ ਕੋਸ਼ਿਸ਼ਾਂ ਸਦਕਾ ਪਾਕਿਸਤਾਨ ਤੋਂ ਖਰੀਦ ਕੇ ਭਾਰਤ ਵਿਚ ਸ਼ਾਮਲ ਕੀਤਾ ਗਿਆ ਅਤੇ ਸ਼ਹੀਦਾਂ ਦੀ ਯਾਦਗਾਰ ਕਾਇਮ ਕੀਤੀ ਗਈ। ਫਿਰੋਜ਼ਪੁਰ ਵਿਖੇ ਸ਼ਹੀਦਾਂ ਦੀ ਸਸਕਾਰ ਵਾਲੀ ਥਾਂ 'ਤੇ ਉਨ੍ਹਾਂ ਦੀਆਂ ਸਮਾਧੀਆਂ ਬਣਾਈਆਂ ਗਈਆਂ ਅਤੇ ਕਾਂਸੀ ਦੇ ਬੁੱਤ ਸਥਾਪਿਤ ਕੀਤੇ ਗਏ।

ਅਜ਼ਾਦੀ ਤੋਂ ਬਾਅਦ ਸ. ਭਗਤ ਸਿੰਘ ਦੇ ਭਰਾ ਸ. ਕੁਲਬੀਰ ਸਿੰਘ ਖਟਕੜ ਕਲਾਂ ਤੋਂ ਫਿਰੋਜ਼ਪੁਰ ਚਲੇ ਗਏ ਅਤੇ ਮੋਤੀ ਬਜ਼ਾਰ ਵਿਚ ਰਹਿਣ ਲੱਗ ਪਏ। ਸੰਨ ੧੯੬੨ ਈ. ਵਿਚ ਉਨ੍ਹਾਂ ਨੇ ਜਨਸੰਘ ਪਾਰਟੀ ਵੱਲੋਂ ਚੋਣਾਂ ਵਿਚ ਹਿੱਸਾ ਲਿਆ ਅਤੇ ਆਪਣੇ ਵਿਰੋਧੀ ਨੂੰ ਭਾਰੀ ਬਹੁਮਤ ਨਾਲ ਹਰਾ ਕੇ ਫਿਰੋਜ਼ਪੁਰ ਤੋਂ ਐਮ.ਐਲ.ਏ. ਦੀ ਚੋਣ ਜਿੱਤੀ।

੨੩ ਮਾਰਚ, ੧੯੬੩ ਈ. ਨੂੰ ਸ. ਭਗਤ ਸਿੰਘ ਦਾ ਬੁੱਤ ਖਟਕੜ ਕਲਾਂ ਵਿਖੇ ਸਥਾਪਿਤ ਕੀਤਾ ਗਿਆ। ਬੁੱਤ 'ਤੇ ਸਭ ਤੋਂ ਪਹਿਲਾਂ ਹਾਰ ਉਨ੍ਹਾਂ ਦੀ ਮਾਤਾ ਵਿਦਿਆਵਤੀ ਜੀ ਨੇ ਪਹਿਨਾਇਆ। ਇਸ ਖ਼ਬਰ ਦਾ ਫਿਲਮਾਂਕਣ ਸਾਰੇ ਟੈਲੀਵਿਜ਼ਨਾਂ 'ਤੇ ਦਿਖਾਇਆ ਗਿਆ। ਜਿਸ ਨੂੰ ਦੇਖ ਕੇ ਉਨ੍ਹਾਂ ਦਾ ਸਾਥੀ ਜ਼ਿੰਦਾ ਸ਼ਹੀਦ ਸ੍ਰੀ ਬੀ.ਕੇ.ਦੱਤ ਉਨ੍ਹਾਂ ਦੀ ਮਾਂ ਨੂੰ ਮਿਲਣ ਲਈ ਆਇਆ। ਇਸ ਮਿਲਾਪ ਤੋਂ ਸੱਤ ਦਿਨ ਬਾਅਦ ਦੱਤ ਬਿਮਾਰ ਹੋ ਗਿਆ ਅਤੇ ਕੁਝ ਸਮਾਂ ਬਾਅਦ ਸਦਾ ਦੀ ਨੀਂਦ ਸੌਂ ਗਿਆ। ਬੀ.ਕੇ. ਦੱਤ ਦੀ ਵਸੀਅਤ ਮੁਤਾਬਕ ਉਨ੍ਹਾਂ ਦਾ ਅੰਤਿਮ ਸਸਕਾਰ ਵੀ ਇੱਥੇ ਕਰਕੇ ਉਨ੍ਹਾਂ ਦੀ ਸਮਾਧੀ ਬਣਾਈ ਗਈ।

ਇਸੇ ਸਾਲ ਸ. ਅਜੀਤ ਸਿੰਘ ਦੀ ਪਤਨੀ ਮਾਤਾ ਹਰਨਾਮ ਕੌਰ ਦੀ ਮੌਤ ਹੋ ਗਈ। ਉਨ੍ਹਾਂ ਦਾ ਦਾਹ-ਸਸਕਾਰ ਵੀ ਉਨ੍ਹਾਂ ਦੀ ਅੰਤਿਮ ਇੱਛਾ ਮੁਤਾਬਿਕ ਸ਼ਹੀਦ ਭਗਤ ਸਿੰਘ ਦੀ ਸਮਾਧੀ ਦੇ ਨੇੜੇ ਹੀ ਕੀਤਾ ਗਿਆ।

ਸੰਨ ੧੯੭੧ ਈ. ਵਿਚ ਭਾਰਤ-ਪਾਕਿਸਤਾਨ ਜੰਗ ਸਮੇਂ ਪਾਕਿਸਤਾਨੀ ਫੌਜਾਂ ਨੇ ਭਾਰਤ ਦੇ ਇਲਾਕੇ 'ਤੇ ਇਨ੍ਹਾਂ ਸਮਾਧਾਂ ਤਕ ਕਬਜ਼ਾ ਕਰ ਲਿਆ। ਭਾਰਤੀ ਫੌਜ ਦੇ ਯੋਧਿਆਂ ਨੇ ਆਪਣੀ ਜਾਨ 'ਤੇ ਖੇਡ ਕੇ ਇਨ੍ਹਾਂ ਯਾਦਗਾਰਾਂ ਨੂੰ ਦੁਬਾਰਾ ਆਪਣੇ ਕਬਜ਼ੇ ਵਿਚ ਲਿਆ। ਪਰ ਪਾਕਿਸਤਾਨੀ ਫੌਜ ਨੇ ਇਨ੍ਹਾਂ ਦੇ ਕਾਂਸੀ ਦੇ ਬੁੱਤਾਂ ਨੂੰ ਤੋੜ ਕੇ ਨਸ਼ਟ ਕਰ ਦਿੱਤਾ। ਭਾਰਤ ਸਰਕਾਰ ਵੱਲੋਂ ਕਾਫੀ ਦੇਰ ਬਾਅਦ ਇਨ੍ਹਾਂ ਯਾਦਗਾਰਾਂ ਨੂੰ ਦੁਬਾਰਾ ਸਥਾਪਿਤ ਕੀਤਾ ਗਿਆ।

ਸ. ਭਗਤ ਸਿੰਘ ਦੀ ਮਾਤਾ ਨੂੰ ੧ ਜਨਵਰੀ, ੧੯੭੩ ਈ. ਵਿਚ ਪੰਜਾਬ ਸਰਕਾਰ ਵੱਲੋਂ 'ਪੰਜਾਬ ਮਾਤਾ' ਦਾ ਖ਼ਿਤਾਬ ਅਤੇ ੧੦੦੦ ਰੁਪਏ ਮਹੀਨਾ ਪੈਨਸ਼ਨ ਦੇ ਕੇ ਸ਼ਹੀਦ ਦੀ ਮਾਤਾ ਹੋਣ ਦਾ ਸਤਿਕਾਰ ਕੀਤਾ ਗਿਆ। ਇਨ੍ਹਾਂ ਦੀ ਮੌਤ ਤੋਂ ਬਾਅਦ ਇਨ੍ਹਾਂ ਦਾ ਸਸਕਾਰ ਵੀ ਸ਼ਹੀਦਾਂ ਦੀਆਂ ਸਮਾਧਾਂ ਦੇ ਪਾਸ ਫਿਰੋਜ਼ਪੁਰ ਵਿਖੇ ਕਰ ਕੇ ਇਨ੍ਹਾਂ ਦੀ ਸਮਾਧੀ ਸਥਾਪਿਤ ਕੀਤੀ ਗਈ।

ਸ੍ਰੋਤ ਪੁਸਤਕਾਂ :


੧. *ਸਿੱਖ ਪੰਥ ਵਿਸ਼ਵ ਕੋਸ਼*-ਡਾ. ਰਤਨ ਸਿੰਘ (ਜੱਗੀ)
੨. *ਪੰਜਾਬ ਕੋਸ਼*-ਭਾਸ਼ਾ ਵਿਭਾਗ ਪੰਜਾਬ
੩. *ਜਨ ਸਾਹਿਤ* ਸਤੰਬਰ ੨੦੦੭-ਭਾਸ਼ਾ ਵਿਭਾਗ ਪੰਜਾਬ
੪. *ਜੇਲ੍ਹ ਚਿੱਠੀਆਂ*-ਭਾਈ ਰਣਧੀਰ ਸਿੰਘ
੫. *ਜੇਲ੍ਹ ਡਾਇਰੀ ਸ. ਭਗਤ ਸਿੰਘ*-ਪੰਜਾਬ ਸਰਕਾਰ
੬. *ਸਾਡਾ ਨਵਾਂ ਸ਼ਹਿਰ*-ਜੇ.ਬੀ. ਗੋਇਲ ਆਈ.ਏ.ਐੱਸ.
੭. *ਪਿੰਡ, ਸ਼ਹਿਰ ਤੇ ਕਸਬੇ*-ਸ. ਅਮਰਜੀਤ ਸਿੰਘ
੮. *ਯੁੱਗ ਪੁਰਸ਼ ਸ. ਭਗਤ ਸਿੰਘ ਅਤੇ ਉਨ੍ਹਾਂ ਦੇ ਬਜ਼ੁਰਗ*-ਵਰਿੰਦਰ ਸੰਧੂ
੯. *ਸਾਥੀ ਭਗਤ ਸਿੰਘ ਸ਼ਹੀਦ ਦੀ ਸ਼ਹੀਦੀ ਦੇ ਅੱਖੀ ਦੇਖੇ ਹਾਲਾਤ ਅਤੇ ਮੇਰੀ ਆਪ ਬੀਤੀ;* ਸਾਹਿਬ ਸਿੰਘ ਸਲਾਣ


■

## ਸਿੱਖ ਮਿਸ਼ਨ ਉਤਰਾਖੰਡ ਵੱਲੋਂ ਅੰਮ੍ਰਿਤ-ਸੰਚਾਰ

ਭਾਈ ਹਰਜਿੰਦਰ ਸਿੰਘ, ਇੰਚਾਰਜ, ਸਿੱਖ ਮਿਸ਼ਨ ਉਤਰਾਖੰਡ ਕਾਸ਼ੀਪੁਰ ਵੱਲੋਂ ਪੁੱਜੀ ਰਿਪੋਰਟ ਅਨੁਸਾਰ ੧੨ ਜੂਨ, ੨੦੧੭ ਨੂੰ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਦਸਮੇਸ਼ ਨਗਰ, ਆਵਾਸ ਵਿਕਾਸ, ਰੁਦਰਪੁਰ ਵਿਖੇ ਮਿਸ਼ਨ ਦੇ ਪੰਜ ਪਿਆਰਿਆਂ ਵੱਲੋਂ ਅੰਮ੍ਰਿਤ-ਸੰਚਾਰ ਸਮਾਗਮ ਕੀਤਾ ਗਿਆ। ਇਸ ਸਮਾਗਮ ਵਿਚ ੨੧ ਪ੍ਰਾਣੀ ਖੰਡੇ-ਬਾਟੇ ਦੀ ਪਾਹੁਲ ਛਕ ਕੇ ਗੁਰੂ ਵਾਲੇ ਬਣੇ। ਇਸ ਅੰਮ੍ਰਿਤ-ਸੰਚਾਰ ਸਮਾਗਮ ਦੌਰਾਨ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਸ. ਸੋਮਪਾਲ ਸਿੰਘ ਤੋਂ ਇਲਾਵਾ ਸ. ਪ੍ਰਤਿਪਾਲ ਸਿੰਘ ਨੇ ਭਰਪੂਰ ਸਹਿਯੋਗ ਦਿੱਤਾ।

# ਮਾਤਾ ਕਰਮ ਕੌਰ

-ਡਾ. ਅਮਰਜੀਤ ਕੌਰ*

ਬਾਬਾ ਬੁੱਢਾ ਸਾਹਿਬ ਜੀ ਦੀ ਅਠਵੀਂ ਵੰਸ਼ ਭਾਈ ਮੋਹਰ ਸਿੰਘ ਜੀ ਦੇ ਘਰ ਮਾਤਾ ਨਿਸਤਾਰਾਂ ਦੀ ਕੁੱਖੋਂ ਭਾਈ ਸ਼ਾਮ ਸਿੰਘ ਜੀ ਦਾ ਜਨਮ ੧੭੮੦ ਬਿ. ਸੰਮਤ ਮੁਤਾਬਿਕ ੧੭੨੩ ਈ. ਵਿਚ ਹੋਇਆ ਸੀ। ਆਪ ਜੀ ਵਿਚ ਆਪਣੀ ਵੱਡੀ ਮਾਂ, ਮਾਤਾ ਪ੍ਰਧਾਨ ਕੌਰ ਪੁੱਤਰੀ ਭਾਈ ਭੂਮੀਆ ਸਿੰਘ ਪੋਤਰੀ ਪਟਿਆਲਾਪਤੀ ਬਾਬਾ ਆਲਾ ਸਿੰਘ ਵਾਲੇ ਸ਼ਾਹੀ ਗੁਣ ਸਨ। ਇਨ੍ਹਾਂ ਨੇ ਝੰਡੇ ਰਾਮਦਾਸ ਪੁਰ ਦੀ ਰਿਆਸਤ ਦੀ ਹਿਫ਼ਾਜ਼ਤ ਲਈ ਤਿੰਨ ਕਿਲ੍ਹੇ ਬਣਵਾਏ ਸਨ। ਇਨ੍ਹਾਂ ਦਾ ੧੫੦੦ ਏਕੜ ਵਿਚ ਸ਼ਾਹੀ ਬਾਗ ਸੀ। ਇਹ ਫ਼ਾਰਸੀ ਦੇ ਵਿਦਵਾਨ ਸਨ। ਇਨ੍ਹਾਂ ਦੇ ਘਰ ਮਾਤਾ ਧਰਮ ਕੌਰ ਦੀ ਕੁੱਖ ਤੋਂ ੧੮੦੫ ਬਿ. ਸੰਨ ੧੭੪੮ ਈ. ਵਿਚ ਇਕ ਪੁੱਤਰ ਪੈਦਾ ਹੋਇਆ ਜਿਸ ਦਾ ਨਾਮ ਭਾਈ ਕਾਹਨ ਸਿੰਘ ਜੀ ਸੀ। ੫੪ ਸਾਲ ਦੀ ਉਮਰ ਵਿਚ ਭਾਈ ਸ਼ਾਮ ਸਿੰਘ ਜੀ ਪੂਰੇ ਹੋ ਗਏ। ੧੮ ਸਾਲ ਦੀ ਉਮਰ ਵਿਚ ਭਾਈ ਕਾਹਨ ਸਿੰਘ ਦਾ ਵਿਆਹ ਨਿਹਾਲੇ ਜ਼ਿਮੀਦਾਰ, ਪਿੰਡ ਬੱਬਰੀ ਭਾਵਰੀ (ਗੁਰਦਾਸਪੁਰ) ਦੀ ਪੁੱਤਰੀ ਕਰਮ ਕੌਰ ਨਾਲ ਹੋਇਆ। ੪੧ ਸਾਲ ਦੀ ਉਮਰ ਵਿਚ ਭਾਈ ਕਾਹਨ ਸਿੰਘ ਦੇ ਪੁੱਤਰ ਪੈਦਾ ਹੋਇਆ, ਜਿਸ ਦਾ ਨਾਮ ਸੁਜਾਨ ਸਿੰਘ ਰੱਖਿਆ ਗਿਆ। ਸੁਜਾਨ ਸਿੰਘ ਅਜੇ ੪ ਸਾਲ ਦਾ ਸੀ ਕਿ ਪਿਤਾ ਕਾਹਨ ਸਿੰਘ ੧੮੪੪ ਬਿ. ਜੇਠ ੨੮, ਸੰਨ ੧੭੮੭ ਈ. ਵਿਚ ਚਲਾਣਾ ਕਰ ਗਏ।

੪ ਸਾਲ ਦੇ ਬਾਲਕ ਭਾਈ ਸੁਜਾਨ ਸਿੰਘ ਨੂੰ 'ਬ੍ਰਿਧ ਕਿਆਂ' ਦੀ ਦਸਵੀਂ ਵੰਸ਼ ਦੀ ਪੱਗ ਬੰਨ੍ਹਾਈ ਗਈ। ਰਿਆਸਤ ਦੀ ਦੇਖਭਾਲ ਮਾਤਾ ਕਰਮ ਕੌਰ ਕਰਨ ਲੱਗ ਪਏ। ਮਾਤਾ ਕਰਮ ਕੌਰ ਗੁਰਮੁਖੀ ਅਤੇ ਫ਼ਾਰਸੀ ਦੀ ਵਿਦਵਾਨ ਸੀ ਅਤੇ ਘੋੜ ਸਵਾਰੀ ਵਿਚ ਨਿਪੁੰਨ ਅਤੇ ਤੇਗ ਦੀ ਧਨੀ ਸੀ। ਮਾਤਾ ਕਰਮ ਕੌਰ ਰਿਆਸਤ ਦੇ ਅਦਾਲਤੀ ਫੈਸਲੇ ਕਰਨ ਲੱਗੀ। ਇਕ ਦਿਨ ਮਾਤਾ ਕਰਮ ਕੌਰ ਦੇ ਦਰਬਾਰ ਵਿਚ ਸ਼ਹਿਰ ਦੇ ਬਹੁਤ ਸਾਰੇ ਕਥਿਤ ਦਲਿਤ ਲੋਕਾਂ ਨੇ ਪੁੱਜ ਕੇ ਇਨਸਾਫ਼ ਲਈ ਗੁਹਾਰ ਲਾਈ ਕਿ ਸ਼ਾਹੂਕਾਰ ਨੇ ਉਨ੍ਹਾਂ ਦਾ ਆਦਮੀ ਕੁੱਟ-ਕੁੱਟ ਕੇ ਮਾਰ ਦਿੱਤਾ ਹੈ। ਗੱਲ ਇਹ ਸੀ ਕਿ ਸ਼ਾਹੂਕਾਰ ਨੇ ਇਕ ਕਥਿਤ ਦਲਿਤ ਵਿਅਕਤੀ ਕੋਲੋਂ ਪੈਸੇ ਲੈਣੇ ਸਨ, ਜਦੋਂ ਉਹ ਪੈਸੇ ਲੈਣ ਗਿਆ ਤਾਂ ਉਸ ਵਿਅਕਤੀ ਨੇ ਪੈਸੇ ਵਾਪਸ ਦੇਣ ਤੋਂ ਅਸਮਰੱਥਾ ਜਾਹਰ ਕੀਤੀ। ਸ਼ਾਹੂਕਾਰ ਨੂੰ ਗੁੱਸਾ ਆ ਗਿਆ। ਉਸ ਨੇ ਦੋ-ਚਾਰ ਸੋਟੀਆਂ ਕਥਿਤ ਦਲਿਤ

*ਪਿੰਡ ਤੇ ਡਾਕ: ਇੱਬਣ ਕਲਾਂ, ਝਬਾਲ ਰੋਡ, ਸ੍ਰੀ ਅੰਮ੍ਰਿਤਸਰ। ਮੋ: +੯੧੯੭੮੦੬-੩੫੧੯੭

ਨੂੰ ਮਾਰ ਦਿੱਤੀਆਂ। ਕੁਦਰਤ ਦੀ ਕਰਨੀ ਕਿ ਸੋਟੀ ਕੁਥਾਂ ਵੱਜ ਗਈ ਤੇ ਕੁਥਾਂ ਸੱਟ ਲੱਗ ਜਾਣ ਕਾਰਨ ਉਹ ਵਿਅਕਤੀ ਮਰ ਗਿਆ।

ਮਾਤਾ ਕਰਮ ਕੌਰ ਨੇ ਫੈਸਲਾ ਕਰਦਿਆਂ ਸ਼ਾਹੂਕਾਰ ਨੂੰ ਫਾਂਸੀ ਦਾ ਹੁਕਮ ਕਰ ਦਿੱਤਾ ਤੇ ਜੇਲ੍ਹ ਵਿਚ ਸੁੱਟ ਦਿੱਤਾ। ਇਸ ਗੱਲ ਦਾ ਪਤਾ ਜਦੋਂ ਭਾਈ ਸੁਜਾਨ ਸਿੰਘ ਨੂੰ ਲੱਗਾ ਤਾਂ ਉਨ੍ਹਾਂ ਨੇ ਆਪਣੀ ਮਾਤਾ ਨੂੰ ਬੇਨਤੀ ਕੀਤੀ ਕਿ ਸ਼ਾਹੂਕਾਰ ਨੂੰ ਫਾਂਸੀ ਨਾ ਦਿੱਤੀ ਜਾਵੇ ਕਿਉਂਕਿ ਉਸ ਨੇ ਜਾਨ-ਬੁੱਝ ਕੇ ਅਜਿਹਾ ਨਹੀਂ ਕੀਤਾ। ਅਚਾਨਕ ਕੁਥਾਂ ਸੋਟੀ ਵੱਜ ਜਾਣ ਕਾਰਨ ਇਸ ਤਰ੍ਹਾਂ ਹੋਇਆ ਹੈ। ਫਾਂਸੀ ਦੀ ਐਨੀ ਵੱਡੀ ਸਜ਼ਾ ਦੇਣੀ ਯੋਗ ਨਹੀਂ ਹੈ। ਪਰ ਮਾਤਾ ਕਰਮ ਕੌਰ ਨੇ ਪੁੱਤਰ ਨੂੰ ਨਦਾਨ ਬਾਲਕ ਸਮਝ ਕੇ ਕਿਹਾ, "ਤੂੰ ਅਜੇ ਛੋਟਾ ਹੈਂ, ਤੈਨੂੰ ਅਜੇ ਇਹੋ ਜਿਹੇ ਫੈਸਲਿਆਂ ਦੀ ਸੂਝ ਨਹੀਂ ਹੈ। ਮੈਂ ਸ਼ਾਹੂਕਾਰ ਦੀ ਸਜ਼ਾ ਮੁਆਫ਼ ਨਹੀਂ ਕਰ ਸਕਦੀ।" ਭਾਈ ਸੁਜਾਨ ਸਿੰਘ ਕੋਲ ਚੁੱਪ ਰਹਿਣ ਤੋਂ ਬਿਨਾ ਕੋਈ ਚਾਰਾ ਨਹੀਂ ਸੀ।

ਭਾਈ ਸੁਜਾਨ ਸਿੰਘ ਜੀ ਛੋਟੀ ਉਮਰ ਵਿਚ ਹੀ ਅਕਾਲ ਚਲਾਣਾ ਕਰ ਗਏ। ੫ ਸਾਲ ੧੭ ਦਿਨ ਦੀ ਉਮਰ ਵਿਚ ੧੮੪੯ ਬਿ. ੨੮ ਜੇਠ ੧੭੯੨ ਈ. ਬਾਬਾ ਬੁੱਢਾ ਜੀ ਦੀ ਦਸਵੀਂ ਵੰਸ਼ ਖਤਮ ਹੋ ਗਈ।

ਮਾਤਾ ਕਰਮ ਕੌਰ ਆਪਣੀ ਮਦਦ ਲਈ ਆਪਣੇ ਭਰਾ ਚੜ੍ਹਤ ਸਿੰਘ ਨੂੰ ਝੰਡੇ ਰਾਮਦਾਸ ਲੈ ਆਈ। ਮਾਤਾ ਕਰਮ ਕੌਰ ਨੇ ੩੧ ਸਾਲ ਰਾਜ ਕੀਤਾ। ਰਿਆਸਤ ਦੀ ਸੰਭਾਲ ਕਰਦਿਆਂ ਦੋ-ਤਿੰਨ ਲੜਾਈਆਂ ਵੀ ਲੜੀਆਂ। ਲੋਕਾਂ ਦੇ ਜਾਨ-ਮਾਲ ਦੀ ਰਾਖੀ ਤਨਦੇਹੀ ਨਾਲ ਕੀਤੀ। ਆਪਣੀ ਗੱਦੀ ਉੱਤੇ ਆਪਣੇ ਭਰਾ ਚੜ੍ਹਤ ਸਿੰਘ ਨੂੰ ਬਿਠਾ ਕੇ ਮਾਤਾ ਕਰਮ ਕੌਰ ੧੮੮੧ ਬਿ. ਸੰਨ ੧੮੨੪ ਈ. ਵਿਚ ਅਕਾਲ ਚਲਾਣਾ ਕਰ ਗਈ।

ਚੜਤ ਸਿੰਘ ਇਕ ਅੱਯਾਸ਼ ਬੰਦਾ ਸੀ। ਉਹ ਝੰਡੇ ਰਾਮਦਾਸ ਦੇ ਲੋਕਾਂ ਨੂੰ ਦੁੱਖ ਦੇਣ ਲੱਗਾ। ਦੁਖੀ ਹੋਏ ਲੋਕਾਂ ਦਾ ਵਫ਼ਦ ਮਹਾਰਾਜਾ ਰਣਜੀਤ ਸਿੰਘ ਦੇ ਦਰਬਾਰ ਵਿਚ ਜਾ ਫਰਿਆਦੀ ਹੋਇਆ ਤੇ ਕਿਹਾ ਕਿ ਇਹ ਵਿਅਕਤੀ ਬਾਬਾ ਬੁੱਢਾ ਜੀ ਦਾ ਵੰਸ਼ਜ਼ ਨਹੀਂ ਹੈ। ਇਸ ਰਿਆਸਤ ਨੂੰ ਸਿੱਖ ਰਾਜ ਵਿਚ ਮਿਲਾ ਲਿਆ ਜਾਏ।

ਪਹਿਲਾਂ ਤੇ ਮਹਾਰਾਜਾ ਰਣਜੀਤ ਸਿੰਘ ਨੇ ਆਪਣਾ ਰਾਜਦੂਤ ਭੇਜ ਕੇ ਉਸ ਨੂੰ ਸਮਝਾਉਣਾ ਚਾਹਿਆ, ਪਰੰਤੂ ਉਸ ਉੱਤੇ ਕੋਈ ਅਸਰ ਨਾ ਹੋਇਆ। ਫਿਰ ਮਹਾਰਾਜਾ ਰਣਜੀਤ ਸਿੰਘ ਨੇ ਫ਼ਕੀਰ ਅਜ਼ੀਜ਼-ਉ-ਦੀਨ ਦੀ ਅਗਵਾਈ ਵਿਚ ਫੌਜ ਭੇਜੀ। ਫੌਜ ਦਾ ਮੁਕਾਬਲਾ ਕਰਨ ਤੋਂ ਡਰਦਾ ਹੋਇਆ ਚੜਤ ਸਿੰਘ ਭੱਜ ਗਿਆ। ਝੰਡੇ ਰਾਮਦਾਸ ਦੀ ਰਿਆਸਤ ਦਾ ਧਨ-ਮਾਲ ਖ਼ਜ਼ਾਨਾ ਮਹਾਰਾਜਾ ਰਣਜੀਤ ਸਿੰਘ ਦੇ ਤੋਸ਼ੇਖਾਨੇ ਵਿਚ ਪੁੱਜ ਗਿਆ। ਗੁਰਦੁਆਰਾ ਸਾਹਿਬ ਦੀ ਕੋਈ ਸੰਭਾਲ ਨਾ ਰਹੀ। ਭਾਈ ਗੁਰਬਖਸ਼ ਸਿੰਘ ਉਰਫ਼ ਭਾਈ ਰਾਮ ਕੁਇਰ ਜੀ ਦੇ ਸਮੇਂ ਦੀਆਂ ਪੋਥੀਆਂ ਬਰਨਾਲੇ ਦੇ ਪੰਡਤ

ਨਿੱਕਾ ਸਿੰਘ ਦੇ ਚੇਲੇ ਰਣ ਸਿੰਘ ਨੂੰ ਦੇ ਦਿੱਤੀਆਂ।*

ਝੰਡੇ ਰਾਮਦਾਸ ਨਗਰ ਇਕ ਵਾਰ ਤਾਂ ਉੱਕਾ ਉਜਾੜ ਹੋ ਗਿਆ। ਇਸ ਤਰ੍ਹਾਂ ਪੰਜ ਸਾਲ ਬੀਤ ਗਏ। ਕੁਝ ਸਮੇਂ ਬਾਅਦ ਮਹਾਰਾਜਾ ਰਣਜੀਤ ਸਿੰਘ, ਭਾਈ ਬੂੜ ਸਿੰਘ ਗੜਵਈ, ਜੋ ਝੰਡੇ ਰਾਮਦਾਸ ਬਾਬਾ ਗੁਰਬਖਸ਼ ਸਿੰਘ ਜੀ ਦੇ ਦਰਸ਼ਨ ਕਰਨ ਜਾਂਦਾ ਹੁੰਦਾ ਸੀ, ਨੂੰ ਨਾਲ ਲੈ ਕੇ ਝੰਡੇ ਰਾਮਦਾਸ ਪੁੱਜੇ। ਆਪਣੇ ਹੱਥੀਂ ਗੁਰਦੁਆਰਾ ਸਾਹਿਬ ਝਾੜੂ ਦੀ ਸੇਵਾ ਕੀਤੀ, ਫਿਰ ਨਗਰ ਵਾਲਿਆਂ ਨੂੰ ਬੁਲਾ ਕੇ ਕਿਹਾ ਕਿ ਕੋਈ ਅਗਾਂਹ ਆਵੇ ਜੋ ਇਸ ਸਥਾਨ ਦੀ ਸੇਵਾ-ਸੰਭਾਲ ਕਰੇ, ਪਰੰਤੂ ਕੋਈ ਅਗਾਂਹ ਨਾ ਹੋਇਆ। ਫਿਰ ਮਹਾਰਾਜਾ ਰਣਜੀਤ ਸਿੰਘ ਨੇ ਨੈਨੇ ਕੇ ਕੋਟ ਤੋਂ ਭਾਈ ਗੁਰਬਖਸ਼ ਸਿੰਘ ਜੀ ਦੀ ਸਮਾਧ ਦੀ ਸੇਵਾ ਕਰ ਰਹੇ ਮਹੰਤ ਚਰਨ ਦਾਸ ਨੂੰ ਬੁਲਾ ਕੇ ਇਸ ਸਥਾਨ ਦੀ ਸੇਵਾ ਸੌਂਪੀ ਅਤੇ ੬੦੦੦ ਰੁਪਏ ਨਕਦ ਹਰ ਸਾਲ ਅਤੇ ਸੱਤ ਪਿੰਡ ਝੰਡੇ ਰਾਮਦਾਸ, ਸ਼ਾਹਪੁਰ, ਧਰਮਕੋਟ ਜੱਟਾਂ, ਸ਼ਾਮਪੁਰਾ, ਖੰਨਾ, ਚਮਿਆਰੀ ਅਤੇ ਅਵਾਣ ਨਾਮੇ ਮੁਆਫੀ ਦਿੱਤੇ। ਜਿਸ ਦਾ ਪਟਾ ਸੰਮਤ ੧੮੮੬ ਕਤੱਕ/ ੧੭੨੯ ਈ. ਨੂੰ ਲਿਖ ਦਿੱਤਾ ਅਤੇ ਚਰਨ ਦਾਸ ਨੂੰ ਅਦਾਲਤ ਕਰਨ ਦੇ ਅਧਿਕਾਰ ਵੀ ਬਖਸ਼ੇ। ਜੋ ਰੁਪਿਆ ਝੰਡੇ ਰਾਮਦਾਸ ਦੇ ਖਜ਼ਾਨੇ ਵਿੱਚੋਂ ਗਿਆ ਸੀ ਉਹ ਵੀ ਗੁਰਦੁਆਰਾ ਸਾਹਿਬ ਦੀ ਸੇਵਾ ਲਈ ਵਾਪਸ ਕਰ ਦਿੱਤਾ।

ਮਹੰਤ ਚਰਨ ਦਾਸ ਤੋਂ ਬਾਅਦ ਮਹੰਤ ਬ੍ਰਹਮ ਪ੍ਰਕਾਸ਼, ਮਹੰਤ ਰਾਮਾ ਪ੍ਰਸ਼ਾਦ ਮਹੰਤ ਰਾਘੋਦਾਸ ਉਰਫ ਸ. ਰਘਬੀਰ ਸਿੰਘ ਤਕ ਪੂਰੀ ਸੁਹਿਰਦਤਾ ਨਾਲ ਸੇਵਾ ਨਿਭਾਈ। ਇਨ੍ਹਾਂ ਤੋਂ ਬਾਅਦ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਾਂਭ-ਸੰਭਾਲ ਕਰ ਰਹੀ ਹੈ।

*ਭਾਈ ਗੁਰਬਖਸ਼ ਸਿੰਘ ਉਰਫ ਭਾਈ ਰਾਮ ਕੁਇਰ ਜੀ ਜਦੋਂ ਕਿਤੇ ਬ੍ਰਹਮ ਅਵਸਥਾ ਵਿਚ ਗੁਰੂ ਕੀਆਂ ਸਾਖੀਆਂ ਸੁਣਾਉਂਦੇ ਹੁੰਦੇ ਸਨ ਤਾਂ ਭਾਈ ਸਾਹਿਬ ਦੀ ਨੂੰਹ ਮਾਤਾ ਪ੍ਰਧਾਨ ਕੌਰ। ਪਤਨੀ ਭਾਈ ਮੋਹਰ ਸਿੰਘ ਜੀ ਨਾਲੋ-ਨਾਲ ਭਾਈ ਸਾਹਿਬ ਸਿੰਘ ਲਿਖਾਰੀ ਪਾਸੋਂ ਲਿਖਵਾਈ ਜਾਂਦੇ ਸਨ। ਮਾਤਾ ਪੰਜਾਬ ਕੌਰ ਆਪਣੇ ਅੰਤਲੇ ਸਮੇਂ ਬਰਨਾਲੇ ਚਲੇ ਗਏ ਸਨ। ਇਨ੍ਹਾਂ ਦੇ ਪਿਤਾ ਨੇ ਇਨ੍ਹਾਂ ਨੂੰ ੩੧ ਪਿੰਡ ਦਿੱਤੇ ਸਨ। ਕੁਝ ਲਿਖਤਾਂ ਇਹ ਪੰਡਤ ਨਿੱਕਾ ਸਿੰਘ ਰਾਹੀਂ ਬਰਨਾਲੇ ਲੈ ਗਏ ਸਨ ਤੇ ਬਾਕੀ ਮਹਰਾਜਾ ਰਣਜੀਤ ਸਿੰਘ ਰਾਹੀਂ ਬਰਨਾਲੇ ਪੁੱਜ ਗਈਆਂ। ਇਹੀ ਲਿਖਤਾਂ ਪੰਜ ਸੌ ਸਾਖੀਆਂ ਸਨ। ਇਹ ਪੰਜ ਸੌ ਸਾਖੀਆਂ ਭਾਈ ਸੰਤੋਖ ਸਿੰਘ ਦੀ ਕ੍ਰਿਤ 'ਗੁਰਪ੍ਰਤਾਪ ਸੂਰਜ ਗ੍ਰੰਥ' ਦਾ ਆਧਾਰ ਬਣੀਆਂ ਸਨ। ਬਾਅਦ ਵਿਚ ਇਹ ਲਿਖਤਾਂ ਕਿੱਥੇ ਗਈਆਂ ਜਿਸ ਦੀ ਹੁਣ ਤਕ ਕਿਸੇ ਨੂੰ ਕੋਈ ਜਾਣਕਾਰੀ ਨਹੀਂ ਹੈ।

■

# ਮੁਢਲੇ ਪੰਜਾਬੀ ਅਖ਼ਬਾਰਾਂ ਤੇ ਰਸਾਲਿਆਂ ਵਿਚ ਗਿ. ਦਿੱਤ ਸਿੰਘ ਸੰਬੰਧੀ ਉਲੇਖ

*-ਡਾ. ਕੁਲਵਿੰਦਰ ਸਿੰਘ**

੧੯ਵੀਂ ਸਦੀ ਦੇ ਅੰਤ ਅਤੇ ੨੦ਵੀਂ ਸਦੀ ਦੇ ਅਰੰਭ ਵਿਚ ਸਿੱਖ ਪੁਨਰ-ਜਾਗ੍ਰਿਤੀ ਲਈ ਜੋ ਸੰਘਰਸ਼ ਵਿੱਢਿਆ ਗਿਆ ਅਤੇ ਸਫਲਤਾ ਪ੍ਰਾਪਤ ਹੋਈ, ਉਹ ਸਿੱਖ ਪੰਥ ਵਿਚ ਪੈਦਾ ਹੋਈ ਚੇਤਨਤਾ ਦਾ ਸਿੱਟਾ ਸੀ। ਸਮੁੱਚੇ ਸਿੱਖ ਪੰਥ ਦਾ ਸੁਭਾਗ ਸੀ ਕਿ ਗੁਰੂ ਕਿਰਪਾ ਸਦਕਾ ਇਹ ਚੇਤਨਤਾ ਉਨ੍ਹਾਂ ਨਿਰਮਲ ਹਿਰਦੈ ਵਾਲੇ ਗੁਰਸਿੱਖਾਂ ਅੰਦਰ ਪੈਦਾ ਹੋਈ, ਜੋ ਸਿੱਖੀ ਦੇ ਭਵਿੱਖ ਨੂੰ ਲੈ ਕੇ ਚਿੰਤਤ ਸਨ। ਉਨ੍ਹਾਂ ਦੀ ਕਹਿਣੀ ਤੇ ਕਰਣੀ ਵਿੱਚੋਂ ਸਿੱਖ ਕੀਮਤਾਂ ਆਪ-ਮੁਹਾਰੇ ਝਲਕਦੀਆਂ ਸਨ। ਗੁਰਮਤਿ ਵਾਲੀ ਕਹਿਣੀ ਤੇ ਕਰਣੀ ਦਾ ਹੀ ਕਮਾਲ ਸੀ ਕਿ ਸਿੱਖੀ ਵਿਚ ਪੈਰ ਪਸਾਰ ਰਹੀਆਂ ਕੁਰੀਤੀਆਂ ਨੂੰ ਉਨ੍ਹਾਂ ਨੇ ਮੂਲੋਂ ਨਸ਼ਟ ਕਰ ਕੇ ਰੱਖ ਦਿੱਤਾ। ਸਿੱਖੀ ਸਮਝ ਤੇ ਗੁਰੂ ਪਿਆਰ ਦੇ ਕਾਰਨ ਹੀ ਸਧਾਰਨ ਘਰਾਂ ਵਿਚ ਪੈਦਾ ਹੋਏ ਉਨ੍ਹਾਂ ਗੁਰਸਿੱਖਾਂ ਅੱਗੇ ਸਮੇਂ ਦੇ ਤਾਕਤਵਰ ਲੋਕਾਂ ਦਾ ਹੰਕਾਰ ਮਿੱਟੀ ਵਿਚ ਰੁਲਦਾ ਰਿਹਾ ਅਤੇ ੧੦੦ ਸਾਲ ਦਾ ਸਮਾਂ ਬੀਤਣ ਉਪਰੰਤ ਵੀ ਹਰ ਸਿੱਖ ਉਨ੍ਹਾਂ ਨੂੰ ਸਤਿਕਾਰ ਤੇ ਗੌਰਵਤਾ ਨਾਲ ਯਾਦ ਕਰਦਾ ਹੈ ਤੇ ਹਮੇਸ਼ਾ ਕਰਦਾ ਰਹੇਗਾ। ਸਿੱਖ ਪੁਨਰ-ਜਾਗ੍ਰਿਤੀ ਲਿਆਉਣ ਵਾਲੀਆਂ ਮਹਾਨ ਸ਼ਖ਼ਸੀਅਤਾਂ ਵਿਚ ਗਿਆਨੀ ਦਿੱਤ ਸਿੰਘ ਜੀ ਦਾ ਨਾਮ ਮੋਹਰੀ ਵਿਅਕਤੀਆਂ ਵਿਚ ਲਿਆ ਜਾਂਦਾ ਹੈ। ਜੇ ਉਨ੍ਹਾਂ ਬਾਰੇ ਗੱਲ ਕਰਨੀ ਹੋਵੇ ਤਾਂ ਸਿੱਖ ਬਣਨ ਤੋਂ ਲੈ ਕੇ ਅੰਤਿਮ ਸਵਾਸ ਤਕ ਦਾ ਹਰ ਪਲ ਅਤੇ ਉਨ੍ਹਾਂ ਦੀ ਲੇਖਣੀ ਦਾ ਇੱਕ-ਇੱਕ ਸ਼ਬਦ ਵਿਚਾਰਨ ਦੀ ਜ਼ਰੂਰਤ ਹੈ, ਕਿਉਂਕਿ ਉਨ੍ਹਾਂ ਦਾ ਹਰ ਪਲ ਤੇ ਸ਼ਬਦ ਗੁਰੂ ਨੂੰ ਸਮਰਪਿਤ ਰਿਹਾ। ਗਿਆਨੀ ਦਿੱਤ ਸਿੰਘ ਸੰਬੰਧੀ ਕੁਝ ਲਿਖਣ ਦੇ ਮਕਸਦ ਤਹਿਤ ਗਿਆਨੀ ਜੀ ਦੀ ਸਿੱਖੀ ਸੋਚ ਤੇ ਵਿਦਵਤਾ ਦੀ ਸਾਖ ਭਰਦੇ ਅਨੇਕਾਂ ਸਰੋਤਾਂ ਵਿੱਚੋਂ, ਮੈਂ (ਲੇਖਕ ਨੇ) ਆਪਣੇ ਲੇਖ ਦਾ ਘੇਰਾ ਸਮਕਾਲੀ ਸਮਾਚਾਰ ਪੱਤਰਾਂ ਤਕ ਹੀ ਸੀਮਤ ਰੱਖਿਆ ਹੈ।

^Wl swA^bwr[੧] (ਅੱਗੇ ਅਸੀਂ 'ਖ਼ਾ.ਅ.' ਹੀ ਲਿਖਾਂਗੇ) ਦੇ ੧੯-੧੧-੧੮੯੭ ਤੋਂ ੨੫-੨-੧੮੯੮ ਤਕ ਦੇ ਪਰਚਿਆਂ ਰਾਹੀਂ ਜਦੋਂ ਗਿਆਨੀ ਜੀ ਨੇ ਸ਼ੁੱਧੀ ਪੱਤਰ ਦੇ ਨਵੰਬਰ (ਅੱਸੂ) ੧੮੯੭ ਵਾਲੇ 'ਧਰਮ ਚਿਹਰਿਆਂ' ਦਾ ਜਵਾਬ ਦਿੱਤਾ ਤਾਂ ਆਪਣੇ ਮੁਢਲੇ ਜੀਵਨ ਬਾਰੇ ਜਾਣਕਾਰੀ ਵੀ ਦਿੱਤੀ, ਜੋ ਬਾਅਦ ਵਿਚ ਪ੍ਰਕਾਸ਼ਿਤ ਹੋਈ ਪੁਸਤਕ 'ਦਯਾ ਨੰਦ ਨਾਲ ਮੇਰਾ ਸੰਬਾਦ' ਵਿਚ ਵੀ ਛਪੀ। ਇਸ ਤੋਂ ਪਤਾ ਲਗਦਾ ਹੈ ਕਿ ਗਿਆਨੀ ਜੀ ਦਾ ਜਨਮ ਸੰਤਾਂ ਦੇ ਘਰ ਵਿਚ ਹੋਇਆ ਸੀ। ਉਨ੍ਹਾਂ ਦੇ ਪਿਤਾ ਜੀ ਧਾਰਮਿਕ ਉਪਦੇਸ਼ ਕਰਦੇ ਸਨ। ਗਿਆਨੀ ਜੀ ਵੀ ਅੱਠ-ਨੌਂ ਸਾਲ ਦੀ ਉਮਰ ਵਿਚ ਹੀ ਉਪਦੇਸ਼

**ਸਹਾਇਕ ਪ੍ਰੋਫੈਸਰ, ਡਾ. ਬਲਬੀਰ ਸਿੰਘ ਸਾਹਿਤ ਕੇਂਦਰ, ਦੇਹਰਾਦੂਨ, ਉਤਰਾਖੰਡ। ਮੋ: +੯੧੯੯੯੭੬-੭੯੬੫੫*

ਕਰਨ ਲੱਗ ਪਏ ਸਨ। ਬਚਪਨ ਵਿਚ ਹੀ ਉਨ੍ਹਾਂ ਦੀ ਮਹਿਮਾ ਦੂਰ-ਦੂਰ ਤਕ ਫੈਲ ਗਈ ਸੀ, ਉਨ੍ਹਾਂ ਨੇ ਸ਼ਾਸਤ੍ਰਾਰਥ ਦੀ ਵਿਧੀ ਬਚਪਨ ਵਿਚ ਹੀ ਸਿੱਖ ਲਈ ਸੀ, ਆਦਿ।

੭ ਜੂਨ, ੧੯੦੧ ਦੇ ਖ਼ਾ.ਅ. ਵਿੱਚੋਂ ਸੂਚਨਾ ਮਿਲਦੀ ਹੈ ਕਿ ਗਿਆਨੀ ਜੀ ਨੇ ੧੮੮੩ ਈ.[੨] ਵਿਚ ਗਿਆਨੀ ਦਾ ਇਮਤਿਹਾਨ ਪਾਸ ਕੀਤਾ ਸੀ ਅਤੇ ਪੰਜਾਬ ਯੂਨੀਵਰਸਿਟੀ ਦੇ ਸਾਲਾਨਾ ਜਲਸੇ ਵਿਚ ਲਾਰਡ ਰਿਪਨ ਸਾਹਿਬ ਮੁਲਕੀ ਲਾਟ ਦੇ ਹੱਥੋਂ ਆਪ ਨੂੰ ਉਮਦਾ ਘੜੀ ਤੇ ਤਮਗਾ ਦਿੱਤਾ ਗਿਆ ਸੀ। ੧੭ ਅਗਸਤ, ੧੮੮੫ ਦੇ 'ਪੰਜਾਬ ਦਰਪਣ'[੩] ਵਿਚ ਛਪਿਆ ਹੈ ਕਿ ਉਹ ਓਰੀਅੰਟਲ ਕਾਲਜ ਵਿਚ ਟੀਚਰ ਹਨ।[੪] ਜਨਵਰੀ ੧੮੮੬ ਵਿਚ ਯੂਨੀਵਰਸਿਟੀ ਪੰਜਾਬ ਵੱਲੋਂ 'ਵਿਦਜਾਰਕ ਪੰਜਾਬ'[੫] ਨਾਮ ਦਾ ਇਕ ਰਸਾਲਾ ਗਿਆਨੀ ਜੀ ਦੀ ਸੰਪਾਦਕੀ ਹੇਠ ਕੱਢਿਆ ਗਿਆ ਸੀ, ਜਿਸ ਤੋਂ ਸੂਚਨਾ ਮਿਲਦੀ ਹੈ ਕਿ ਤਦੋਂ ਉਹ ਲਾਹੌਰ, ਵਿਖੇ ਰਹਿੰਦੇ ਸਨ। ੧੯ ਨਵੰਬਰ, ੧੮੯੭ ਦੇ ਖ਼ਾ.ਅ. ਵਿਚ ਸੰਕੇਤ ਮਾਤਰ ਜ਼ਿਕਰ ਹੈ ਕਿ ਗਿਆਨੀ ਦਿੱਤ ਸਿੰਘ ਦੇ ਪਿਤਾ ਦਾ ਨਾਮ ਸੰਤ ਦੀਵਾਨ ਸਿੰਘ ਸੀ ਅਤੇ ਸਹੁਰੇ ਦਾ ਨਾਮ ਭਾਈ ਭਾਗ ਸਿੰਘ[੬] ਸੀ ਜਿਨ੍ਹਾਂ ਦਾ ਇਲਾਕਾ ਮੈਨ ਦੁਆਬ ਸੀ। ੧੦ ਤੇ ੧੨ ਜਨਵਰੀ ੧੮੯੯ ਦੇ ਖ਼ਾ.ਅ. ਵਿਚ ਗਿਆਨੀ ਜੀ ਦੀ ਮੁਲਤਾਨ ਫੇਰੀ ਦਾ ਹਾਲ ਅੰਕਿਤ ਹੈ ਜੋ ਆਪ ਦੀ ਲਿਖਤ ਹੈ। ਇਸ ਯਾਤਰਾ ਸਮੇਂ ਭਾਈ ਜਵਾਹਰ ਸਿੰਘ[੭] ਵੀ ਆਪ ਦੇ ਨਾਲ ਗਏ ਸਨ। ਇਸ ਲੇਖ ਵਿਚ ਗਿਆਨੀ ਜੀ ਨੇ ਭਾਈ ਗੁਰਦਿੱਤ ਸਿੰਘ ਅਤੇ ਸਰਦਾਰ ਗੁਰਦਿਆਲ ਸਿੰਘ (ਜੱਜ) ਨਾਲ ਹੋਈ ਮੁਲਾਕਾਤ ਦਾ ਪ੍ਰਸੰਸਾ ਭਰਪੂਰ ਜ਼ਿਕਰ ਕੀਤਾ ਹੈ। ਇਸ ਯਾਤਰਾ-ਲੇਖ ਵਿਚ ਸਖਰ ਸ਼ਹਿਰ ਤੇ ਉੱਥੋਂ ਦੀ 'ਸਿੰਘ ਸਭਾ' ਬਾਰੇ ਵੀ ਚਰਚਾ ਕੀਤੀ ਗਈ ਹੈ। ਅਕਤੂਬਰ ੧੮੯੮ ਦੇ 'ਸ਼ੁਧੀ ਪਤ੍ਰ'[੮] ਅੰਕ ਵਿਚ ਗਿਆਨੀ ਜੀ ਵਿਰੁੱਧ ਜੋ ਕੁਝ ਲਿਖਿਆ ਗਿਆ, ਉਨ੍ਹਾਂ ਤੋਂ ਪਤਾ ਚਲਦਾ ਹੈ ਕਿ ਇਸ ਸਮੇਂ ਉਨ੍ਹਾਂ ਦਾ ਪੁੱਤਰ ਬਲਦੇਵ ਸਿੰਘ ਆਰੀਆ ਕਾਲਜ ਲਾਹੌਰ ਵਿਖੇ ਪੜ੍ਹਦਾ ਸੀ ਅਤੇ ਉਨ੍ਹਾਂ ਦੀ ਪਤਨੀ ਮੇਮਾਂ ਦੇ ਮਾਤਹਿਤ ੧੫ ਰੁਪਏ ਮਹੀਨਾ ਲੈ ਕੇ ਪੜ੍ਹਾਉਂਦੀ ਸੀ। ੨੧ ਅਕਤੂਬਰ, ੧੮੯੮ ਦੇ ਖ਼ਾ.ਅ. ਵਿਚ ਆਪਦੇ ਪੁੱਤਰ ਬਲਦੇਵ ਸਿੰਘ ਬਾਰੇ ਖ਼ਬਰ ਛਪੀ ਕਿ ਉਸ ਦੀ ਕੁੜਮਾਈ ਹੋਈ ਹੈ। ਪੰਜ ਸਾਲ ਬਾਅਦ ੧੫ ਜੁਲਾਈ, ੧੯੦੩ ਦੇ ਖਾਲਸਾ ਸਮਾਚਾਰ[੯] (ਅੱਗੇ ਅਸੀਂ 'ਖ਼ਾ.ਸ.' ਹੀ ਲਿਖਾਂਗੇ) ਵਿਚ ਉਨ੍ਹਾਂ ਦੇ ਵਿਆਹ ਦੀ ਖ਼ਬਰ ਛਪੀ।[੧੦] ੫ ਜਨਵਰੀ, ੧੯੦੦ ਦੇ ਖ਼ਾ.ਅ. ਤੋਂ ਸੂਚਨਾ ਮਿਲਦੀ ਹੈ ਕਿ ਬਲਦੇਵ ਸਿੰਘ ਨੇ 'ਟਰੰਪਟ ਕਾਲ' ਨਾਂ ਦੀ ਇਕ ਪੁਸਤਕ ਤਿਆਰ ਕੀਤੀ ਹੈ, ਜੋ ਅੰਗਰੇਜ਼ੀ ਕਵਿਤਾ ਵਿਚ ਛਪੀ ਸੀ। ੨੧ ਜੂਨ, ੧੯੦੧ ਦੇ ਖ਼ਾ.ਅ. ਵਿਚ ਇਕ ਦੁਖ ਭਰੀ ਖ਼ਬਰ ਛਪੀ ਹੈ, ਜਿਸ ਵਿਚ ਗਿਆਨੀ ਜੀ ਦੀ ਸਪੁੱਤਰੀ ਬੀਬੀ ਵਿਦਿਆਵੰਤ ਕੌਰ ਦੇ ਚਲਾਣੇ ਦਾ ਜ਼ਿਕਰ ਹੈ ਕਿ ਉਹ ੧੭ ਜੂਨ ਰਾਤ ਦੇ ਨੌਂ ਵਜੇ ਚਲਾਣਾ ਕਰ ਗਈ ਹੈ।

ਗਿਆਨੀ ਜੀ ਦੀ ਸੰਘਰਸ਼ਮਈ ਜੀਵਨ ਦੌਰਾਨ ਉਨ੍ਹਾਂ ਉੱਪਰ ਬਾਬਾ ਉਦੇ ਸਿੰਘ 'ਬੇਦੀ' ਨੇ ੧੪ ਜੂਨ, ੧੮੮੭ ਨੂੰ ਇਕ ਮੁਕੱਦਮਾ ਕੀਤਾ ਸੀ, ਜਿਸ ਦਾ ਕਾਰਨ ਗਿਆਨੀ ਜੀ ਦੁਆਰਾ ਲਿਖਿਆ 'ਅਦਭੁਤ ਸੁਪਨ ਨਾਟਕ' ਸੀ, ਜਿਸ ਦਾ ਪਹਿਲਾ

ਅਧਿਆਇ ਖ਼ਾ.ਅ. ਵਿਚ ੧੬ ਅਪ੍ਰੈਲ, ੧੮੯੭ ਨੂੰ ਛਪਿਆ ਸੀ। ਇਸ ਮੁਕੱਦਮੇ ਸੰਬੰਧੀ ੧੮ ਫਰਵਰੀ, ੧੮੯੮ ਦੇ ਖ਼ਾ.ਅ. ਵਿਚ ਛਪਿਆ ਕਿ ਮੁਕੱਦਮੇ ਦਾ ਫੈਸਲਾ ਹੋ ਗਿਆ ਹੈ ਅਤੇ ਅਖ਼ਬਾਰ ਨੇ ੫੧ ਰੁਪਏ ਬਾਵਾ ਉਦੇ ਸਿੰਘ ਦੀ ਖੇਚਲ ਵਿਚ ਭਰੇ ਹਨ। ੫ ਮਈ, ੧੮੯੮ ਦੇ ਖ਼ਾ.ਅ. ਵਿਚ ਖ਼ਬਰ ਲੱਗੀ ਕਿ ਗਿਆਨੀ ਜੀ ਦੁਆਰਾ ਕੀਤੀ ਅਪੀਲ ਦੇ ਆਧਾਰ ’ਤੇ ਬੈਂਚ ਨੇ ੩੦ ਅਪ੍ਰੈਲ ਨੂੰ ਫੈਸਲਾ ਸੁਣਾਇਆ, ਜਿਸ ਵਿਚ ਗਿਆਨੀ ਜੀ ਨੂੰ ਬਰੀ ਤੇ ਜ਼ੁਰਮਾਨਾ ਮਾਫ਼ ਕਰ ਦਿੱਤਾ ਗਿਆ ਹੈ।

ਗਿਆਨੀ ਜੀ ਦੀ ਜੋ ਕਲਮ ਚੱਲੀ, ਉਸ ਨਾਲ ਨਿਸ਼ਚਿਤ ਤੌਰ ’ਤੇ ਸਿੱਖ ਕੌਮ ਵਿਚ ਜਾਗ੍ਰਿਤੀ ਵੀ ਆਈ ਅਤੇ ਸਿਖ ਕੌਮ ਲਈ ਰਾਹ-ਦਸੇਰਾ ਸਾਹਿਤ ਵੀ ਪੈਦਾ ਹੋਇਆ। ਗਿਆਨੀ ਜੀ ਨੇ ੫੦ ਦੇ ਲੱਗਭਗ ਕਿਤਾਬਾਂ ਲਿਖੀਆਂ ਅਤੇ ਅਨੇਕਾਂ ਲੇਖ ਆਦਿ ਖ਼ਾ.ਅ. ਵਿਚ ਛਪੇ। ਖ਼ਾ.ਅ. ਵਿਚ ਆਪ ਜੀ ਦੀਆਂ ਹੇਠ ਲਿਖੀਆਂ ਪੁਸਤਕਾਂ ਦੇ ਵੇਰਵੇ ਮਿਲਦੇ ਹਨ:-

| | |
|---|---|
| ੧. ‘ਡਰਪੋਕ ਸਿੰਘ’।[੧੧] | (ਖਾਲਸਾ ਧਰਮ ਪ੍ਰਚਾਰਕ, ੧੧-੩-੯੫) |
| ੨. ‘ਗੁਰੂ ਅਰਜਨ ਚਰਿਤ’। | (ਖ਼ਾ.ਅ., ੧੨-੬-੧੮੯੬) |
| ੩. ‘ਸੁਲਤਾਨ ਪੁਆੜਾ’। | (ਖ਼ਾ.ਅ., ੨੪-੭-੧੮੯੬) |
| ੪. ‘ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ’। | (ਖਾ.ਅ., ੧੧-੯-੧੮੯੬) |
| ੫. ‘ਭਾਰਤ ਮੰਗਲ’ (ਟ੍ਰੈਕਟ)। | (ਖ਼ਾ.ਅ., ੨੪-੧੨-੧੮੯੭) |
| ੬. ‘ਦੁਰਗਾ ਪ੍ਰਬੋਧ’। | (ਖ਼ਾ.ਅ., ੧੫-੯-੧੮੯੯) |
| ੭. ‘ਗੁਰਮਤਿ ਆਰਤੀ ਪ੍ਰਬੋਧ’। | (ਖ਼ਾ.ਅ., ੨੭-੪-੧੯੦੦) |
| ੮. ‘ਖਾਲਸਾ ਧਰਮ ਦਰਪਨ’। | (ਖ਼ਾ.ਅ., ੧੬-੧੧-੧੯੦੦) |
| ੯. ‘ਪੰਮਾ ਪ੍ਰਬੋਧ’।[੧੩] | (ਖ਼ਾ.ਸ., ੧੨-੨-੧੯੦੨) |
| ੧੦.‘ਦੰਭ ਵਿਦਾਰਨ’।[੧੪] | (ਖ਼ਾ.ਸ., ੩-੭-੦੨) |

ਖ਼ਾ.ਅ. ਵਿਚ ਆਪ ਜੀ ਦੇ ਜੋ ਮਹੱਤਵਪੂਰਨ ਲੇਖ ਪ੍ਰਕਾਸ਼ਿਤ ਹੋਏ ਉਨ੍ਹਾਂ ਦਾ ਵੇਰਵਾ ਡਾ. ਕਰਨੈਲ ਸਿੰਘ (ਸੋਮਲ)[੧੫] ਨੇ ਇਸ ਪ੍ਰਕਾਰ ਦਿੱਤਾ ਹੈ-

| | |
|---|---|
| ੧. ਸੱਚੀ ਸੂਰਬੀਰਤਾ। | (ਖ਼ਾ.ਅ., ੧੪-੫-੧੮੯੭) |
| ੨. ਸੱਚਾ ਉਤਸ਼ਾਹ। | (ਖ਼ਾ.ਅ., ੨੧-੫-੧੮੯੭) |
| ੩. ਸੁਰ ਅਤੇ ਅਸੁਰ ਦਾ ਜੰਗ। | (ਖ਼ਾ.ਅ., ੧-੭-੧੮੯੭) |
| ੪. ਸਿੱਖ ਕੌਮ ਦੀ ਖੱਤੇ ਵੰਡ ਕਾਠ ਵੰਡ ਯਾਂ ਦਿੱਲੀ ਦੀ ਲੁੱਟ। | (ਖ਼ਾ.ਅ., ੭-੪-੧੮੯੮) |
| ੫. ਸੰਸਾਰ ਦੇ ਉਪਦੇਸ਼ਕਾਂ ਦੇ ਮੁਕਾਬਲੇ। | (ਖ਼ਾ.ਅ., ੨੮-੪-੧੮੯੮) |
| ੬. ਬਾਈਬਲ ਦੀ ਕਹਾਣੀ ਦਾ ਦ੍ਰਿਸ਼ਟਾਂਤ। | (ਖ਼ਾ.ਅ., ੧੮-੮-੧੮੯੮) |
| ੭. ਸਿੰਧ ਦੀ ਯਾਤਰਾ (ੳ,ਅ)। | (ਖ਼ਾ.ਅ. ੧-੧-੧੮੯੯, ੧੨-੧-੧੮੯੯) |

੮. ਸੱਚਾ ਗਿਯਾਨ। (ਖ਼ਾ.ਅ. ੩੦-੩-੧੮੯੯)
੯. ਪਿੰਡਾਂ ਦੇ ਸਿੱਖਾਂ ਦਾ ਹਾਲ। (ਖ਼ਾ.ਅ. ੨੯-੯-੧੮੯੯)
੧੦. ਸ਼ਬਦ ਅਤੇ ਉਸ ਦੀ ਸਮਰਥਾ। (ਖ਼ਾ.ਅ. ੮-੫-੧੮੯੩)
੧੧. ਜਨਮਸਾਖੀ ਗੁਰੂ ਨਾਨਕ ਜੀ। (ਖ਼ਾ.ਅ. ੮-੫-੧੮੯੩)
੧੨. ਧਰਮ ਪ੍ਰਚਾਰ ਅਤੇ ਦੁਖਾਂ ਦੀ ਬੁਝਾੜ (ਬੁਛਾੜ)। (ਖ਼ਾ.ਅ. ੧੩-੧੧-੧੮੯੩)
੧੩. ਧਰਮ ਅਤੇ ਭਈਚਾਰਾ। (ਖ਼ਾ.ਅ. ੨੫-੯-੧੮੯੩)
੧੪. ਪਰਉਪਕਾਰ ਅਤੇ ਬਦਲ ਦੀ (ਦੀਆਂ) ਬੂੰਦਾਂ। (ਖ਼ਾ.ਅ. ੧੫-੧-੧੮੯੪)
੧੫. ਸੁਤੰਤਰਤਾ। (ਖ਼ਾ.ਅ. ੨੯-੧-੧੮੯੪)
੧੬. ਜਾਨਵਰਾਂ ਅਤੇ ਰੁੱਖਾਂ ਤੋਂ ਆਪਣੇ ਬਚਨ ਦੀ ਸਿੱਖਯਾ। (ਖ਼ਾ.ਅ. ੪-੮-੧੮੯੯)
੧੭. ਸਾਡਾ ਦੁਨੀਆਂ ਪਰ ਫੈਲਨ ਦਾ ਉਪਾਉ। (ਖ਼ਾ.ਅ. ੨੫-੮-੧੮੯੯)
੧੮. ਇਤਫ਼ਾਕ ਕਯਾ ਵਸਤੂ ਹੈ। (ਖ਼ਾ.ਅ. ੨-੨-੧੯੦੦)
੧੯. ਖਾਲਸਾ ਵਿਚ ਸਦਾ ਤੇ ਹੀ ਧੋਖਾ ਖਾ ਕੇ ਦੁਖ ਪਾਉਣੇ (੧)। (ਖ਼ਾ.ਅ. ੮-੬-੧੯੦੦)
੨੦. ਖਾਲਸਾ ਵਿਚ ਸਦਾ ਤੇ ਹੀ ਧੋਖਾ ਖਾ ਕੇ ਦੁਖ ਪਾਉਣੇ (੨)। (ਖ਼ਾ.ਅ. ੨੨-੬-੧੯੦੦)
੨੧. ਬੀਮਾਰ ਅਤੇ ਉਸ ਦਾ ਇਲਾਜ਼। (ਖ਼ਾ.ਅ. ੧੩-੭-੧੯੦੦)

ਉਕਤ ਕਿਤਾਬਾਂ ਅਤੇ ਲੇਖਾਂ ਤੋਂ ਇਲਾਵਾ ਗਿਆਨੀ ਜੀ ਦੀ ਕਲਮ ਖ਼ਾ.ਅ. ਵਿਚ ਲਗਾਤਾਰ ਚੱਲਦੀ ਰਹੀ, ਜੋ ਗਿਆਨੀ ਜੀ ਵਿਦਵਤਾ ਅਤੇ ਸੰਪਾਦਨ ਕਲਾ ਦੀ ਜਿਊਂਦੀ-ਜਾਗਦੀ ਮਿਸਾਲ ਹੈ। ਗਿਆਨੀ ਜੀ ਦੀ ਸੰਪਾਦਕੀ ਬਾਰੇ ੧੧ ਸਤੰਬਰ, ੧੯੦੧ ਦੇ ਖ਼ਾ.ਸ. ਵਿਚ ਭਾਈ ਵੀਰ ਸਿੰਘ ਜੀ ਲਿਖਦੇ ਹਨ, "ਖ਼ਾਲਸਾ ਅਖ਼ਬਾਰ ਦੀ ਐਡੀਟਰੀ (ਸੰਪਾਦਕੀ) ਦੇ ਜ਼ਰੀਏ ਆਪਨੇ ਪੰਥ ਵਿਚ ਪਰਸਪਰ ਹਮਦਰਦੀ ਪੈਦਾ ਕਰਨੇ ਵਿਚ ਬੜਾ ਭਾਰਾ ਹਿਸਾ ਲੀਤਾ, ਅਰ ਕੌਮ ਨੂੰ ਉੱਨਤੀ ਦੇਣੇ ਤੇ ਅਪਨੇ ਵਜੂਦ ਨੂੰ ਇਕ ਜੁਦਾ ਤੇ ਸੰਪੂਰਣ ਕੌਮ ਸਮਝਣ ਦੇ ਨਿਯਮ ਨੂੰ ਖੂਬ ਫੈਲਾਇਆ। ਆਪਦੀ ਕਲਮ ਦੀ ਸੇਵਾ ਨੂੰ ਪੰਥ ਦੀ ਐਨੀ ਜ਼ਰੂਰਤ ਸੀ ਕਿ ਜਿਸ ਦੀ ਹੱਦ ਨਹੀਂ,... ਆਪਦੇ ਦੇਹਾਂਤ ਨਾਲ ਕੌਮ ਨੂੰ ਸਖ਼ਤ ਨੁਕਸਾਨ ਪਹੁੰਚਾ ਹੈ। ਕਿਉਂਕਿ ਉਨ੍ਹਾਂ ਦੀ ਲਿਆਕਤ ਦਾ ਦੂਸਰਾ ਆਦਮੀ ਨਜ਼ਰ ਨਹੀਂ ਆਉਂਦਾ। ਕੌਮ ਵਿੱਚੋਂ ਐਸੇ ਆਦਮੀ ਦਾ ਨਿਕਲ ਜਾਣਾ ਬੜਾ ਦੁਖਦਾਈ ਹੈ। ਕਿਉਂਕਿ ਐਡੀਟਰੀ (ਸੰਪਾਦਕੀ) ਜੋ ਭਾਈ ਦਿੱਤ ਸਿੰਘ ਜੀ ਕਰ ਗਏ ਹਨ ਸੋ ਉਨ੍ਹਾਂ ਦੇ ਨਾਲ ਹੀ ਸਮਾਪਤ ਹੋ ਗਈ।" ੧੩ ਜੂਨ, ੧੮੮੬ ਈ. ਨੂੰ ਸਿੰਘ ਸਭਾ ਲਾਹੌਰ ਦੀ ਛਤਰ ਛਾਇਆ ਅਤੇ ਗਿਆਨੀ ਜੀ ਦੀ ਐਡੀਟਰੀ (ਸੰਪਾਦਕੀ) ਹੇਠ ਨਿਕਲੇ ਖ਼ਾ.ਅ. ਸੰਬੰਧੀ ਇਸੇ ਅਖ਼ਬਾਰ ਵਿਚ ਛਪੀਆਂ ਕੁਝ ਮਹੱਤਵਪੂਰਨ ਜਾਣਕਾਰੀਆਂ ਇਸ ਪ੍ਰਕਾਰ

ਹਨ:-

◆ ੪ ਜੂਨ, ੧੮੮੭ ਈ. ਨੂੰ ਖ਼ਾ.ਅ. ਦੇ ਇੱਕ ਸਾਲ ਪੂਰਾ ਹੋਣ ਬਾਰੇ ਲੰਮਾ ਲੇਖ ਛਪਿਆ ਹੈ, ਜਿਸ ਵਿਚ ਸਮੇਂ-ਸਮੇਂ ਛਪੇ ਮਜ਼ਮੂਨਾਂ ਦਾ ਵੇਰਵਾ, ਪਾਠਕਾਂ ਉੱਪਰ ਪਏ ਅਸਰ ਅਤੇ ਧਰਮ ਦੇ ਠੇਕੇਦਾਰਾਂ ਵਿਚ ਪੈਦਾ ਹੋਏ ਡਰ ਬਾਰੇ ਚਰਚਾ ਕੀਤੀ ਗਈ ਹੈ।

◆ ੨੧ ਜੁਲਾਈ, ੧੮੮੮ ਈ. ਨੂੰ ਲਿਖਿਆ ਗਿਆ ਕਿ ਐਡੀਟਰ ਨੇ ਤਿੰਨ ਮਹੀਨੇ ਦੀ ਛੁੱਟੀ ਲਈ ਤੇ ਭਾਈ ਬਸੰਤ ਸਿੰਘ ਜੀ ਉਨ੍ਹਾਂ ਦੀ ਥਾਵੇਂ ਐਡੀਟਰ ਹੋਣਗੇ।

◆ ਅਗਸਤ ੧੮੮੯ ਈ. ਨੂੰ ਲਿਖਿਆ ਗਿਆ ਕਿ ਐਡੀਟਰ ਢਾਈ ਮਹੀਨਿਆਂ ਦੀਆਂ ਛੁੱਟੀਆਂ ਦੇ ਕਾਰਨ ਲਾਹੌਰ ਤੋਂ ਬਾਹਰ ਸੈਰ ਕਰਨ ਵਾਸਤੇ ਜਾ ਰਹੇ ਹਨ, ਐਡੀਟਰ ਖ਼ਾ.ਅ. ਹੁਣ ਕੋਈ ਹੋਰ ਹੋਵੇਗਾ। ਪ੍ਰਕਾਸ਼ਿਤ ਹੋਣ ਵਾਲੇ ਮਜ਼ਮੂਨ, ਜੋ ਹੋਰ ਕੋਈ ਛਾਪੇਗਾ, ਉਹ ਹੀ ਜ਼ਿੰਮੇਵਾਰ ਹੋਵੇਗਾ।

◆ ੧ ਮਈ, ੧੮੯੩ ਈ. ਨੂੰ ਗਿਆਨੀ ਜੀ ਨੇ ਸਿੰਘ ਸਭਾ ਲਾਹੌਰ ਤੋਂ ਆਗਿਆ ਲੈ ਕੇ ਖ਼ਾ.ਅ. ਆਪਣੇ ਖ਼ਰਚ 'ਤੇ ਜਾਰੀ ਕੀਤਾ।[੧੬]

◆ ੩ ਮਈ, ੧੮੯੫ ਈ. ਦੇ ਖ਼ਾ.ਅ. ਵਿਚ ਆਪ ਲਿਖਦੇ ਹਨ ਕਿ ਦੁਬਾਰਾ ਸ਼ੁਰੂ ਹੋਏ ਅਖ਼ਬਾਰ ਦੇ ਦੋ ਸਾਲ ਬੀਤ ਗਏ ਹਨ। ਇਹ ਅਖ਼ਬਾਰ ਅਮੋੜ ਚੱਲਦਾ ਰਿਹਾ ਹੈ, ਭਾਵੇਂ ਇਸ ਦੇ ਮਜ਼ਮੂਨ ਕੁਝ ਲੋਕਾਂ ਨੂੰ ਚੁਭਦੇ ਰਹੇ ਹਨ, ਪਰ ਫਿਰ ਵੀ ਇਸ ਅਖ਼ਬਾਰ ਨੇ ਕੌਮ ਦੀ ਬਹੁਤ ਸੇਵਾ ਕੀਤੀ ਹੈ ਅਤੇ ਜਿਨ੍ਹਾਂ ਕੁਰੀਤੀਆਂ ਨੂੰ ਇਸ ਨੇ ਦੂਰ ਕੀਤਾ ਹੈ, ਉਹ ਵੀ ਇਸ ਦੇ ਪਾਠਕ ਜਾਣਦੇ ਹਨ।

◆ ੨੮ ਮਈ, ੧੮੯੭ ਈ. ਦੇ ਖ਼ਬਰਾਂ ਵਾਲੇ ਕਾਲਮ ਵਿਚ ਗਿਆਨੀ ਜੀ ਲਿਖਦੇ ਹਨ ਕਿ ਖ਼ਾ.ਅ. ਦੀ ਗਿਣਤੀ ਦੋ ਸੌ ਤੋਂ ਵਧ ਕੇ ਸੱਤ ਸੌ ਹੋ ਗਈ ਹੈ।

◆ ੩੧ ਦਸੰਬਰ, ੧੮੯੭ ਦੇ ਖ਼ਬਰਾਂ ਵਾਲੇ ਕਾਲਮ ਵਿਚ ਦਰਜ ਹੈ ਕਿ ਖ਼ਾ.ਅ. ੪੦੦ ਤੋਂ ਵਧ ਕੇ ਹੁਣ ੮੦੦ ਛਪਦਾ ਹੈ।

ਖ਼ਾ.ਅ. ਤੋਂ ਇਲਾਵਾ ਵੀ ਗਿਆਨੀ ਜੀ ਦੀ ਸਦਾ ਕੋਸ਼ਿਸ਼ ਰਹੀ ਕਿ ਹੋਰ ਰਸਾਲੇ ਕੱਢੇ ਜਾਣ। ਇਸੇ ਮਕਸਦ ਤਹਿਤ ਉਨ੍ਹਾਂ ਦੀ ਸੰਪਾਦਕੀ ਹੇਠ ਜਨਵਰੀ ੧੮੮੬ ਵਿਚ ਯੂਨੀਵਰਸਿਟੀ ਪੰਜਾਬ ਵਲੋਂ 'ਵਿਦਜਾਰਕ ਪੰਜਾਬ'ਰਸਾਲਾ ਕੱਢਿਆ ਗਿਆ, ਪਰ ਇਹ ਅਪ੍ਰੈਲ ਤਕ ਚਾਰ ਪਰਚੇ ਕੱਢ ਕੇ ਬੰਦ ਹੋ ਗਿਆ ਸੀ। ਇਸ ਤੋਂ ਬਾਅਦ ਗਿਆਨੀ ਜੀ ਨੇ ੧੦ ਮਾਰਚ, ੧੮੮੮ ਦੇ ਖ਼ਾ.ਅ. ਵਿਚ ਇਸ਼ਤਿਹਾਰ ਦਿੱਤਾ ਕਿ ਆਪ ਇਕ ਰਸਾਲਾ ਕੱਢਣ ਲੱਗੇ ਹਨ, ਜਿਸਦਾ ਚੰਦਾ ੧੧ ਰੁਪਏ ਸਾਲਾਨਾ ਹੋਵੇਗਾ, ਇਸ ਵਿਚ ਖਾਲਸਾ ਧਰਮ ਦਾ ਵਰਣਨ ਅਤੇ ਪਖੰਡ ਖੰਡਨ ਹੋਵੇਗਾ। ਪੱਤਰਕਾਰੀ ਦੇ ਨਾਲ ਤਾਂ ਗਿਆਨੀ ਜੀ ਇਤਨਾ ਪਿਆਰ ਸੀ ਕਿ ਉਨ੍ਹਾਂ ਨੇ ਇਸ ਦੀ ਕਾਮਯਾਬੀ ਲਈ 'ਖ਼ਾਲਸਾ ਪ੍ਰੈੱਸ' ਹੋਂਦ ਵਿਚ ਲਿਆਂਦੀ ਸੀ, ਜਿਸ ਦੇ ਜਲਦੀ ਹੋਂਦ ਵਿਚ ਆਉਣ ਦੀ ਸੂਚਨਾ ਗਿਆਨੀ ਜੀ ਨੇ ੧੦ ਮਈ, ੧੮੯੫ ਈ. ਖ਼ਾ.ਅ. ਵਿਚ ਦਿੱਤੀ ਅਤੇ ਕਿਹਾ ਕਿ ਇਸ ਪ੍ਰੈੱਸ ਵਿਚ ਗੁਰੂ-ਘਰ ਦੇ ਸ਼ੁੱਧ ਅਤੇ ਸੁੰਦਰ ਅੱਖ਼ਰਾਂ ਤੇ ਅੱਛੇ ਕਾਗ਼ਜ਼ਾਂ ਉੱਤੇ ਪੁਸਤਕ ਛਾਪੇ ਜਾਣਗੇ। ਅਗਲੇ ਮਹੀਨੇ ੨੮ ਜੂਨ ਨੂੰ ਖ਼ਬਰ ਛਪੀ ਕਿ ਖ਼ਾਲਸਾ ਪ੍ਰੈੱਸ ਆ ਗਿਆ ਹੈ। ਆਸ ਹੈ, ਜੁਲਾਈ

ਦੇ ਪਹਿਲੇ ਹਫ਼ਤੇ ਦਾ ਅਖ਼ਬਾਰ ਉਸ ਵਿਚ ਛਪੇਗਾ। ਮੈਨੇਜਰ ਭਾਈ ਮਈਆ ਸਿੰਘ[੧੭] ਹੋਣਗੇ।

ਗਿਆਨੀ ਜੀ ਵਿੱਦਿਆ ਪ੍ਰੇਮੀ ਸਨ ਅਤੇ ਪੰਜਾਬੀ ਭਾਸ਼ਾ ਦੇ ਵਿਕਾਸ ਲਈ ਸਦਾ ਯਤਨਸ਼ੀਲ ਰਹੇ। ਪੰਜਾਬੀ ਵਿਚ ਅਖ਼ਬਾਰ ਆਦਿ ਛਾਪਣੇ ਉਨ੍ਹਾਂ ਦੇ ਇਸ ਦਿਸ਼ਾ ਵੱਲ ਨਿੱਗਰ ਕਦਮ ਕਹੇ ਜਾ ਸਕਦੇ ਹਨ। ਜੁਲਾਈ ੧੮੯੩ ਵਿਚ ਗਿਆਨੀ ਜੀ ਨੇ ਆਪਣੀ ਲੇਖਣੀ ਵਿਚ ਵੱਡਾ ਮੋੜ ਇਹ ਲਿਆਂਦਾ ਕਿ ਆਪ ਨੇ ਆਪਣੇ ਮਜ਼ਮੂਨ ਅਤੇ ਕਵਿਤਾ ਬ੍ਰਿਜ ਭਾਸ਼ਾ ਦੀ ਥਾਂ ਪੰਜਾਬੀ ਵਿਚ ਲਿਖਣੀ ਅਰੰਭ ਕਰ ਦਿਤੀ। ਸਮੇਂ ਦੀ ਲੋੜ ਨੂੰ ਸਮਝਦਿਆਂ ਆਪ ਨੇ ਦਸੰਬਰ ੧੮੯੫ ਈ. ਵਿਚ ਪੰਜਾਬੀ ਭਾਸ਼ਾ ਤੇ ਗੁਰਮੁਖੀ ਵਿੱਦਿਆ ਦੇ ਸਕੂਲਾਂ ਵਿਚ ਪੜ੍ਹਾਏ ਜਾਣ ਵਾਸਤੇ ਮਜ਼ਮੂਨ ਲਿਖਣੇ ਅਰੰਭੇ। ਹਿੰਦੀ ਤੇ ਉਰਦੂ ਦੇ ਮੁਕਾਬਲੇ 'ਤੇ ਆਪ ਨੇ ਦੱਸਿਆ ਹੈ ਕਿ ਪੰਜਾਬ ਲਈ ਪੰਜਾਬੀ ਹੀ ਸੁਖਦਾਈ ਤੇ ਸੌਖੀ ਸਮਝੀ ਜਾ ਸਕਦੀ ਤੇ ਉੱਨਤੀ ਦਾ ਕਾਰਨ ਹੋ ਸਕਦੀ ਹੈ।[੧੮] ੨੫ ਮਈ, ੧੯੦੦ ਈ. ਦੇ ਖ਼ਾ.ਅ. ਵਿਚ ਗਿਆਨੀ ਜੀ ਦਾ ਪੰਜਾਬੀ ਭਾਸ਼ਾ ਤੇ ਐਜੂਕੇਸ਼ਨ ਕਮਿਸ਼ਨ ਵਿਸ਼ੇ ਉੱਪਰ ਲੇਖ ਛਪਿਆ ਜੋ ਪੜ੍ਹਨ ਯੋਗ ਹੈ। ਵਿਦਿਆਰਥੀਆਂ ਨੂੰ ਹੋਰ ਭਾਸ਼ਾਵਾਂ ਦਾ ਗਿਆਨ ਕਰਾਉਣ ਦੇ ਯਤਨ ਤਹਿਤ ਆਪ ਨੇ ੫-੧੧-੧੮੯੭ ਦੇ ਖ਼ਾ.ਅ. ਵਿਚ ਇਹ ਇਸ਼ਤਿਹਾਰ ਵੀ ਦਿੱਤਾ ਸੀ ਕਿ ਜੇਕਰ ਕੋਈ ਵਿਦਿਆਰਥੀ ਅੰਗਰੇਜ਼ੀ ਜਾਂ ਸੰਸਕ੍ਰਿਤ ਵਿੱਦਿਆ ਹਾਸਲ ਕਰਨਾ ਚਾਹੁੰਦਾ ਹੈ ਤਾਂ ਉਹ ਓਰੀਅੰਟਲ ਕਾਲਜ ਵਿਚ ਬਿਨਾ ਫੀਸ ਪੜ੍ਹਾਈ ਕਰ ਸਕਦਾ ਹੈ।

ਗਿਆਨੀ ਜੀ ਦੇ ਜੀਵਨ ਸੰਬੰਧੀ ਜਿਨ੍ਹਾਂ ਨੇ ਥੋੜਾ ਵੀ ਪੜ੍ਹਿਆ ਹੈ, ਉਹ ਜਾਣਦੇ ਹਨ ਕਿ ਗਿਆਨੀ ਜੀ ਦਾ ਜੀਵਨ, ਸੰਘਰਸ਼ ਦਾ ਜੀਵਨ ਰਿਹਾ ਹੈ, ਕਿਉਂਕਿ ਗਿਆਨੀ ਜੀ ਨੇ ਸਮਝੌਤਿਆਂ ਦੀ ਜ਼ਿੰਦਗੀ ਨਾਲੋਂ ਗੁਰਮਤਿ ਵਾਲੇ ਜੀਵਨ ਨੂੰ ਹਮੇਸ਼ਾ ਤਰਜ਼ੀਹ ਦਿੱਤੀ। 'ਸ਼ੁਧੀ ਪਤ੍ਰ' ਦੇ ਹਾੜ, ਸਾਵਣ, ਭਾਦ੍ਰੋਂ, ਅੱਸੂ ਤੇ ਕੱਤਕ ਸੰਮਤ ਨਾਨਕਸ਼ਾਹੀ ੪੨੮ (ਸੰਨ ੧੮੯੭) ਦੇ ਰਸਾਲਿਆਂ ਵਿਚ ਗਿਆਨੀ ਜੀ ਦੁਆਰਾ ਕੀਤੇ ਕੁਝ ਸਵਾਲਾਂ ਦੇ ਉੱਤਰ ਦੇਣ ਦੇ ਨਾਲ-ਨਾਲ ਗਿਆਨੀ ਜੀ ਅਤੇ ਖ਼ਾ.ਅ. ਦੀ ਡਟ ਕੇ ਆਲੋਚਨਾ ਕੀਤੀ ਗਈ, ਜਿਸ ਦਾ ਮੁੱਖ ਕਾਰਨ ਇਹ ਸੀ ਕਿ ਗਿਆਨੀ ਜੀ ਨੇ 'ਸ਼ੁਧੀ ਸਭਾ' ਵੱਲੋਂ ਮੋਨਿਆਂ ਨੂੰ ਵੀ ਆਪੂੰ ਬਣਾਈ ਵਿਸ਼ੇਸ਼-ਵਿਧੀ[੧੯] (ਜਿਸ ਨੂੰ ਉਹ ਪ੍ਰਾਚੀਨ ਰੀਤੀ ਕਹਿੰਦੇ ਸਨ) ਰਾਹੀਂ ਸਿੱਖ ਧਰਮ ਵਿਚ ਸ਼ਾਮਲ ਕੀਤਾ ਜਾ ਰਿਹਾ ਸੀ, ਜਿਸ ਦੇ ਲਈ ਗਿਆਨੀ ਜੀ ਨੇ ਉਨ੍ਹਾਂ ਨੂੰ ਕਈ ਵਾਰ ਜ਼ੁਬਾਨੀ ਸਮਝਾਉਣ ਦਾ ਯਤਨ ਕੀਤਾ ਸੀ, ਪਰ ਕੋਈ ਅਸਰ ਨਾ ਹੋਣ 'ਤੇ ਗਿਆਨੀ ਜੀ ਨੇ ਖ਼ਾ.ਅ. ੯, ੧੬ ਜੁਲਾਈ, ੧੮੯੭ ਈ. ਵਿਚ ਇਸ ਦੀ ਵਿਰੋਧਤਾ ਵਜੋਂ ਲਿਖਿਆ। 'ਸ਼ੁਧੀ ਪਤ੍ਰ' ਦੇ ਭਾਦ੍ਰੋਂ ਵਾਲੇ ਅੰਕ ਵਿਚ ਦਰਜ ਹੈ ਕਿ "੧੭ ਅਪ੍ਰੈਲ, ਸੰ. ੧੮੯੩ ਨੂੰ ਜਦ ਸ਼ੁਧੀ ਸਭਾ (ਇਸ ਦੇ ਮੈਂਬਰ ਹਿੰਦੂ ਆਰੀਆ ਸਮਾਜੀ[੨੦] ਵੀ ਸਨ) ਪੈਹਲੇ ਪੈਹਲ ਕਾਇਮ ਹੋਈ ਸੀ, ਉਸ ਵੱਲੋਂ ਇਸ ਦੀ ਕਾਰਵਾਈ ਦੇ ਜੋ ਨਿਯਮ ਸਭਾ ਮੈਂਬਰਾਂ ਨੇ ਬਨਾਏ ਸੇ ਉਹਨਾਂ ਵਿਚ ਮੋਨਾ ਸ਼ੁਧੀ ਅਰਥਾਤ ਹਿੰਦੂ ਪਤਤ ਭਾਈਆਂ ਨੂੰ ਪ੍ਰਾਚੀਨ ਰੀਤੀ ਗੁਰੂ ਮੰਤ੍ਰ ਨਾਲ ਸ਼ੁਧ ਕਰਨ ਦਾ ਨਿਯਮ ਭੀ ਬਦਸਤੂਰ ਜਾਰੀ ਰਖਿਆ

ਗਿਆ ਸੀ।" ਗਿਆਨੀ ਜੀ ਕੇਵਲ ਖੰਡੇ ਦੀ ਪਾਹੁਲ ਛਕਾਉਣ ਦੀ ਗੱਲ ਕਰਦੇ ਸਨ, ਜਦੋਂ ਕਿ ਸ਼ੁਧੀ ਸਭਾ ਵਾਲੇ ਆਪਣੀ ਚਲਾਈ ਰੀਤੀ ਨੂੰ ਕਾਇਮ ਰੱਖਣ ਲਈ ਹਮੇਸ਼ਾ ਟਾਲ-ਮਟੋਲ ਕਰਦੇ ਸਨ ਅਤੇ ਇਹ ਕਹਿੰਦੇ ਸਨ ਕਿ ਇਸ ਰੀਤੀ ਨੂੰ ਕਿਸੇ ਗੁਰਮਤੇ ਦੁਆਰਾ ਹੀ ਹਟਾਇਆ ਜਾ ਸਕਦਾ ਹੈ, ਪਰ ਅਫ਼ਸੋਸ ਦੀ ਗੱਲ ਇਹ ਹੈ ਕਿ ਭਾਈ ਘਨਈਆ ਸਿੰਘ ਵਰਗਿਆਂ ਨੂੰ ਆਪਣੇ ਤੋਂ ਬਿਨਾ ਪੂਰੇ ਲਾਹੌਰ ਵਿਚ ਹੋਰ ਕੋਈ ਗੁਰਸਿੱਖ ਹੀ ਨਜ਼ਰ ਨਹੀਂ ਸੀ ਆਉਂਦਾ, ਜਿਸ ਬਾਰੇ ਉਹ ਸਾਵਣ ਦੇ ਅੰਕ ਵਿਚ ਲਿਖਦੇ ਹਨ, "ਗੁਰਮਤਾ ਹੁੰਦਾ ਹੈ ਘੱਟੋ ਘੱਟ ਪੰਜ ਪੱਕੇ ਸਿੰਘਾਂ ਦੀ ਇਕੱਤ੍ਰਤਾ ਨਾਲ ਅਜੇਹੇ ਗੁਣਾਂ ਵਾਲੇ ਸਿੰਘ ਅਸੀਂ ਢੂੰਢ ਥਕੇ, ਸਾਰੇ ਲਾਹੌਰ ਵਿੱਚੋਂ ਜਾਂ ਲਾਹੌਰ ਦੀਆਂ ਸਭਾ ਸੁਸਾਇਟੀਆਂ ਵਿੱਚੋਂ ਸਾਨੂੰ ਇਕ ਵੀ ਨਾ ਮਿਲਿਆ"।

ਸਮਕਾਲੀ ਅਖ਼ਬਾਰਾਂ/ਰਸਾਲਿਆਂ ਤੋਂ ਤਾਂ ਇਹ ਹੀ ਤੱਥ ਉੱਭਰ ਕੇ ਸਾਹਮਣੇ ਆਉਂਦੇ ਹਨ ਕਿ ਗਿਆਨੀ ਦਿੱਤ ਸਿੰਘ ਆਪਣੇ ਸਮੇਂ ਦੇ ਨਿਰਭੈ ਨਾਇਕ ਸਨ ਅਤੇ ਸਾਰਾ ਕੁਝ ਉਨ੍ਹਾਂ ਦੇ ਦੁਆਲੇ ਹੀ ਘੁੰਮਦਾ ਸੀ। ਗਿਆਨੀ ਜੀ ਨੇ ਪੰਥ ਵਿੱਚੋਂ ਕੁਰੀਤੀਆਂ ਦੂਰ ਕਰਨ ਅਤੇ ਪੰਥ-ਹਿਤੈਸ਼ੀ ਦਿੱਸਣ ਵਾਲਿਆਂ ਦਾ ਪਾਜ ਉਘਾੜਨ ਦਾ ਜੋ ਕਾਰਜ ਅਰੰਭਿਆ ਸੀ, ਉਸ ਵਿਚ ਕਾਫੀ ਹੱਦ ਤਕ ਸਫਲਤਾ ਪ੍ਰਾਪਤ ਕਰ ਲਈ ਸੀ। ਇਸ ਕਾਰਜ ਭਾਰ ਦੇ ਬੋਝ ਕਾਰਨ ਉਹ ਕਈ ਵਾਰ ਸਖ਼ਤ ਬੀਮਾਰ ਵੀ ਹੋਏ ਸਨ। ੧੩-੮-੧੮੯੭ ਈ. ਦੇ ਖ਼ਾ.ਅ. ਵਿਚ ਖ਼ਬਰ ਛਪੀ ਕਿ ਗਿਆਨੀ ਜੀ ਦੇ ਸਖ਼ਤ ਬਿਮਾਰ ਹੋਣ ਕਰਕੇ ਅਖ਼ਬਾਰ ਵਿਚ ਧਰਮ ਦੇ ਮਜ਼ਮੂਨ ਨਹੀਂ ਛਪ ਸਕੇ। ਫਿਰ ਤਿੰਨ ਸਾਲ ਬਾਅਦ ੩੦-੧੧-੧੯੦੦ ਈ. ਦੇ ਖ਼ਾ.ਅ. ਵਿਚ ਖ਼ਬਰ ਛਪੀ ਹੈ ਕਿ ਆਪ ਸਖ਼ਤ ਬਿਮਾਰ ਹਨ ਇਸ ਲਈ ਅਖ਼ਬਾਰ ਵਿਚ ਖ਼ਾਸ ਮਜ਼ਮੂਨ ਨਹੀਂ ਜਾ ਰਹੇ। ਫਿਰ ੭-੮-੧੯੦੧ ਦੇ ਖ਼ਾ.ਸ. ਵਿਚ ਹੀ ਗਿਆਨੀ ਦਿੱਤ ਸਿੰਘ ਜੀ ਦੇ ਬਿਮਾਰ ਹੋਣ ਦੀ ਖ਼ਬਰ ਛਪੀ ਕਿ ਆਪ ਜੀ ਸਖ਼ਤ ਬੀਮਾਰ ਹਨ। ੧੪-੮-੧੯੦੧ ਈ. ਦੇ ਖ਼ਾ.ਸ. ਵਿਚ ਖ਼ਬਰ ਛਪੀ ਹੈ ਆਪ ਅੱਗੇ ਨਾਲੋਂ ਠੀਕ ਹਨ। ੨੧-੮-੧੯੦੧ ਈ. ਦੇ ਖ਼ਾ.ਸ. ਵਿਚ ਖ਼ਬਰ ਛਪੀ ਕਿ ਸਿੰਘ ਸਭਾ ਅੰਮ੍ਰਿਤਸਰ ਦੇ ਸਪਤਾਹਿਕ ਦੀਵਾਨ ਵਿਚ ਗਿਆਨੀ ਜੀ ਦੀ ਦੇਹ ਅਰੋਗਤਾ ਹਿੱਤ ਅਰਦਾਸਾ ਕੀਤਾ ਗਿਆ ਤੇ ਸਕਤ੍ਰ ਸਭਾ ਵੱਲੋਂ ਗਿਆਨੀ ਜੀ ਦੀ ਦੇਹ ਅਰੋਗਤਾ ਹਿੱਤ ਪਾਠ ਗਿਆਨੀ ਸਰਦੂਲ ਸਿੰਘ ਦੇ ਘਰ ਇਸੇ ਦਿਨ ਰੱਖਿਆ ਗਿਆ। ਗਿਆਨੀ ਜੀ ਦੀ ਵਧ ਰਹੀ ਬਿਮਾਰੀ ਦੀਆਂ ਖ਼ਬਰਾਂ ਖ਼ਾ.ਅ. ਵਿਚ ਲੜੀਵਾਰ ੧੬, ੨੩, ੩੦ ਅਗਸਤ, ੧੯੦੧ ਈ. ਨੂੰ ਛਪਦੀਆਂ ਰਹੀਆਂ।

ਆਖ਼ਰ ੬ ਸਤੰਬਰ, ੧੯੦੧ ਈ. ਦੇ ਖ਼ਾ.ਅ. ਵਿਚ ਗਿਆਨੀ ਜੀ ਦੇ ਗੁਰਪੁਰੀ ਚਲਾਣਾ ਕਰ ਜਾਣ ਦੀ ਖ਼ਬਰ ਛਪੀ:-

"ਸ਼ੋਕ ! ਸ਼ੋਕ !! ਮਹਾਂ ਸ਼ੋਕ !!!

ਅਸੀਂ ਵਡੇ ਹੀ ਦੁਖੀ ਹਿਰਦੇ ਅਤੇ ਸ਼ੋਕ ਨਾਲ ਆਪਣੇ ਪਾਠਕਾਂ ਪ੍ਰਤੀ ਪ੍ਰਗਟ ਕਰਦੇ ਹਾਂ ਕਿ ਭਾਈ ਦਿੱਤ ਸਿੰਘ ਜੀ ਗਯਾਨੀ ਇਸ ਸੰਸਾਰ ਤੋਂ ਸਾਢੇ ਦਸ ਬਜੇ ਦੁਪਹਿਰ ਤੋਂ ਪਹਿਲੇ ਕੂਚ ਕਰ ਗਏ ਹਨ। ਪਰਸੋਂ ਤੋਂ ਭਾਈ ਸਾਹਿਬ ਦੀ ਨਾਜ਼ਕ ਹਾਲਤ ਸੀ ਅਤੇ

ਰਾਤ ਨੂੰ ਬਹੁਤ ਦਸਤ ਆਉਂਦੇ ਰਹੇ। ਅਖ਼ਬਾਰ ਬਿਲਕੁਲ ਤਯਾਰ ਸੀ ਕਿ ਇਹ ਭਿਆਨਕ ਖ਼ਬਰ ਪਹੁੰਚੀ।"

੧੧-੯-੧੯੦੧ ਈ. ਦੇ ਖ਼ਾ.ਸ. ਵਿਚ ਅਫ਼ਸੋਸ ਦਾ ਐਡੀਟੋਰੀਅਲ ਛਪਿਆ ਜਿਸ ਵਿਚ ਲਿਖਿਆ ਗਿਆ ਕਿ ਬੀਮਾਰੀ ਸਮੇਂ "ਭਾਈ ਪਰਤਾਪ ਸਿੰਘ ਜੀ ਤਹਸੀਲਦਾਰ ਚੁੰਗੀ ਆਪਦੇ ਸੱਚੇ ਮਿੱਤਰ ਸਨ, ਜਿਨ੍ਹਾਂ ਨੇ ਬੀਮਾਰੀ ਸਮੇਂ ਅਥਕ ਸੇਵਾ ਕਰਕੇ ਸੱਚੀ ਮਿੱਤ੍ਰਤਾ ਨਿਬਾਹ ਕੇ ਦਿਖਲਾਈ, ਸਰਦਾਰ ਮੇਹਰ ਸਿੰਘ ਸਰਦੂਲ ਸਿੰਘ ਜੀ, ਮਾਸਟਰ ਬਾਗ ਸਿੰਘ ਜੀ, ਭਾਈ ਹਰਨਾਮ ਜੀ ਤੇ ਗਜਾਨੀ ਸਿੰਘ ਜੀ ਆਟੇ ਵਾਲੇ ਭਾਈ ਸੁਰਜਨ ਸਿੰਘ ਜੀ ਅਰ ਖਾਲਸਾ ਬੋਰਡਿੰਗ ਦੇ ਵਿਦਜਾਰਥੀਆਂ ਨੇ ਆਪਦੀ ਆਖਰੀ ਸੇਵਾ ਦਾ ਹਿੱਸਾ ਲੈਕੇ ਹਮਦਰਦੀ ਨਿਬਾਹੀ ਆਪ ਨੂੰ ਉਨ੍ਹਾਂ ਦੇ ਚਲਾਣੇ ਦਾ ਸਦਮਾ ਉਨ੍ਹਾਂ ਦੇ ਪਰਿਵਾਰ ਤੇ ਘਟ ਨਹੀਂ ਹੋਇਆ।" ਇਸੇ ਐਡੀਟੋਰੀਅਲ ਵਿਚ ਸੂਚਨਾ ਦਿੱਤੀ ਗਈ ਕਿ ਗਿਆਨੀ ਜੀ ਦੇ ਅਸਤਾਂ ਦੀ ਸਵਾਰੀ ੧੫ ਸਤੰਬਰ ਨੂੰ ਸਵੇਰੇ ੬ ਵਜੇ ਸ਼ਹਿਰ ਵਿਚ ਫਿਰੇਗੀ। ਖ਼ਾ.ਸ. ਦੇ ਇਸ ਅੰਕ ਵਿਚ 'ਸਾਡੇ ਵਿੱਚੋਂ ਇਕ ਆਵਾਜ਼ ਗੁੰਮ ਹੋ ਗਈ', 'ਭਾਈ ਦਿੱਤ ਸਿੰਘ ਗਿਆਨੀ ਦੀ ਆਖਰੀਂ ਨੀਂਦ', 'ਭਾਈ ਦਿੱਤ ਸਿੰਘ ਜੀ ਦੀ ਕਲਮ ਦਾ ਵਿਰਲਾਪ' ਆਦਿ ਕਵਿਤਾਵਾਂ ਛਪੀਆਂ ਅਤੇ 'ਕੌਮ ਲੁਟ ਗਈ' ਨਾਂ ਦਾ ਲੇਖ ਛਪਿਆ। ੧੮-੯-੧੯੦੧ ਦੇ ਖ਼ਾ.ਸ. ਵਿਚ ਵੀ ਗਿਆਨੀ ਜੀ ਦੇ ਜੀਵਨ ਤੇ ਚਲਾਣੇ ਪਰ 'ਸ਼ੋਕ ਦੇ ਦੀਵਾਨ' ਤੇ 'ਭਾਈ ਦਿੱਤ ਸਿੰਘ ਦਾ ਅੰਤ ਅਤੇ ਪੰਥ ਦੀ ਕਦਰ' ਆਦਿ ਲੇਖ ਛਾਪ ਕੇ ਗਿਆਨੀ ਜੀ ਨੂੰ ਸ਼ਰਧਾਂਜਲੀ ਦਿੱਤੀ ਗਈ। ੧੩-੯-੧੯੦੧ ਦੇ ਖ਼ਾ.ਅ. ਵਿਚ ਵੱਖ-ਵੱਖ ਸਜਣਾਂ ਵਲੋਂ ਭੇਜੇ ਸ਼ੋਕ ਪੱਤਰ ਅਤੇ 'ਭਾਈ ਦਿੱਤ ਸਿੰਘ ਜੀ ਗਜਾਨੀ ਦਾ ਅਕਾਲ ਚਲਾਣਾ' ਲੇਖ ਛਪੇ, ਜੋ ਪੜ੍ਹਨਯੋਗ ਹਨ।

੧੮-੯-੧੯੦੧ ਦੇ ਖ਼ਾ.ਸ. ਵਿਚ ਖ਼ਬਰ ਛਪੀ ਕਿ ਸਿੰਘ ਸਭਾ ਅੰਮ੍ਰਿਤਸਰ ਨੇ "ਮਾਤਮੀ ਜਲਸਾ ੧੨-੯-੦੧ ਨੂੰ ਕੀਤਾ, ਆਪ ਦੀ ਪੰਥ ਸੇਵਾ ਦਾ ਚਿੰਤਨ ਕੀਤਾ ਗਿਆ, ਆਤਮਾ ਸ਼ਾਂਤੀ ਲਈ ਅਰਦਾਸੇ ਤੇ ਆਪਦੇ ਲੜਕੇ ਦੀ ਪੜ੍ਹਾਈ ਲਈ ੨੦੦ ਰੁਪਏ ਚੰਦਾ ਕੁਝ ਇਕਰਾਰੀ, ਕੁਝ ਨਕਦ ਹੋਇਆ"। ੨੦-੯-੧੯੦੧ ਦੇ ਖ਼ਾ.ਅ. ਵਿਚ ਲਾਹੌਰ ਦੇ ਮਾਤਮੀ ਜਲਸੇ ਦਾ ਹਾਲ, ਸ. ਬਲਵੰਤ ਸਿੰਘ ਕੰਵਰ ਭਦੌੜ ਦਾ ਸ਼ੋਕ ਪੱਤਰ ਅਤੇ ਗਿਆਨੀ ਜੀ ਦੀ ਯਾਦਗਾਰ ਬਣਾਉਣ ਲਈ ਬਣਾਈ ੧੫ ਮੈਂਬਰੀ ਕਮੇਟੀ ਦਾ ਵੇਰਵਾ ਛਪਿਆ। ੪-੧੦-੧੯੦੧ ਦੇ ਖ਼ਾ.ਅ. ਵਿਚ ਮਿਸਟਰ ਮੈਕਾਲਫ ਦਾ ਸ਼ੋਕ ਪੱਤਰ ਛਪਿਆ, ਜਿਸ ਵਿਚ ਉਨ੍ਹਾਂ ਨੇ ਕਿਹਾ ਕਿ ਮੈਨੂੰ ਵੀ ਸਭ ਲੋਕਾਂ ਦੀ ਤਰ੍ਹਾਂ ਜੋ ਸਿੱਖਾਂ ਅਤੇ ਸਿੱਖ ਧਰਮ ਦੀ ਬੇਹਤਰੀ ਲਈ ਹਮਦਰਦੀ ਰੱਖਦੇ ਸਨ, ਭਾਈ ਦਿੱਤ ਸਿੰਘ ਜੀ ਦੀ ਅਕਾਲ ਮ੍ਰਿਤੂ ਬਾਰੇ ਸੁਣ ਕੇ ਦੁਖ ਹੋਇਆ ਹੈ।

ਗਿਆਨੀ ਜੀ ਦੀ ਯਾਦਗਾਰ ਬਣਾਉਣ ਨੂੰ ਲੈ ਕੇ ਵੀ ਖ਼ਾ.ਅ. ਵਿਚ ਲੰਮੇਂ ਸਮੇਂ ਤਕ ਕਈ ਲੇਖ ਛਪਦੇ ਰਹੇ। ਭਾਈ ਜਵਾਹਰ ਸਿੰਘ ਨੇ ਅਸਹਿਮਤੀ ਦਰਸਾਉਂਦੇ ਹੋਏ ਇਕ ਚਿੱਠੀ ਲਿਖੀ ਜੋ ੨੭-੯-੧੯੦੧ ਨੂੰ ਖ਼ਾ.ਅ. ਵਿਚ ਛਪੀ। ਇਸ ਚਿੱਠੀ ਰਾਹੀਂ ਉਨ੍ਹਾਂ ਨੇ ਨਵੀਂ ਬਣੀ ਯਾਦਗਾਰ ਕਮੇਟੀ ਪ੍ਰਤਿ ਅਸਹਿਮਤੀ ਦਰਸਾਈ ਅਤੇ ਇਸ ਵਿੱਚੋਂ

ਆਪਣਾ ਨਾਮ ਹਟਾਉਣ ਦੀ ਬੇਨਤੀ ਵੀ ਕੀਤੀ। ਕਿਹਾ ਜਾਂਦਾ ਹੈ ਕਿ ਗਿਆਨੀ ਦਿੱਤ ਸਿੰਘ ਅਤੇ ਭਾਈ ਜਵਾਹਰ ਸਿੰਘ ਦੇ ਸੰਬੰਧਾਂ ਵਿਚ ਗਿਆਨੀ ਜੀ ਦੇ ਅੰਤਮ ਸਮੇਂ ਵੇਲੇ ਕੁਝ ਫਰਕ ਆ ਗਿਆ ਸੀ। ਭਾਈ ਜਵਾਹਰ ਸਿੰਘ ਨੇ ਗਿਆਨੀ ਜੀ ਨੂੰ ਬਿਮਾਰੀ ਦੀ ਹਾਲਤ ਵਿਚ ਇਕ ਖ਼ਤ ਲਿਖ ਕੇ ਸੁਨੇਹਾ ਭੇਜਿਆ ਸੀ ਕਿ ਡਾਕਟਰ ਦੀ ਸਲਾਹ ਅਨੁਸਾਰ ਤੁਹਾਨੂੰ ਹਵਾ ਬਦਲਣ ਲਈ ਜਾਂ ਤਾਂ ਅਨਾਰਕਲੀ ਵਿਚ ਕੋਈ ਵਧੀਆ ਮਕਾਨ ਲੈ ਕੇ ਰਹਿਣਾ ਚਾਹੀਦਾ ਹੈ ਜਾਂ ਫਿਰ ਮੇਰੇ ਸ਼ਹਿਰ ਵਿਚਲੇ ਦੂਸਰੇ ਮਕਾਨ ਵਿਚ ਆ ਕੇ ਰਹਿਣਾ ਚਾਹੀਦਾ ਹੈ। ਪਰ ਇਸ ਹਮਦਰਦੀ ਦੇ ਨਾਲ-ਨਾਲ ਉਨ੍ਹਾਂ ਨੇ ਗਿਆਨੀ ਜੀ ਨੂੰ ਨਵੇਂ ਬਣੇ ਸਾਥੀਆਂ ਦਾ 'ਨਵਾਂ ਨੌਂ ਦਿਨ ਪੁਰਾਣਾ ਸੌ ਦਿਨ' ਵਾਲੀ ਕਹਾਵਤ ਰਾਹੀਂ ਉਲਾਮਾ ਵੀ ਦਿੱਤਾ ਸੀ। ਭਾਈ ਜਵਾਹਰ ਸਿੰਘ ਦਾ ਖ਼ਤ ਪੜ੍ਹ ਕੇ ਗਿਆਨੀ ਜੀ ਨੇ ਮੰਜੇ ਉੱਤੇ ਪਏ ਹੋਣ ਦੇ ਬਾਵਜੂਦ ਆਪਣੇ ਪੁੱਤਰ ਬਲਦੇਵ ਸਿੰਘ ਕੋਲੋਂ ਚਿੱਠੀ ਲਿਖਵਾ ਕੇ ਭੇਜੀ ਜੋ ਬਾਅਦ ਵਿਚ ੪-੧੦-੧੯੦੧ ਦੇ ਖ਼ਾ.ਅ.ਵਿਚ ਵੀ ਛਪੀ। ਇਸ ਚਿਠੀ ਰਾਹੀਂ ਗਿਆਨੀ ਜੀ ਨੇ ਭਾਈ ਜਵਾਹਰ ਸਿੰਘ ਦਾ ਧੰਨਵਾਦ ਕੀਤਾ ਅਤੇ ਉਸ ਦੇ ਮਨ ਵਿਚ ਪੈਦਾ ਹੋਏ ਸ਼ੰਕੇ ਦਾ ਸਪਸ਼ਟੀਕਰਨ ਵੀ ਦਿੱਤਾ। ਗਿਆਨੀ ਜੀ ਲਿਖਦੇ ਹਨ, "ਆਪ ਮੈਨੂੰ ਮਦਦ ਤਾਂ ਦੇਵੋ ਜੇ ਅਗਲੀ ਮਦਦ ਕਿਸੇ ਹੋਰ ਦੀ ਹੋਵੇ-ਮੇਰਾ ਕੋਈ ਸਲਾਹਕਾਰ ਨਹੀਂ... ਮੈਂ ਆਪ ਕੀ ਪੁਰਾਨੀ ਪ੍ਰੀਤੀ ਪਰ ਪਾਨੀ ਨਹੀਂ ਫੇਰ ਸਕਤਾ... ਜੋ ਕੁਛ ਸ੍ਰੀ ਜੀ ਕੋ ਮੇਰੀ ਬਾਬਤ ਖਯਾਲ ਆਇਆ ਹੈ ਬਿੱਲਕੁਲ ਗਲਤ ਸਮਝੇਂ, ਸਿਰਫ ਨਾ ਮਿਲਨੇ ਕਾ ਸਬਬ ਹੈ। ਨਯਾ ਕੋਈ ਨਹੀਂ ਜੋ ਨੌ ਦਿਨ ਰਹੇ, ਆਪ ਸਦਾ ਹੀ ਰਹੇਂ।" ਸੋ ਇਨ੍ਹਾਂ ਚਿੱਠੀਆਂ ਤੋਂ ਪਤਾ ਚੱਲਦਾ ਹੈ ਕਿ ਕੁਝ ਅਣਸੁਖਾਵਾਂ ਜ਼ਰੂਰ ਵਾਪਰਿਆ ਸੀ, ਜਿਸ ਕਾਰਨ ਜਵਾਹਰ ਸਿੰਘ ਨੇ ਨਿੱਜੀ ਤੌਰ 'ਤੇ ਜਾਣ ਦੀ ਥਾਂ ਚਿੱਠੀ ਰਾਹੀਂ ਗਿਆਨੀ ਜੀ ਨੂੰ ਸਲਾਹ ਤੇ ਉਲਾਮਾ ਦਿੱਤਾ ਸੀ। ਜੇਕਰ ੩੦-੧੦-੧੯੦੧ ਦੇ ਖ਼ਾ.ਸ. ਵਿਚ ਛਪੀ ਭਾਈ ਬਲਦੇਵ ਸਿੰਘ ਦੀ ਚਿੱਠੀ ਦੇ ਸ਼ਬਦ "ਪਿਤਾ ਜੀ ਨਾਲ ਅੰਤ ਸਮੇਂ ਜੋ ਜੋ ਸਲੂਕ ਭਾਈ (ਜਵਾਹਰ ਸਿੰਘ) ਹੁਰਾਂ ਨੇ ਅਤੇ ਉਹਨਾਂ ਦੇ ਮਿਤ੍ਰ ਭਾਈ ਮੱਯਾ ਸਿੰਘ ਜੀ ਨੇ ਕੀਤੇ ਹਨ ਮੈਨੂੰ ਹੀ ਮਾਲੂਮ ਹਨ, ਪਿਤਾ ਜੀ ਨੇ ਦੁਖੀ ਹੋਕੇ ਪ੍ਰਣ ਕੀਤਾ ਸੀ ਕਿ ਇਨ੍ਹਾਂ ਨਾਲ ਮਿਲਕੇ ਕਦੀ ਭੀ ਕੋਈ ਕਾਰਜ ਨਹੀਂ ਕਰਨਾ" ਸਹੀ ਹਨ, ਤਾਂ ਨਿਸ਼ਚਿਤ ਤੌਰ 'ਤੇ ਸੰਬੰਧਾਂ ਵਿਚ ਦਰਾੜ ਆ ਚੁਕੀ ਸੀ। ਇਸ ਗੱਲ ਦੀ ਪੁਸ਼ਟੀ ਇਸ ਤੱਥ ਤੋਂ ਵੀ ਹੁੰਦੀ ਹੈ ਕਿ ਜਦੋਂ ਸੰਤ ਜਵਾਲਾ ਸਿੰਘ ਵੱਲੋਂ ੨-੪-੧੯੦੨ ਦੇ ਖ਼ਾ.ਸ. ਵਿਚ ਇਸ਼ਤਿਹਾਰ ਦਿਤਾ ਕਿ ਮੈਂ ਗਿਆਨੀ ਜੀ ਦਾ ਜੀਵਨ ਲਿਖ ਰਿਹਾ ਹਾਂ, ਇਸ ਲਈ ਲਈ ਮੈਨੂੰ ਸਾਮਗਰੀ ਉਪਲਬਧ ਕਰਵਾਈ ਜਾਵੇ। ਕੁਝ ਵੀ ਪ੍ਰਾਪਤ ਨਾ ਹੋਣ ਦੇ ਕਾਰਨ ਉਨ੍ਹਾਂ ਨੇ ੨੮-੧-੧੯੦੩ ਦੇ ਖ਼ਾ.ਸ. ਵਿਚ ਦੁਬਾਰਾ ਇਸ਼ਤਿਹਾਰ ਦਿੱਤਾ, ਜਿਸ ਵਿਚ ਭਾਈ ਜਵਾਹਰ ਸਿੰਘ ਅਤੇ ਸ. ਮਈਆ ਸਿੰਘ ਨੂੰ ਖ਼ਾਸ ਤੌਰ 'ਤੇ ਬੇਨਤੀ ਕੀਤੀ, ਕਿਉਂਕਿ ਉਨ੍ਹਾਂ ਵੱਲੋਂ ਵੀ ਉਦੋਂ ਤਕ ਕੋਈ ਮਦਦ ਨਹੀਂ ਕੀਤੀ ਗਈ ਸੀ।

ਮੁੱਕਦੀ ਗੱਲ ਇਹ ਹੈ ਕਿ ਗਿਆਨੀ ਦਿੱਤ ਸਿੰਘ ਜੀ ਆਪਣੇ ਸਮੇਂ ਦੇ ਮਹਾਨ ਕ੍ਰਾਂਤੀਕਾਰੀ ਵਿਦਿਤ ਸਿੱਖ ਸਨ, ਜਿਨ੍ਹਾਂ ਦੀ ਕਲਮ ਨੇ ਜਦ ਤੋਂ ਲਿਖਣਾ ਸ਼ੁਰੂ ਕਰ ਦਿੱਤਾ,

ਫਿਰ ਗਿਆਨੀ ਜੀ ਦੇ ਚਲਾਣੇ ਨਾਲ ਹੀ ਸਾਹ ਲਿਆ ਅਤੇ ਵਿਰਲਾਪ ਵੀ ਅੰਤਾਂ ਦਾ ਕੀਤਾ। ਗਿਆਨੀ ਜੀ ਨੇ ਸਿੱਖ ਧਰਮ ਵਿਚ ਆਈਆਂ ਕੁਰੀਤੀਆਂ ਖ਼ਿਲਾਫ਼ ਜੋ ਜੰਗ ਛੇੜੀ ਸੀ, ਉਸ ਤੋਂ ਪੂਰੀ ਜ਼ਿੰਦਗੀ ਕਿਨਾਰਾ ਨਹੀਂ ਕੀਤਾ। ਗਿਆਨੀ ਜੀ ਨੂੰ ਨਿਰੋਲ ਗੁਰਮਤਿ ਵਾਲੀ ਸੋਚ ਕਾਰਨ ਬਹੁਤ ਲੋਕਾਂ ਦੀ ਨਰਾਜ਼ਗੀ ਝੱਲਣੀ ਪਈ ਅਤੇ ਆਲੋਚਨਾ ਦਾ ਪਾਤਰ ਵੀ ਬਣਨਾ ਪਿਆ। ਗਿਆਨੀ ਜੀ ਦੇ ਸੰਘਰਸ਼ ਨੂੰ ਵੇਖਿਆਂ ਇਹ ਹੀ ਕਹਿਣਾ ਬਣਦਾ ਹੈ ਕਿ ਉਨ੍ਹਾਂ ਅੰਦਰਲਾ ਸਾਹਸ ਗੁਰੂ ਕਿਰਪਾ ਤੇ ਭਰੋਸੇ ਦੀ ਉਪਜ ਸੀ ਜੋ ਸਿਖ ਪੰਥ ਲਈ ਵਰਦਾਨ ਸਿੱਧ ਹੋਇਆ। ਗਿਆਨੀ ਜੀ ਵਰਗੇ ਸਪਸ਼ਟ ਵਿਚਾਰਧਾਰਾ ਵਾਲੇ ਪੁਰਸ਼ ਸਦੀਆਂ ਬਾਅਦ ਕਿਸੇ ਕੌਮ ਵਿਚ ਪੈਦਾ ਹੁੰਦੇ ਹਨ, ਜੋ ਗੁਰੂ ਸਾਹਿਬਾਨ ਦੁਆਰਾ ਮਨਮਤਿ ਤੇ ਗੁਰਮਤਿ ਵਾਲੇ ਜੀਵਨ ਦੀ ਦੱਸੀ ਗਈ ਪਹਿਚਾਣ, ਜੋ ਕਿ ਸਮੇਂ ਦੇ ਵਕਫ਼ੇ ਨਾਲ ਪੈਦਾ ਹੋਈ ਮਿਲਗੋਭੇ ਦੀ ਧੁੰਦ ਵਿਚ ਗੁਆਚਣੀ ਸ਼ੁਰੂ ਹੋ ਜਾਂਦੀ ਹੈ, ਉਸ ਨੂੰ ਦੂਰ ਕਰਨ ਦੇ ਸਮਰਥ ਹੁੰਦੇ ਹਨ।

**ਹਵਾਲੇ ਤੇ ਟਿੱਪਣੀਆਂ**

੧. ਇਹ ਹਫ਼ਤਾਵਾਰੀ ਅਖ਼ਬਾਰ ੧੩ ਜੂਨ, ੧੮੮੬ ਈ. ਨੂੰ ਸਿੰਘ ਸਭਾ ਲਾਹੌਰ ਵਲੋਂ ਗਿਆਨੀ ਜੀ ਦੀ ਸੰਪਾਦਕੀ ਹੇਠ ਜਾਰੀ ਹੋਇਆ ਤੇ ਸਿੰਘ ਸਭਾ ਦੇ ਲਿਥੋ ਪ੍ਰੈੱਸ 'ਖਾਲਸਾ ਪ੍ਰੈੱਸ' ਵਿਚ ਛਪਦਾ ਰਿਹਾ। ੧੮੯੦ ਦੇ ਲੱਗਭਗ ਚਾਰ ਕੁ ਸਾਲ ਚਲ ਕੇ ਬੰਦ ਹੋ ਗਿਆ। ੧ ਮਈ, ੧੮੯੩ ਈ. ਵਿਚ ਫਿਰ ਗਿਆਨੀ ਦਿੱਤ ਸਿੰਘ ਨੇ ਸਿੰਘ ਸਭਾ ਤੋਂ ਆਗਿਆ ਲੈ ਕੇ ਜਾਰੀ ਕੀਤਾ। ਇਸੇ ਜਿਲਦ ਵਿਚ ੧੩ ਅਪ੍ਰੈਲ ਤੋਂ ਇਹ ਟਾਈਪ ਵਿਚ ਛਪਣਾ ਆਰੰਭ ਹੋਇਆ। ਇਹ ਅਖ਼ਬਾਰ ੧੯੦੫ ਈ. ਤਕ ਛਪਦਾ ਰਿਹਾ।

੨. ਇਹ ਵੀ ਲਿਖਿਆ ਮਿਲਦਾ ਹੈ ਕਿ ਗਿਆਨੀ ਜੀ ਓਰੀਅੰਟਲ ਕਾਲਜ ਵਿਚ ੧੮੭੭ ਈ. ਨੂੰ ਸ਼ੁਰੂ ਹੋਈ ਗਿਆਨੀ ਦੀ ਪੜ੍ਹਾਈ ਦੇ ਪਹਿਲੇ ਸਾਲ ਹੀ ਦਾਖ਼ਲ ਹੋ ਗਏ ਸਨ ਅਤੇ ਉਨ੍ਹਾਂ ਨੇ ੧੮੭੭ ਈ. ਵਿਚ ਡਿਗਰੀ ਪ੍ਰਾਪਤ ਕਰ ਲਈ ਸੀ।

੩. ਇਹ ਹਫ਼ਤਾਵਾਰੀ ਪੱਤਰ ੬ ਜੁਲਾਈ, ੧੮੮੫ ਈ. ਦਿਨ ਸੋਮਵਾਰ ਨੂੰ ਅੰਮ੍ਰਿਤਸਰ ਤੋਂ ਭਾਈ ਲਾਹੌਰਾ ਸਿੰਘ ਮਾਲਕ ਮਤਬਾ ਖਾਲਸਾ ਮਿਤ੍ਰ ਵੱਲੋਂ ਛਪਣਾ ਸ਼ੁਰੂ ਹੋਇਆ ਸੀ। ਇਸਦੀ ਪਹਿਲੇ ਅੰਕ ਗੁਰਮੁਖੀ ਅੱਖਰਾਂ ਵਿਚ ਪਰ ਹਿੰਦੀ ਬੋਲੀ ਵਿਚ ਛਪੇ। ਬਾਅਦ ਵਿਚ ਹਿੰਦੀ ਪੰਜਾਬੀ ਰਲਵੀਂ-ਮਿਲਵੀਂ ਚਲਦੀ ਰਹੀ। ਇਹ ਕੁਝ ਸਾਲ ਛਪਣ ਪਿੱਛੋਂ ਬੰਦ ਹੋ ਗਿਆ ਸੀ।

੪. ਓਰੀਅੰਟਲ ਕਾਲਜ ਵਿਚ ਉਹ ੧੮੭੭ ਤੋਂ ੧੮੮੫ ਤਕ ਧਰਮ ਤੇ ਪੰਜਾਬੀ ਦੇ ਅਧਿਆਪਕ ਰਹੇ ਸਨ।

੫. ਇਹ ਰਸਾਲਾ ਜਨਵਰੀ ਵਿਚ ਸ਼ੁਰੂ ਕੀਤਾ ਗਿਆ ਸੀ ਜੋ ਅਪ੍ਰੈਲ ਤਕ ਚਾਰ ਅੰਕ ਕੱਢ ਕੇ ਬੰਦ ਹੋ ਗਿਆ ਸੀ।

੬. ਗਿਆਨੀ ਜੀ ਦਾ ਵਿਆਹ ਸੰਤ ਭਾਗ ਸਿੰਘ ਦੀ ਸਪੁੱਤਰੀ ਬਿਸ਼ਨ ਦੇਈ ਨਾਲ ੧੮੭੨ ਈ. ਵਿਚ ਹੋਇਆ ਸੀ, ਉਦੋਂ ਉਹ ਸਾਧੂ ਦਿੱਤਾ ਰਾਮ ਦੇ ਨਾਮ ਨਾਲ ਜਾਣੇ ਜਾਂਦੇ ਸਨ।

੭. ਇਹ ਸਿੰਘ ਸਭਾ ਲਾਹੌਰ ਦੇ ਸੰਸਥਾਪਕ ਮੈਂਬਰ ਸਨ ਅਤੇ ਗਿਆਨੀ ਜੀ ਤੇ ਇਨ੍ਹਾਂ ਨੇ ਕਾਫੀ ਸਮਾਂ ਇੱਕਠਿਆਂ ਰਲ ਕੇ ਕੰਮ ਕੀਤਾ ਸੀ।

੮. ਡਾਕਟਰ ਜੈ ਸਿੰਘ ਜੀ ਦੀ ਐਡੀਟਰੀ ਹੇਠ ਇਹ ਮਾਹਵਾਰੀ ਰਸਾਲਾ ਵਿਸਾਖ ਸੰਮਤ ਨਾ:ਸਾਹੀ ੪੨੭ ਤੋਂ ਲਾਹੌਰੋਂ, ਸ਼ੁਧੀ ਸਭਾ ਲਾਹੌਰ ਵਲੋਂ ਜਾਰੀ ਕੀਤਾ ਗਿਆ। ਇਹ ਢਾਈ ਕੁ ਸਾਲ ਚੱਲ ਕੇ ਬੰਦ ਹੋਗਿਆ। ਬੰਦ ਹੋਣ ਦਾ ਕਾਰਨ

ਡਾ. ਜੈ ਸਿੰਘ ਦਾ ਪ੍ਰਲੋਕ ਗਮਨ ਤੇ ਖ਼ਾ.ਅ. ਦੀ ਮੁਖ਼ਾਲਿਫ਼ ਸੀ।

੯. ਇਹ ਹਫਤਾਵਾਰ ਅਖ਼ਬਾਰ ਨਵੰਬਰ ਤੋਂ ੧੮੯੯ ਵਜ਼ੀਰ ਹਿੰਦ ਪ੍ਰੈਸ, ਅੰਮ੍ਰਿਤਸਰ, ਮੈਨੇਜਰ ਸ. ਵਜ਼ੀਰ ਸਿੰਘ ਦੇ ਪ੍ਰਬੰਧ ਨਾਲ ਛਪਦਾ ਰਿਹਾ, ਐਡੀਟਰ ਦਾ ਉਪਰ ਨਾਮ ਨਹੀਂ ਹੈ। ਪਹਿਲੇ ਪਰਚੇ ਦੀ ਤਾਰੀਕ ਹੈ, ੧੭ ਨਵੰਬਰ ੧੮੯੯।

੧੦. ਬਲਦੇਵ ਸਿੰਘ ਦਾ ਵਿਆਹ ਪਿੰਡ ਊਰਨਾ (ਮਾਛੀਵਾੜਾ) ਦੇ ਸ. ਫੌਜਾ ਸਿੰਘ ਦੀ ਸਪੁੱਤਰੀ ਇੰਦਰ ਕੌਰ ਨਾਲ ਹੋਇਆ ਸੀ।

੧੧. ਇਹ ਪੁਸਤਕ ਸ਼ੁਧੀ ਸਭਾ ਲਾਹੌਰ ਨੇ ਛਾਪੀ ਸੀ, ਪਰ ਉਸ ਵਿਚ ਆਏ ਕੌਲਾਂ ਦੇ ਪ੍ਰਸੰਗ 'ਤੇ ਲਾਹੌਰ ਵਿਚ ਅਫ਼ਸੋਸ ਪ੍ਰਗਟ ਹੋਇਆ ਸੀ, ਜਿਸ ਕਾਰਨ ਭਾਈ ਬਸੰਤ ਸਿੰਘ ਜੀ ਨੇ ਅੰਮ੍ਰਿਤਸਰ ਆ ਕੇ 'ਸਤ ਸੰਗਤ ਸਭਾ' ਦਾ ਮਾਮੂਲੀ ਇਜ਼ਲਾਸ ਕੀਤਾ ਅਤੇ ਇਹ ਮਤਾ ਪਾਸ ਹੋਇਆ ਕਿ ਇਹ ਪ੍ਰਸੰਗ ਕੱਢ ਦਿੱਤਾ ਜਾਏ। ਇਸ ਬਾਬਤ ਸ਼ੁਧੀ ਸਭਾ ਨੂੰ ਲਿਖਿਆ ਗਿਆ ਸੀ।

੧੨. ਇਹ ਮਾਸਕ ਪੱਤਰ ੧੯ ਮਈ, ੧੮੯੪ ਈ. ਨੂੰ ਭਾਈ ਲਾਹੌਰਾ ਸਿੰਘ ਦੀ ਸੰਪਾਦਕੀ ਹੇਠ ਗੁਰਮੁਖੀ ਵਿਚ ਅੰਮ੍ਰਿਤਸਰ ਤੋਂ ਕੱਢਿਆ ਗਿਆ। ਇਹ ਵੀ ਕੁਝ ਸਾਲ ਹੀ ਚੱਲ ਸਕਿਆ ਸੀ।

੧੩. ਇਹ ਪੁਸਤਕ ਆਪ ਦੇ ਸਪੁੱਤਰ ਨੇ ਆਪਦੇ ਸੰਚੇ ਵਿੱਚੋਂ ਲੱਭ ਕੇ ਛਪਵਾਈ ਸੀ।

੧੪. ਇਹ ਰਚਨਾ ਆਪ ਦੇ ਪੁੱਤਰ ਨੇ ਛਾਪੀ ਸੀ।

੧੫. ਡਾ. ਕਰਨੈਲ ਸਿੰਘ ਸੋਮਲ, ਭਾਈ ਦਿੱਤ ਸਿੰਘ ਗਿਆਨੀ (ਜੀਵਨ, ਰਚਨਾ ਤੇ ਸ਼ਖ਼ਸੀਅਤ), ਗਿਆਨੀ ਦਿੱਤ ਸਿੰਘ ਮੈਮੋਰੀਅਲ ਇੰਟਰਨੈਸ਼ਨਲ ਸੁਸਾਇਟੀ, ਚੰਡੀਗੜ੍ਹ, ੨੦੦੩. ਨੋਟ : ਇਸ ਪੁਸਤਕ ਵਿਚ ਲੇਖ ਵੀ ਦਿੱਤੇ ਗਏ ਹਨ। ਇਸੇ ਤਰ੍ਹਾਂ ਦਾ ਹੀ ਯਤਨ ਡਾ. ਇੰਦਰਜੀਤ ਸਿੰਘ ਨੇ 'ਗਿ. ਦਿੱਤ ਸਿੰਘ ਤੇ ਸਿੱਖ ਮਸਲੇ' ਪੁਸਤਕ ਜੋ ਕਿ ੨੦੧੩ ਵਿਚ ਭਾਈ ਚਤਰ ਸਿੰਘ ਜੀਵਨ ਸਿੰਘ ਨੇ ਛਾਪੀ ਹੈ, ਰਾਹੀਂ ਕੀਤਾ ਹੈ। ਇਸ ਪੁਸਤਕ ਵਿਚ ਗਿਆਨੀ ਜੀ ਦੇ ਸੰਪਾਦਕੀ ਨੋਟ ਜੋ ੧੮੯੫ ਤੋਂ ੧੯੦੧ ਤਕ ਖ਼ਾ.ਅ.ਵਿਚ ਛਪੇ ਸਨ, ਪ੍ਰਕਾਸ਼ਿਤ ਕੀਤੇ ਗਏ ਹਨ।

੧੬. ਇਹ ਅਖ਼ਬਾਰ ਕੁਝ ਸਾਲ ਬੰਦ ਰਿਹਾ ਸੀ।

੧੭. ਇਹ ਗਿਆਨੀ ਜੀ ਦੇ ਮੋਢੇ ਨਾਲ ਮੋਢਾ ਜੋੜ ਕੇ ਚੱਲਣ ਵਾਲੇ ਸੱਜਣ ਪੁਰਸ਼ ਸਨ। ਇਨ੍ਹਾਂ ਦਾ ਜਨਮ ੧੮੬੨ ਵਿਚ ਹੋਇਆ ਸੀ ਅਤੇ ਇਹ ੮ ਮਾਰਚ ੧੯੨੮ ਨੂੰ ਸੰਸਾਰ ਤੋਂ ਕੂਚ ਕਰ ਗਏ ਸਨ।

੧੮. ਖ਼ਾਲਸਾ ਅਖ਼ਬਾਰ ਲਾਹੌਰ, ੧੩, ੨੦-੧੨-੧੮੯੫.

੧੯. ਸਾਵਣ, ਨਾ.ਸ਼ਾ. ੪੨੮ ਵਾਲੇ ਅੰਕ ਵਿਚ ਭਾਈ ਘਨਈਆ ਸਿੰਘ ਜੀ ਇਹ ਗੱਲ ਕਬੂਲਦੇ ਹਨ ਕਿ ਸ਼ੁਧੀ ਸਭਾ ਰਾਹੀਂ, "ਪਹਿਲੇ ਪਹਿਲ ਸ਼ੁਧੀਆਂ ਪੰਜ ਪੰਜ ਪਉੜੀਆਂ ਜਪੁ ਸਾਹਿਬ ਤੇ ਅਨੰਦ ਸਾਹਿਬ ਪੜ੍ਹ ਕੇ ਕੀਤੀਆਂ ਜਾਂਦੀਆਂ ਸਨ, ਫੇਰ ਥੋੜੇ ਹੀ ਦਿਨ੍ਹਾਂ ਪਿੱਛੋਂ ਕੇਸਾਧਾਰੀਆਂ ਲਈ ਅੰਮ੍ਰਿਤ ਦੀ ਪੂਰੀ ੨ ਰੀਤੀ ਜਾਰੀ ਕੀਤੀ ਗਈ"। ਭਾਵ ਕਿ ਮੋਨਿਆਂ ਲਈ ਪਹਿਲੀ ਵਿਧੀ ਹੀ ਲਾਗੂ ਰਹੀ।

੨੦. ਲਾਲਾ ਰਾਮਚੰਦ ਮਾਨਕਟਾ, ਬਖਸ਼ੀ ਦਿਲਬਾਗ ਰਾਏ ਆਦਿ।

■

*ਗਾਗਰ 'ਚ ਸਾਗਰ-- ੭੮*

# ਏਕ ਰੂਪ ਕਿਨਹੂੰ ਪਹਿਚਾਨਾ

*-ਡਾ. ਇੰਦਰਜੀਤ ਸਿੰਘ ਗੋਗੋਆਣੀ**

*ਸ੍ਰੀ ਨਾਨਕ ਅੰਗਦਿ ਕਰਿ ਮਾਨਾ॥ ਅਮਰਦਾਸ ਅੰਗਦ ਪਹਿਚਾਨਾ॥*
*ਅਮਰਦਾਸ ਰਾਮਦਾਸ ਕਹਾਯੋ॥ ਸਾਧਨਿ ਲਖਾ ਮੂੜ੍ਹ ਨਹਿ ਪਾਯੋ॥੯॥*
*ਭਿੰਨ ਭਿੰਨ ਸਭਹੂੰ ਕਰਿ ਜਾਨਾ॥ ਏਕ ਰੂਪ ਕਿਨਹੂੰ ਪਹਿਚਾਨਾ॥*
*ਜਿਨ ਜਾਨਾ ਤਿਨ ਹੀ ਸਿਧ ਪਾਈ॥ ਬਿਨ ਸਮਝੇ ਸਿਧ ਹਾਥਿ ਨ ਆਈ॥੧੦॥*
*(ਬਚਿਤ੍ਰ ਨਾਟਕ)*

ਸਿੱਖ ਪੰਥ ਵਿਚ ਸਤਿਕਾਰਤ ਕਥਾਕਾਰ, ਲੇਖਕ ਜਾਂ ਗੁਰੂ ਭਾਵਨਾ ਵਾਲੀਆਂ ਰੂਹਾਂ ਜਦ ਵੀ ਦਸ ਗੁਰੂ ਸਾਹਿਬਾਨ ਸੰਬੰਧੀ ਵਿਚਾਰ ਕਰਨ, ਤਾਂ ਇਹੋ ਬੋਲ ਹੋਣਗੇ ਕਿ ਸ੍ਰੀ ਗੁਰੂ ਨਾਨਕ ਸਾਹਿਬ ਜੀ ਨੇ ਦੂਜੇ, ਤੀਜੇ, ਚੌਥੇ ਜਾਮੇ ਵਿਚ ਇਹ ਕਾਰਜ ਕੀਤੇ ਜਾਂ ਗੁਰੂ ਨਾਨਕ ਪਾਤਸ਼ਾਹ ਜੀ ਨੇ ਦਸਵੇਂ ਜਾਮੇ ਵਿਚ ਸਿੱਖ ਨੂੰ ਖਾਲਸਾ ਸਾਜ ਕੇ ਸੰਪੂਰਨ ਰੂਪ ਬਖਸ਼ਿਸ਼ ਕੀਤਾ। ਸਿੱਖ ਫ਼ਲਸਫ਼ੇ ਅਨੁਸਾਰ ਸਤਿਗੁਰਾਂ ਦੇ ਪੰਚ ਭੂਤਕ ਸਰੀਰ ਦਾ ਨਾਉਂ ਭਿੰਨ-ਭਿੰਨ ਹੈ, ਪਰ ਗੁਰੂ ਨਾਨਕ ਜੋਤ ਨੇ ਹੀ ਦਸ ਵੱਖ-ਵੱਖ ਜਾਮੇ ਧਾਰ ਕੇ ਕੌਤਕ ਵਰਤਾਏ। ਇਸ ਸੰਬੰਧੀ ਅਸੀਂ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਭਾਈ ਸਤਾ ਜੀ ਤੇ ਭਾਈ ਬਲਵੰਡ ਜੀ ਦੀ ਵਾਰ 'ਚੋਂ ਪੰਕਤੀਆਂ ਸਰਵਣ ਕਰਦੇ ਹਾਂ:

*ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ॥ (ਪੰਨਾ ੯੬੬)*

ਇਸੇ ਸੰਦਰਭ ਵਿਚ ਹੀ ਸਿੱਖੀ ਦੇ ਮਹਾਨ ਵਿਆਖਿਆਕਾਰ ਭਾਈ ਗੁਰਦਾਸ ਜੀ ਜਦ 'ਖਸ਼ਟ ਗੁਰੂ ਵਰਣਨ' ਕਰਦੇ ਹਨ ਤਾਂ ਇਹ ਪ੍ਰਕਰਣ ੨੪ਵੀਂ ਵਾਰ ਦੀ ੨੫ਵੀਂ ਪਾਉੜੀ ਵਿਚ ਇਉਂ ਆਉਂਦਾ ਹੈ:

*ਨਿਰੰਕਾਰੁ ਨਾਨਕ ਦੇਉ ਨਿਰੰਕਾਰਿ ਆਕਾਰ ਬਣਾਇਆ।*
*ਗੁਰ ਅੰਗਦੁ ਗੁਰੁ ਅੰਗ ਤੇ ਗੰਗਹੁ ਜਾਣੁ ਤਰੰਗ ਉਠਾਇਆ।*
*ਅਮਰਦਾਸੁ ਗੁਰੁ ਅੰਗਦਹੁ ਜੋਤਿ ਸਰੂਪ ਚਲਤੁ ਵਰਤਾਇਆ।*
*ਗੁਰੁ ਅਮਰਹੁ ਗੁਰੁ ਰਾਮਦਾਸੁ ਅਨਹਦ ਨਾਦਹੁ ਸਬਦੁ ਸੁਣਾਇਆ।*
*ਰਾਮਦਾਸਹੁ ਅਰਜਨੁ ਗੁਰੂ ਦਰਸਨੁ ਦਰਪਨਿ ਵਿਚਿ ਦਿਖਾਇਆ।*
*ਹਰਿਗੋਬਿੰਦ ਗੁਰ ਅਰਜਨਹੁ ਗੁਰੁ ਗੋਬਿੰਦ ਨਾਉ ਸਦਵਾਇਆ।*
*ਗੁਰ ਮੂਰਤਿ ਗੁਰ ਸਬਦੁ ਹੈ ਸਾਧਸੰਗਤਿ ਵਿਚਿ ਪਰਗਟੀ ਆਇਆ।*
*ਪੈਰੀ ਪਾਇ ਸਭ ਜਗਤੁ ਤਰਾਇਆ॥*

**ਖਾਲਸਾ ਕਾਲਜ, ਸ੍ਰੀ ਅੰਮ੍ਰਿਤਸਰ ਸਾਹਿਬ। ਮੋ: +੯੧੯੮੧੫੯-੮੫੫੫੯*

ਭਾਵ, ਸ੍ਰੀ ਗੁਰੂ ਨਾਨਕ ਸਾਹਿਬ ਜੀ ਨਿਰੰਕਾਰ ਹਨ ਤੇ ਨਿਰੰਕਾਰ ਨੇ ਹੀ ਆਪਣਾ ਅਕਾਰ ਗੁਰੂ ਨਾਨਕ ਰੂਪ ਧਾਰਨ ਕੀਤਾ। ਸ੍ਰੀ ਗੁਰੂ ਅੰਗਦ ਦੇਵ ਜੀ- ਸ੍ਰੀ ਗੁਰੂ ਨਾਨਕ ਸਾਹਿਬ ਜੀ ਦੇ ਅੰਗ ਤੋਂ ਗੰਗਾ ਦੀ ਤਰੰਗ ਵਾਂਗ ਪ੍ਰਗਟ ਹੋਏ। ਫਿਰ ਸ੍ਰੀ ਗੁਰੂ ਅੰਗਦ ਸਾਹਿਬ ਜੀ ਤੋਂ ਹੀ ਗੁਰੂ ਅਮਰਦਾਸ ਜੀ ਨੇ ਜੋਤਿ ਸਰੂਪੀ ਕੌਤਕ ਵਰਤਾਇਆ। ਸ੍ਰੀ ਗੁਰੂ ਅਮਰਦਾਸ ਜੀ ਤੋਂ ਸ੍ਰੀ ਗੁਰੂ ਰਾਮਦਾਸ ਜੀ ਹੋਏ, ਮਾਨੋ ਅਨਹਦ ਨਾਦ ਤੋਂ ਸ਼ਬਦ ਸੁਣਾਇਆ। ਸ੍ਰੀ ਗੁਰੂ ਰਾਮਦਾਸ ਜੀ ਤੋਂ ਸ੍ਰੀ ਗੁਰੂ ਅਰਜਨ ਦੇਵ ਜੀ ਹੋਏ ਜਿਵੇਂ ਸ਼ੀਸ਼ੇ ਵਿਚ ਪ੍ਰਤੀਬਿੰਬ ਦਿਖਾਈਦਾ ਹੈ। ਫਿਰ ਸ੍ਰੀ ਗੁਰੂ ਅਰਜਨ ਦੇਵ ਜੀ ਤੋਂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਹੋਏ, ਜਿਨ੍ਹਾਂ ਨੇ ਗੁਰੂ ਤੇ ਗੋਬਿੰਦ ਨਾਮ ਸਦਵਾਇਆ। ਗੁਰੂ ਦੀ ਮੂਰਤ ਗੁਰੂ ਕਾ ਸ਼ਬਦ ਹੈ, ਜੋ ਸਾਧ-ਸੰਗਤ ਵਿਚ ਸਦਾ ਪ੍ਰਗਟ ਰਹਿੰਦੀ ਹੈ। ਇਉਂ ਸਤਿਗੁਰਾਂ ਨੇ ਪੈਰੀਂ ਪਾ ਕੇ ਸਾਰਾ ਜਗਤ ਤਾਰ ਦਿੱਤਾ।

ਗੁਰੂ ਸਾਹਿਬਾਨ ਜੀ ਦੀ ਇਕ ਜੋਤ ਸਬੰਧੀ ਭਾਈ ਗੁਰਦਾਸ ਜੀ ਦੀਆਂ ਵਾਰਾਂ ਵਿਚ ਬੇਅੰਤ ਉਦਾਹਰਨਾਂ ਹਨ। ਸੰਖੇਪ ਵਿਚ ਕੁਝ ਕੁ ਹੋਰ ਦੇ ਰਹੇ ਹਾਂ ਜਿਵੇਂ:-

*-ਥਾਪਿਆ ਲਹਿਣਾ ਜੀਂਵਦੇ ਗੁਰਿਆਈ ਸਿਰਿ ਛਤ੍ਰੁ ਫਿਰਾਇਆ।*
*ਜੋਤੀ ਜੋਤਿ ਮਿਲਾਇ ਕੈ ਸਤਿਗੁਰ ਨਾਨਕਿ ਰੂਪੁ ਵਟਾਇਆ।* (ਵਾਰ ੧:੪੫)
*-ਪੰਜਿ ਪਿਆਲੇ ਪੰਜਿ ਪੀਰ ਛਠਮੁ ਪੀਰੁ ਬੈਠਾ ਗੁਰੁ ਭਾਰੀ।*
*ਅਰਜਨੁ ਕਾਇਆ ਪਲਟਿ ਕੈ ਮੂਰਤਿ ਹਰਿਗੋਬਿੰਦ ਸਵਾਰੀ।* (ਵਾਰ ੧:੪੮)
*-ਜੋਤੀ ਜੋਤਿ ਜਗਾਈਅਨੁ ਦੀਵੇ ਤੇ ਜਿਉ ਦੀਵਾ ਬਲਿਆ।* (ਵਾਰ ੨੪:੮)
*-ਗੁਰੁ ਅਮਰਹੁ ਗੁਰੁ ਰਾਮਦਾਸੁ ਜੋਤੀ ਜੋਤਿ ਜਗਾਇ ਜੁਹਾਰਾ।* (ਵਾਰ ੨੪:੧੪)

ਸੁਹਿਰਦ ਪਾਠਕ ਜਾਣਦੇ ਹਨ ਕਿ ਭਾਈ ਗੁਰਦਾਸ ਜੀ ਛੇਵੇਂ ਸਤਿਗੁਰਾਂ ਦੇ ਸਮੇਂ ੧੬੩੭ ਈ. ਦੇ ਕਰੀਬ ਜੋਤੀ ਜੋਤ ਸਮਾ ਗਏ ਸਨ, ਇਸ ਲਈ ਉਨ੍ਹਾਂ ਦੀ ਰਚਨਾ ਵਿਚ ਪਹਿਲੇ ਛੇ ਗੁਰੂ ਸਾਹਿਬਾਨ ਸਬੰਧੀ ਵੇਰਵਾ ਹੈ। ਇਸੇ ਪ੍ਰਕਰਣ ਨੂੰ ਹੋਰ ਸਪਸ਼ਟ ਕਰਦਿਆਂ ਦਸਮ ਪਾਤਸ਼ਾਹ ਜੀ ਦੇ ਅਨਿਨ ਸੇਵਕ ਤੇ ਦਰਬਾਰੀ ਕਵੀ ਭਾਈ ਨੰਦ ਲਾਲ ਜੀ ਆਪਣੀ ਰਚਨਾ 'ਜੋਤਿ ਬਿਗਾਸ' ਵਿਚ ਸਾਹਿਬ ਸ੍ਰੀ ਗੁਰੂ ਨਾਨਕ ਸਾਹਿਬ ਜੀ ਦੀ ਨੂਰਾਨੀ ਜੋਤ ਨੂੰ ਵਰਣਨ ਕਰਦਿਆਂ ਫਿਰ ਕ੍ਰਮਵਾਰ ਦਸ ਗੁਰੂ ਸਾਹਿਬਾਨ ਜੀ ਨੂੰ ਇੱਕੋ ਨਾਨਕ ਜੋਤ ਦਾ ਪ੍ਰਗਟ ਰੂਪ ਲਿਖਦੇ ਹਨ। ਇਸ ਦੀ ਸ਼ੁਰੂਆਤ ਇਉਂ ਹੈ:

*ਗੁਰੂ ਨਾਨਕ ਆਮਦ ਨਰਾਇਨ ਸਰੂਪ*
*ਹਮਾਨਾ ਨਿਰੰਜਨ ਨਿਰੰਕਾਰ ਰੂਪ॥੧॥*

ਭਾਵ ਕਿ ਸ੍ਰੀ ਗੁਰੂ ਨਾਨਕ ਸਾਹਿਬ ਜੀ ਪਰਮਾਤਮਾ ਦਾ ਸਰੂਪ ਹਨ, ਨਿਰਸੰਦੇਹ ਉਹ ਨਿਰੰਜਨ ਤੇ ਨਿਰੰਕਾਰ ਦਾ ਰੂਪ ਹਨ। ਅੱਗੇ ਉਹੋ ਨਿਰੰਕਾਰੀ ਜੋਤ ਦਸ ਜਾਮਿਆਂ ਵਿਚ ਸਮੇਂ-ਸਮੇਂ ਪ੍ਰਗਟ ਹੋ ਕੇ ਕੌਤਕ ਵਰਤਾਉਂਦੀ ਹੈ। ਇਹ ੧੭੫ ਬੰਦਾਂ ਦੀ ਲੰਮੇਰੀ

ਰਚਨਾ ਵਿੱਚੋਂ ਅਸੀਂ ਚੋਣਵੇਂ ਬੰਦ ਹਥਲੇ ਵਿਸ਼ੇ ਅਨੁਸਾਰ ਦੇ ਰਹੇ ਹਾਂ:-

*ਹਮੂ ਨਾਨਕ ਅਸਤੋ ਹਮੂ ਅੰਗਦ ਅਸਤ*
*ਹਮੂ ਅਮਰਦਾਸ ਅਫ਼ਜ਼ਲੋ ਅਮਜਦ ਅਸਤ॥੨੩॥*
*ਹਮੂ ਰਾਮਦਾਸੋ ਹਮੂ ਅਰਜੁਨ ਅਸਤ*
*ਹਮੂ ਹਰਗੋਬਿੰਦ ਅਕਰਮੋ ਅਹਿਸਨ ਅਸਤ॥੨੪॥*
*ਹਮੂ ਹਸਤ ਹਰਿਰਾਇ ਕਰਤਾ ਗੁਰੂ*
*ਬਦ ਆਸ਼ਕਾਰਾ ਹਮਾ ਪੁਸ਼ਤੋ ਰੂ॥੨੫॥*
*ਹਮ ਹਰਿਕਿਸ਼ਨ ਆਮਦਾ ਸਰ-ਬੁਲੰਦ*
*ਅਜ਼ੋ ਹਾਸਿਲ ਉਮੀਦਿ ਹਰ ਮੁਸਤਮੰਦ॥੨੬॥*
*ਹਮੂ ਹਸਤ ਤੇਗਿ ਬਹਾਦਰ ਗੁਰੂ*
*ਕਿ ਗੋਬਿੰਦ ਸਿੰਘ ਆਮਦ ਅਜ਼ ਨੂਰਿ ਊ॥੨੭॥*
*ਹਮੂ ਗੁਰੂ ਗੋਬਿੰਦ ਸਿੰਘ ਹਮੂ ਨਾਨਕ ਅਸਤ*
*ਹਮਾ ਸ਼ਬਦਿ ਊ ਜ਼ੌਹਰੋ ਮਾਨਕ ਅਸਤ॥੨੮॥*

ਇਸ ਰਚਨਾ ਦੇ ਵਿਆਖਿਆਕਾਰਾਂ ਅਨੁਸਾਰ ਨਾਨਕ (ਸ੍ਰੀ ਗੁਰੂ ਨਾਨਕ ਸਾਹਿਬ ਜੀ) ਵੀ ਉਹੀ (ਹਮੂ) ਹੈ ਤੇ ਅੰਗਦ (ਸ੍ਰੀ ਗੁਰੂ ਅੰਗਦ ਦੇਵ ਜੀ) ਵੀ ਉਹੀ ਹੈ। ਬਖ਼ਸ਼ਿਸ਼ (ਅਫ਼ਜ਼ਲੋ) ਤੇ ਵੱਡੀ ਵਡਿਆਈ (ਅਮਜ਼ਦ) ਦਾ ਮਾਲਕ ਸ੍ਰੀ ਗੁਰੂ ਅਮਰਦਾਸ ਜੀ ਵੀ ਉਹੀ ਹੈ। ਉਹੀ (ਹਮੂ) ਰਾਮਦਾਸ (ਸ੍ਰੀ ਗੁਰੂ ਰਾਮਦਾਸ ਜੀ) ਅਤੇ ਉਹੀ ਅਰਜਨ (ਸ੍ਰੀ ਗੁਰੂ ਅਰਜਨ ਦੇਵ ਜੀ) ਹੈ, ਸਭ ਤੋਂ ਵੱਡਾ (ਅਕਰਮੋ) ਤੇ ਚੰਗੇਰਾ (ਅਹਿਸਨ) ਸ੍ਰੀ ਹਰਿਗੋਬਿੰਦ ਜੀ (ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ) ਵੀ ਉਹੀ ਹੈ। ਉਹੀ ਹਰਿਰਾਇ (ਸ੍ਰੀ ਗੁਰੂ ਹਰਿਰਾਇ ਸਾਹਿਬ ਜੀ) ਕਰਤਾ ਗੁਰੂ ਹੈ ਤੇ ਹਰਿ ਸ਼ੈਅ ਦੀ ਸਿੱਧ-ਪੁੱਠ ਸਾਫ ਪ੍ਰਗਟ ਹੋ ਜਾਂਦੀ ਹੈ। ਉਹੀ ਸਿਰ ਕੱਢ (ਸਰ ਬੁਲੰਦ) ਹਰਿਕ੍ਰਿਸ਼ਨ ਜੀ (ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ) ਹੈ, ਜਿਨ੍ਹਾਂ ਤੋਂ ਹਰ ਹਾਜ਼ਤਮੰਦ ਦੀ ਮੁਰਾਦ ਪੂਰੀ ਹੁੰਦੀ ਹੈ। ਉਹੀ ਗੁਰੂ ਤੇਗ ਬਹਾਦਰ (ਸ੍ਰੀ ਗੁਰੂ ਤੇਗ ਬਹਾਦਰ ਜੀ) ਹੈ, ਜਿਸ ਦੇ ਨੂਰ ਤੋਂ ਗੋਬਿੰਦ ਸਿੰਘ (ਸ੍ਰੀ ਗੁਰੂ ਗੋਬਿੰਦ ਸਿੰਘ ਜੀ) ਪ੍ਰਗਟ ਹੋਇਆ ਹੈ। ਫਿਰ ੨੮ਵੇਂ ਬੰਦ ਵਿਚ ਕਹਿੰਦੇ ਹਨ ਉਹੀ ਗੁਰੂ ਗੋਬਿੰਦ ਸਿੰਘ ਜੀ ਹੈ ਤੇ ਉਹੀ ਨਾਨਕ ਗੁਰੂ ਹੈ। ਉਸ ਦੇ ਸ਼ਬਦ (ਹਮਾ ਸ਼ਬਦਿ) ਜਵਾਹਰ ਤੇ ਮਾਣਕ (ਜੌਹਰੇ ਮਾਨਕ) ਮੋਤੀ ਹਨ।

ਗੁਰੂ ਸਾਹਿਬਾਨ ਜੀ ਦੀ ਇਕ ਜੋਤ ਉਪਰੋਕਤ ਵਰਣਿਤ ਤਿੰਨ ਹਵਾਲਿਆਂ ਤੋਂ ਅੱਗੇ ਸਾਡੇ ਪਾਸ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਸਵੈ-ਜੀਵਨੀ 'ਬਚਿਤ੍ਰ ਨਾਟਕ' ਹੈ। ਇਸ ਵਿਚ ਕਲਗੀਧਰ ਪਾਤਸ਼ਾਹ ਜੀ ਨੇ ਬਹੁਤ ਹੀ ਸਪਸ਼ਟ ਤੇ ਭਾਵਪੂਰਵਕ ਸ਼ਬਦਾਂ ਵਿਚ ਹਵਾਲਾ ਦਿੱਤਾ ਹੈ। ਗੁਰੂ ਜੀ ਨੇ ਸ਼ੰਕਾਵਾਦੀਆਂ ਬਾਰੇ ਪਹਿਲਾਂ ਹੀ ਲਿਖ ਦਿੱਤਾ *ਸਾਧਨਿ ਲਖਾ ਮੂੜ ਨਹਿ ਪਾਯੋ* ਚਲਦੇ ਪ੍ਰਕਰਣ ਅਨੁਸਾਰ ਭਾਵ ਹੈ ਕਿ ਸਾਧਨਾ ਬੰਦਗੀ

ਵਾਲੇ ਗੁਰਮੁਖ ਤਾਂ ਗੁਰੂ ਜੋਤ ਨੂੰ ਸਮਝ ਗਏ, ਪਰ ਮੂਰਖਾਂ ਨੂੰ ਸਮਝ ਨਹੀਂ ਪਈ। ਦਸਮ ਪਾਤਸਾਹ ਜੀ ਸ਼ੁਰੂਆਤ ਇਉਂ ਕਰਦੇ ਹਨ:

**ਨਾਨਕ ਅੰਗਦ ਕੋ ਬਪੁ ਧਰਾ॥ ਧਰਮ ਪ੍ਰਚੁਰ ਇਹ ਜਗ ਮੋ ਕਰਾ॥*
*ਅਮਰਦਾਸ ਪੁਨਿ ਨਾਮੁ ਕਹਾਯੋ॥ ਜਨ ਦੀਪਕ ਤੇ ਦੀਪ ਜਗਾਯੋ॥ (ਬਚਿਤ੍ਰ ਨਾਟਕ)*

ਇਸ ਤੋਂ ਪਹਿਲਾਂ ਇਕ ਦੋਹਰਾ ਹੈ, ਜੋ ਸ੍ਰੀ ਗੁਰੂ ਨਾਨਕ ਪਾਤਸ਼ਾਹ ਜੀ ਦੇ ਪ੍ਰਕਾਸ਼ ਸੰਬੰਧੀ ਹੈ:

*ਤਿਨ ਬੇਦੀਅਨ ਕੇ ਕੁਲ ਬਿਖੈ ਪ੍ਰਗਟੇ ਨਾਨਕ ਰਾਇ॥*
*ਸਭ ਸਿੱਖਨ ਕੋ ਸੁਖ ਦਏ ਜਹ ਤਹ ਭਏ ਸਹਾਇ॥ (ਬਚਿਤ੍ਰ ਨਾਟਕ)*

ਫਿਰ ਨਾਨਕ ਪੰਥ ਦੀ ਮਹਿਮਾ ਤੇ ਸ਼ਕਤੀ ਦਾ ਇਕ ਚੌਪਈ ਵਿਚ ਹਵਾਲਾ ਹੈ। ਅੱਗੋਂ ਫਿਰ ਸ੍ਰੀ ਗੁਰੂ ਨਾਨਕ ਸਾਹਿਬ ਜੀ ਤੋਂ ਜੋਤ ਕਿਵੇਂ ਵੱਖ-ਵੱਖ ਜਾਮੇ ਧਾਰਨ ਕਰਦੀ ਹੈ। ਉੱਪਰ ਪਹਿਲਾਂ ਦਿੱਤੇ ਗਏ ਦੋਹਰੇ ਦਾ ਭਾਵ ਹੈ:-

*ਗੁਰੂ ਨਾਨਕ ਪਾਤਸ਼ਾਹ ਜੀ ਨੇ ਆਪਣਾ ਦੂਜਾ ਸਰੂਪ ਸ੍ਰੀ ਗੁਰੂ ਅੰਗਦ ਦੇਵ ਜੀ ਨੂੰ ਬਣਾ ਲਿਆ ਤੇ ਸਿੱਖ ਧਰਮ ਦਾ ਪ੍ਰਚਾਰ ਸਾਰੇ ਸੰਸਾਰ ਵਿਚ ਕੀਤਾ। ਫਿਰ ਨਾਨਕ ਜੋਤ ਨੇ ਤੀਜੇ ਜਾਮੇ ਵਿਚ ਅਮਰਦਾਸ ਨਾਮ ਕਹਾਇਆ, ਇਹ ਮਾਨੋ ਇਉਂ ਹੋਇਆ ਜਿਵੇਂ ਇਕ ਦੀਪਕ ਤੋਂ ਦੀਪਕ ਜਗ ਜਾਂਦਾ ਹੈ, ਭਾਵ ਜੋਤ ਇੱਕੋ ਹੀ ਵਰਤ ਰਹੀ ਹੈ। ਅੱਗੇ ਫੁਰਮਾਨ ਹੈ:

*ਜਬ ਬਰਦਾਨ ਸਮੈ ਵਹੁ ਆਵਾ॥ ਰਾਮਦਾਸ ਤਬ ਗੁਰੂ ਕਹਾਵਾ॥*
*ਤਿਹ ਬਰਦਾਨ ਪੁਰਾਤਨ ਦੀਆ॥ ਅਮਰਦਾਸ ਸੁਰਪੁਰਿ ਮਗੁ ਲੀਆ॥*
*(ਬਚਿਤ੍ਰ ਨਾਟਕ)*

ਜਦ ਸ੍ਰੀ ਗੁਰੂ ਅਮਰਦਾਸ ਜੀ ਦਾ ਜੋਤ ਰੂਪੀ ਵਰ ਦੇਣ ਦਾ ਸਮਾਂ ਆਇਆ ਤਾਂ ਸ੍ਰੀ ਗੁਰੂ ਰਾਮਦਾਸ ਜੀ ਸਤਿਗੁਰੂ ਕਹਾਏ। ਚੱਲਦੀ ਬਖਸ਼ਿਸ਼ ਜਾਂ ਰੀਤੀ ਅਨੁਸਾਰ ਗੁਰਿਆਈ ਸ੍ਰੀ ਗੁਰੂ ਰਾਮਦਾਸ ਜੀ ਨੂੰ ਸੌਂਪ ਕੇ ਸ੍ਰੀ ਗੁਰੂ ਅਮਰਦਾਸ ਜੀ ਬੈਕੁੰਠ ਧਾਮ ਚਲੇ ਗਏ। ਹੁਣ ਪਹਿਲੇ ਚੌਹਾਂ ਸਤਿਗੁਰਾਂ ਦੀ ਜੋਤ ਦਾ ਹਵਾਲਾ ਹੈ:

*ਸ੍ਰੀ ਨਾਨਕ ਅੰਗਦਿ ਕਰਿ ਮਾਨਾ॥ ਅਮਰਦਾਸ ਅੰਗਦ ਪਹਿਚਾਨਾ॥*
*ਅਮਰਦਾਸ ਰਾਮਦਾਸ ਕਹਾਯੋ॥ ਸਾਧਨਿ ਲਖਾ ਮੂੜ੍ਹ ਨਹਿ ਪਾਯੋ॥*
*ਭਿੰਨ ਭਿੰਨ ਸਭਹੂੰ ਕਰ ਜਾਨਾ॥ ਏਕ ਰੂਪ ਕਿਨਹੂੰ ਪਹਿਚਾਨਾ॥*
*ਜਿਨ ਜਾਨਾ ਤਿਨ ਹੀ ਸਿਧ ਪਾਈ॥ ਬਿਨ ਸਮਝੇ ਸਿਧ ਹਾਥਿ ਨ ਆਈ॥*
*(ਬਚਿਤ੍ਰ ਨਾਟਕ)*

ਭਾਵ, ਸਿੱਖ ਪੰਥ ਨੇ ਸ੍ਰੀ ਗੁਰੂ ਨਾਨਕ ਸਾਹਿਬ ਜੀ ਨੂੰ ਹੀ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਰੂਪ ਵਿਚ ਮੰਨਿਆ ਅਤੇ ਉਨ੍ਹਾਂ ਤੋਂ ਬਾਅਦ ਸ੍ਰੀ ਗੁਰੂ ਅਮਰਦਾਸ ਜੀ ਨੂੰ ਸ੍ਰੀ ਗੁਰੂ ਅੰਗਦ ਦੇਵ ਜੀ ਦਾ ਸਰੂਪ ਜਾਣਿਆ। ਅੱਗੇ ਸ੍ਰੀ ਗੁਰੂ ਅਮਰਦਾਸ ਜੀ ਹੀ ਸ੍ਰੀ

ਗੁਰੂ ਰਾਮਦਾਸ ਜੀ ਕਹਾਏ। ਇਸ ਭੇਦ ਨੂੰ ਗੁਰਸਿੱਖਾਂ ਨੇ ਤਾਂ ਜਾਣ ਲਿਆ, ਪਰ ਮੂਰਖ (ਮੂੜ੍ਹ) ਇਸ ਰਮਜ਼ ਨੂੰ ਸਮਝ ਨਾ ਸਕੇ। ਕੁਝ ਭੁੱਲੜ ਲੋਕਾਂ ਨੇ ਗੁਰੂ ਸਾਹਿਬਾਨ ਨੂੰ ਭਿੰਨ-ਭਿੰਨ ਸਮਝਿਆ, ਪਰ ਕਿਸੇ ਗੁਰਮੁਖੀ ਰੂਹਾਂ ਨੇ ਹੀ ਇੱਕ ਰੂਪ ਜਾਣਿਆ। ਜਿਨ੍ਹਾਂ ਨੇ ਸਤਿਗੁਰਾਂ ਨੂੰ ਇੱਕ ਰੂਪ ਜਾਣ ਕੇ ਦੇਖਿਆ, ਉਨ੍ਹਾਂ ਮੁਕਤੀ ਪ੍ਰਾਪਤ ਕਰ ਲਈ ਅਤੇ ਇਸ ਰਹੱਸ ਨੂੰ ਬਿਨਾ ਸਮਝਿਆਂ ਕਿਸੇ ਨੂੰ ਮੁਕਤੀ ਨਹੀਂ ਮਿਲੀ। ਅੱਗੇ ਵਰਣਨ ਹੈ:

*ਰਾਮਦਾਸ ਹਰਿ ਸੋ ਮਿਲ ਗਏ॥ ਗੁਰਤਾ ਦੇਤ ਅਰਜਨਹਿ ਭਏ॥*
*ਜਬ ਅਰਜਨ ਪ੍ਰਭੁ ਲੋਕ ਸਿਧਾਏ॥ ਹਰਿਗੋਬਿੰਦ ਤਿਹ ਠਾਂ ਠਹਿਰਾਏ॥*

*(ਬਚਿਤ੍ਰ ਨਾਟਕ)*

ਭਾਵ ਕਿ ਪੰਜ ਭੂਤਕ ਸਰੀਰ ਕਰਕੇ ਸ੍ਰੀ ਗੁਰੂ ਰਾਮਦਾਸ ਜੀ ਜੋਤੀ ਜੋਤ ਸਮਾ ਗਏ ਤੇ ਗੁਰਿਆਈ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਸੌਂਪ ਗਏ। ਜਦ ਸ੍ਰੀ ਗੁਰੂ ਅਰਜਨ ਦੇਵ ਜੀ ਜੋਤੀ ਜੋਤ ਸਮਾ ਗਏ, ਤਾਂ ਉਨ੍ਹਾਂ ਦੀ ਜਗ੍ਹਾ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ ਗੁਰਿਆਈ ਬਖਸ਼ਿਸ਼ ਹੋਈ।

*ਹਰਿਗੋਬਿੰਦ ਪ੍ਰਭ ਲੋਕ ਸਿਧਾਰੇ॥ ਹਰੀਰਾਇ ਤਿਹ ਠਾਂ ਬੈਠਾਰੇ॥*
*ਹਰੀਕ੍ਰਿਸਨ ਤਿਨ ਕੇ ਸੁਤ ਵਏ॥ ਤਿਨ ਤੇ ਤੇਗ ਬਹਾਦਰ ਭਏ॥ (ਬਚਿਤ੍ਰ ਨਾਟਕ)*

ਜਦ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਪੰਚ-ਭੂਤਕ ਸਰੀਰ ਤਿਆਗ ਗਏ, ਤਾਂ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਨੂੰ ਗੁਰਿਆਈ ਬਖਸ਼ਿਸ਼ ਹੋਈ। ਫਿਰ ਉਨ੍ਹਾਂ ਤੋਂ ਬਾਅਦ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਦੇ ਸਪੁੱਤਰ ਸ੍ਰੀ ਗੁਰੂ ਹਰਿਕ੍ਰਿਸ਼ਨ ਗੁਰਤਾਗੱਦੀ 'ਤੇ ਸੁਭਾਇਮਾਨ ਹੋਏ ਅਤੇ ਉਨ੍ਹਾਂ ਤੋਂ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਗੁਰਿਆਈ ਬਖ਼ਸ਼ਿਸ਼ ਹੋਈ। ਇਸ ਤੋਂ ਅੱਗੇ ਨੌਵੇਂ ਪਾਤਸ਼ਾਹ ਦੀ ਸ਼ਹੀਦੀ ਦਾ ਵਰਣਨ ਹੈ। 'ਬਚਿਤ੍ਰ ਨਾਟਕ' ਦੀ ਇਤਿਹਾਸਿਕ ਮਹੱਤਤਾ ਨੂੰ ਸਮਝਣਾ ਤੇ ਵੀਚਾਰਨਾ ਸਿੱਖ ਸਮਾਜ ਲਈ ਬਹੁਤ ਜ਼ਰੂਰੀ ਹੈ, ਕਿਉਂਕਿ ਇਸ ਤੋਂ ਅਗਲੇ ਅਧਿਆਇ ਦਸਮ ਪਿਤਾ ਦੇ ਜੀਵਨ ਨਾਲ ਸੰਬੰਧਿਤ ਹਨ। ਨਿਮਨਲਿਖਤ ਵਿਚਾਰ ਧਿਆਨ ਮੰਗਦਾ ਹੈ:

'ਬਚਿਤ੍ਰ ਨਾਟਕ' ਸੰਬੰਧੀ ਨਾਮਵਰ ਇਤਿਹਾਸਕਾਰ, ਖੋਜੀ ਵਿਦਵਾਨ ਡਾ. ਗੰਡਾ ਸਿੰਘ ਜੀ 'ਸਿੱਖ ਇਤਿਹਾਸ ਦੀਆਂ ਸਮੱਸਿਆਵਾਂ' ਲੇਖ ਵਿਚ ਇਉਂ ਲਿਖਦੇ ਹਨ:-

"ਸ੍ਰੀ ਗੁਰੂ ਅੰਗਦ ਸਾਹਿਬ ਨੇ ਜਨਮ ਸਾਖੀ ਲਿਖਵਾਉਣ ਅਤੇ ਗੁਰੂ ਬਾਣੀ ਇਕ ਥਾਂ ਇਕੱਤਰ ਕਰਨ ਦੀ ਪਰੰਪਰਾ ਤੋਰੀ, ਜਿਸ ਦੇ ਸਦਕੇ ਬਾਅਦ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਤਕ ਵੱਖ-ਵੱਖ ਵੇਲੇ ਕੁਝ ਕੁ ਪਰਚੀਆਂ ਸਾਖੀਆਂ, ਜਨਮ ਸਾਖੀਆਂ ਆਦਿ ਗ੍ਰੰਥ ਰਚੇ ਗਏ। ਖੁਦ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਬਚਿਤ੍ਰ ਨਾਟਕ ਲਿਖਿਆ ਅਤੇ ਜ਼ਫ਼ਰਨਾਮੇ ਵਿਚ ਬੀਤੇ ਵਾਕਿਆਤ ਦਾ ਜ਼ਿਕਰ ਕੀਤਾ ਹੈ॥" (*ਸਿੱਖ ਇਤਿਹਾਸ ਬਾਰੇ*, ਧਰਮ ਪ੍ਰਚਾਰ ਕਮੇਟੀ, ਪੰਨਾ ੧੪੬) ■

# ਸ੍ਰੀ ਗੁਰੂ ਰਾਮਦਾਸ ਜੀ

*-ਭਾਈ ਬਲਦੇਵ ਸਿੰਘ ਜ਼ੀਰਾ**

*ਵੇਚ ਘੁੰਗਣੀਆਂ ਭਾਈ ਜੇਠਾ ਜੀ ਕਰਨ ਗੁਜ਼ਾਰਾ,*
*ਇਕ ਦਿਨ ਸ਼ਰਨ ਗੁਰੂ ਅਮਰਦਾਸ ਜੀ ਦੀ ਆਏ ਨੇ।*
*ਸੋਭਾ ਸੁਣੀ ਸੀ ਉਨ੍ਹਾਂ ਗੋਇੰਦਵਾਲ ਸਾਹਿਬ ਜੀ ਦੀ,*
*ਜਿੱਥੇ ਗੁਰੂ ਅਮਰਦਾਸ ਜੀ ਡੇਰੇ ਲਾਏ ਨੇ।*
*ਬਖਸ਼ੋ ਸੇਵਾ ਸਾਨੂੰ ਵੀ ਜੇਠਾ ਜੀ ਆ ਕੇ ਕਹਿਣ ਲੱਗੇ,*
*ਹੱਥ ਜੋੜ ਉਨ੍ਹਾਂ ਚਰਨੀਂ ਸੀਸ ਨਿਵਾਇਆ ਏ।*
*ਐਸੀ ਸੇਵਾ ਵਿਚ ਜੁਟੇ ਫਿਰ ਭਾਈ ਜੇਠਾ,*
*ਤਨੋ ਮਨੋ ਉਨ੍ਹਾਂ ਗੁਰੂ ਜੀ ਦਾ ਹੁਕਮ ਨਿਭਾਇਆ ਏ।*
*ਭਾਈ ਜੇਠਾ ਜੀ ਵਰਗਾ ਨਾ ਗੁਰਾਂ ਨੂੰ ਹੋਰ ਦਿਸਿਆ,*
*ਰਿਸ਼ਤਾ ਪੁੱਤਰੀ ਦਾ ਜੋੜ ਉਨ੍ਹਾਂ ਫਰਜ਼ ਨਿਭਾਇਆ ਏ।*
*ਦਾਸ ਬਣ ਗਏ ਗੁਰੂ ਅਮਰਦਾਸ ਜੀ ਦੇ ਭਾਈ ਜੇਠਾ,*
*ਤਾਹੀਂਓ ਰਾਮਦਾਸ ਕਹਿ ਗੁਰਾਂ ਬੁਲਾਇਆ ਏ।*
*ਸੇਵਾ ਉਨ੍ਹਾਂ ਦੀ ਤੋਂ ਗੁਰੂ ਅਮਰਦਾਸ ਜੀ ਖੁਸ਼ ਹੋ ਕੇ,*
*ਗੁਰਿਆਈ ਉੱਪਰ ਆਪ ਉਨ੍ਹਾਂ ਨੂੰ ਬਿਠਾਇਆ ਏ।*
*ਹੁਕਮ ਹੋਇਆ ਉਨ੍ਹਾਂ ਨੂੰ ਚੱਕ ਨਵਾਂ ਵਸਾਓ ਜਾ ਕੇ,*
*ਜਿਹੜਾ ਸ੍ਰੀ ਅੰਮ੍ਰਿਤਸਰ ਸ਼ਹਿਰ ਅੱਜ ਅਖਵਾਇਆ ਏ।*
*ਊਚ ਨੀਚ, ਜਾਤ-ਪਾਤ ਦਾ ਜਿੱਥੇ ਨਾ ਭੇਦ ਕੋਈ,*
*ਹਰਿਮੰਦਰ ਸਾਹਿਬ ਗੁਰੂ ਨੇ ਜਿੱਥੇ ਬਣਵਾਇਆ ਏ।*
*ਉਪਮਾ ਗੁਰੂ ਰਾਮਦਾਸ ਜੀ ਦੀ ਸਾਰੀ ਕਰੇ ਦੁਨੀਆ,*
*ਸੇਵਾ ਕਰ ਕੇ 'ਬਲਦੇਵ ਸਿੰਘਾ' ਜਿਨ੍ਹਾਂ ਸਭ ਕੁਝ ਪਾਇਆ ਏ।*

■

*ਮੁਹੱਲਾ ਚਾਰ ਬੇਰੀਆਂ, ਵਾਰਡ ਨੰ: ੯, ਮਲੋਕੇ ਰੋਡ, ਜ਼ੀਰਾ-੧੪੨੦੪੭ (ਫਿਰੋਜ਼ਪੁਰ)। ਮੋ: +੯੧੯੮੫੫੮-੧੯੪੦੦

# ਗੁਰੂ ਗ੍ਰੰਥ ਹੈ ਗੁਰੂ ਬੇਅੰਤ ਸਾਡਾ

-ਸ. ਸਤਿਨਾਮ ਸਿੰਘ ਕੋਮਲ*

*ਮਾਲਕ ਦੁਨੀ ਦਾ ਏ, ਰਹਿਬਰ ਦੀਨ ਦਾ ਏ,*
*ਬੈਠਾ ਤਖ਼ਤ 'ਤੇ, ਗੁਰੂ ਗ੍ਰੰਥ ਸਾਡਾ।*
*ਝੁਕਣ ਪਾਤਸ਼ਾਹੀਆਂ, ਏਸ ਦੇ ਦਰ ਉੱਤੇ,*
*ਹਾਜ਼ਰ ਨਾਜ਼ਰ ਹੈ, ਗੁਰੂ ਬੇਅੰਤ ਸਾਡਾ।*
*ਝੋਲੀ ਅੱਡ ਲੈ, ਜੇ ਕੁਝ ਖੱਟਣਾ ਈ,*
*ਸਭ ਸਿਆਣਪਾਂ ਛੱਡ ਕੇ, ਬਾਹਰ ਆ ਜਾ।*
*ਸ਼ਾਂਤੀ, ਸਹਿਜ, ਰਹੱਸ ਜੇ ਲੋੜਦਾ ਏਂ,*
*ਬੇਝਿਜਕ ਹੋ, ਏਸ ਦਰਬਾਰ ਆ ਜਾ।*
*ਲੋੜਾਂ ਤੇਰੀਆਂ ਕੀ? ਕਹਿਣ ਦੀ ਲੋੜ ਹੈ ਨਈਂ,*
*ਜਾਣੀ ਜਾਣ ਹੈ, ਸਭ ਕੁਝ ਜਾਣਦਾ ਏ।*
*ਤੈਨੂੰ ਹੋਵੇ ਬੇਸ਼ਕ, ਪਛਾਣ ਭੁੱਲੀ,*
*ਚੰਗੀ ਤਰ੍ਹਾਂ ਉਹ, ਤੈਨੂੰ ਪਛਾਣਦਾ ਏ।*
*ਤੂੰ ਸੁਣਨ ਤੇ ਮੰਨਣ ਦੀ ਪਾ ਆਦਤ,*
*ਤੈਨੂੰ ਪਤਾ ਨਹੀਂ, ਓਸਦੇ ਤਾਣ ਦਾ ਏ।*
*ਜਗਤ ਖੇਡ ਵਿਚ, ਸਭ ਦਾ ਬਣੇ ਹਾਣੀ,*
*ਬੰਦਾ ਉਮਰ ਭਰ, ਬਣੇ ਨਾ ਹਾਣ ਦਾ ਏ।*
*ਤਿਲ ਭਰ ਵੀ, ਤਮ੍ਹਾਂ ਨਾ ਓਸ ਅੰਦਰ,*
*ਅੰਗ ਸੰਗ ਹੈ, ਗੁਰੂ ਅਨੰਤ ਸਾਡਾ।*
*ਜਾਗਤ ਜੋਤ ਹੈ, ਜੁਗਾਂ ਤਕ ਰਹੂ ਰੋਸ਼ਨ,*
*ਗੁਰੂ ਗ੍ਰੰਥ ਹੈ, ਗੁਰੂ ਬੇਅੰਤ ਸਾਡਾ।*
*ਤੂੰ ਜੋਤ ਉਸਦੀ, ਤੂੰ ਅੰਸ਼ ਉਸਦੀ,*
*ਉਸਦੀ ਰਜ਼ਾ ਵਿਚ, ਰਹਿਣ ਦੀ ਜਾਚ ਸਿੱਖ ਲੈ।*
*ਘਰੇ ਛੱਡ ਜਾਵੀਂ, ਹਉਮੈਂ, ਆਪਣੀ ਨੂੰ,*
*ਏਸ ਦਰ 'ਤੇ ਢਹਿਣ ਦੀ, ਜਾਚ ਸਿੱਖ ਲੈ।*
*ਝੂਲਦੇ ਛਤਰ ਤੱਕ ਲੈ, ਹੁੰਦੇ ਚੌਰ ਤੱਕ ਲੈ,*
*ਸਾਧ ਸੰਗਤ 'ਚ, ਬਹਿਣ ਦੀ ਜਾਚ ਸਿੱਖ ਲੈ।*
*ਜਪੁ ਜਾਪ ਬਣ ਜੇ, ਜਾਪ ਵੈਰਾਗ ਬਣ ਜੇ,*
*ਫਿਰ ਅਰਦਾਸ, ਕਹਿਣ ਦੀ ਜਾਚ ਸਿੱਖ ਲੈ।*
*ਬਣੇ ਅਨੰਦ ਜੋ, ਕਿਹਾ ਨਹੀਂ ਜਾ ਸਕਦਾ,*
*ਗੁਰੂ ਪੰਥ ਹੋ ਜਾਊ, ਫੇਰ ਪੰਥ ਸਾਡਾ।*
*ਮੇਟ ਭੇਦ ਦੇਂਦਾ, ਗੁਰੂ ਤੇ ਸਿੱਖ ਵਿਚਲਾ,*
*ਗੁਰੂ ਗ੍ਰੰਥ ਹੈ, ਗੁਰੂ ਬੇਅੰਤ ਸਾਡਾ।*
*ਪੰਜ ਸਦੀਆਂ ਦੇ ਅਨੁਭਵੀ ਬੋਲ ਇਸ ਵਿਚ,*
*ਗੁਰੂਆਂ ਭਗਤਾਂ ਦੀ ਸੁੱਚੀ ਕਮਾਈ ਇਸ ਵਿਚ।*
*ਉਸ ਕਾਦਰ ਦੀ ਸਿਫਤ ਸਾਲਾਹ ਇਸ ਵਿਚ,*
*ਵੱਸੀ ਹਿਰਦਿਆਂ 'ਚ ਜੋ, ਖੁਦਾਈ ਇਸ ਵਿਚ।*
*ਊਚ ਨੀਚ ਕੋਈ ਨਹੀਂ, ਜਾਤ ਪਾਤ ਕੋਈ ਨਹੀਂ,*
*ਮੰਗੀ ਸਭ ਦੀ ਹੈ, ਭਲਾਈ ਇਸ ਵਿਚ।*
*ਸੇਵਾ ਸਿਮਰਨ ਦੀਆਂ, ਦੱਸੀਆਂ ਬਰਕਤਾਂ ਨੇ,*
*ਪੂਰਨ ਸੱਚ ਦੀ ਹੈ, ਸਚਾਈ ਇਸ ਵਿਚ।*
*ਸੱਚ ਸੀ ਉਹ, ਅੱਜ ਵੀ, ਸੱਚ ਹੈ ਉਹ,*
*ਰਹੂ ਜੁਗਾਂ ਤੀਕਰ, ਬਣ ਕੇ ਕੰਤ ਸਾਡਾ।*
*ਘਰ ਗੁਰੂ ਦਾ, ਦਰ ਪਰਮਾਤਮਾ ਦਾ,*
*ਗੁਰੂ ਗ੍ਰੰਥ ਹੈ, ਗੁਰੂ ਬੇਅੰਤ ਸਾਡਾ।*
*ਧਰਮਾਂ ਜਾਤਾਂ, ਤੰਗਦਿਲੀਆਂ ਤੋਂ ਉੱਠ ਉੱਚੇ,*
*ਇੱਕੋ ਸਿਫਤ ਅਕਾਲ ਦੀ ਗਾਈ ਸਭ ਨੇ।*
*ਰੱਬੀ ਨੂਰ ਤੋਂ, ਸੀ ਨੂਰੋ ਨੂਰ ਹੋਏ,*
*ਵੰਡੀ ਜਗ ਨੂੰ, ਤਾਂਹੀ ਰੁਸ਼ਨਾਈ ਸਭ ਨੇ।*
*ਬੋਲ ਖਸਮ ਦੇ, ਕਾਬਲ ਸਿੱਜਦਿਆਂ ਦੇ,*
*ਪੂਜਣਯੋਗ ਹਰ, ਵਿਚਲਾ ਭਗਤ ਸਾਡਾ।*
*ਭੱਟਾਂ ਗੁਰਸਿੱਖਾਂ ਦੇ, ਬੋਲੀਂ ਸ਼ਿੰਗਾਰਿਆ ਏ,*
*ਗੁਰੂ ਗ੍ਰੰਥ ਹੈ, ਗੁਰੂ ਬੇਅੰਤ ਸਾਡਾ।*
*ਵਿਚ ਨੰਦੇੜ ਦੇ, ਆਖਰੀ ਵਕਤ ਵੇਲੇ,*
*ਸਾਨੂੰ ਸਤਿਗੁਰਾਂ, ਹੁਕਮ ਸੁਣਾ ਦਿੱਤਾ।*
*ਪਰਚਾ ਸ਼ਬਦ ਦਾ, ਪੂਜਾ ਅਕਾਲ ਦੀ ਹੈ,*
*ਕਰਨੀ ਦਿਲੋਂ ਇਹ, ਸਭ ਸਿਖਾ ਦਿੱਤਾ।*
*ਕਰਨਾ ਸਦਾ, ਦੀਦਾਰ ਹੈ, ਖਾਲਸੇ ਦਾ,*
*ਗੁਰੂ ਗ੍ਰੰਥ ਜੀ, ਤਖ਼ਤ ਬਿਠਾ ਦਿੱਤਾ।* ■

*੨੪੮ ਅਰਬਨ ਅਸਟੇਟ I, ਲੁਧਿਆਣਾ-੧੦ ਮੋ: +੯੧੯੮੭੨੬-੦੯੯੨੧

# ਯੂ.ਕੇ. ਦੇ ਪਹਿਲੇ ਸਿੱਖ ਮੈਂਬਰ ਪਾਰਲੀਮੈਂਟ ਸ. ਤਨਮਨਜੀਤ ਸਿੰਘ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਨਤਮਸਤਕ

ਸ੍ਰੀ ਅੰਮ੍ਰਿਤਸਰ, ੨੯ ਜੁਲਾਈ: ਯੂ.ਕੇ. ਵਿਚ ਪਹਿਲੇ ਸਿੱਖ ਮੈਂਬਰ ਪਾਰਲੀਮੈਂਟ ਬਣੇ ਸ. ਤਨਮਨਜੀਤ ਸਿੰਘ ਅੱਜ ਰੂਹਾਨੀਅਤ ਦੇ ਕੇਂਦਰ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਨਤਮਸਤਕ ਹੋਏ। ਇਸ ਮੌਕੇ ਸ. ਤਨਮਨਜੀਤ ਸਿੰਘ ਦੇ ਪਿਤਾ ਸ. ਜਸਪਾਲ ਸਿੰਘ, ਚਾਚਾ ਸ. ਪਰਮਜੀਤ ਸਿੰਘ ਰਾਏਪੁਰ ਵੀ ਉਨ੍ਹਾਂ ਨਾਲ ਸਨ। ਉਨ੍ਹਾਂ ਨੇ ਕੜਾਹ ਪ੍ਰਸ਼ਾਦ ਦੀ ਦੇਗ ਕਰਵਾਈ ਅਤੇ ਰੁਮਾਲਾ ਸਾਹਿਬ ਵੀ ਭੇਟ ਕੀਤਾ। ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਉਨ੍ਹਾਂ ਭਾਈ ਸੁਲਤਾਨ ਸਿੰਘ ਪਾਸੋਂ ਗੁਰੂ-ਘਰ ਦੀ ਬਖਸ਼ਿਸ਼ ਸਿਰੋਪਾਓ ਪ੍ਰਾਪਤ ਕਰਨ ਉਪਰੰਤ ਇਕਾਗਰਤਾ ਨਾਲ ਬੈਠ ਕੇ ਕੀਰਤਨ ਸਰਵਣ ਕੀਤਾ। ਇਸ ਦੌਰਾਨ ਉਨ੍ਹਾਂ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਵੀ ਮੱਥਾ ਟੇਕਿਆ। ਪਰਿਕਰਮਾ ਕਰਦਿਆਂ ਉਨ੍ਹਾਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਤੇ ਹੋਰ ਅਸਥਾਨਾਂ ਦੀ ਇਤਿਹਾਸਿਕ ਮਹਾਨਤਾ ਬਾਰੇ ਜਾਣਕਾਰੀ ਪ੍ਰਾਪਤ ਕਰਨ ਵਿਚ ਵਿਸ਼ੇਸ਼ ਰੁਚੀ ਦਿਖਾਈ।

ਇਸ ਤੋਂ ਬਾਅਦ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁੱਖ ਦਫਤਰ ਵਿਖੇ ਆਯੋਜਿਤ ਕੀਤੇ ਗਏ ਸਨਮਾਨ ਸਮਾਗਮ ਦੌਰਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸੀਨੀਅਰ ਮੀਤ ਪ੍ਰਧਾਨ ਸ. ਬਲਦੇਵ ਸਿੰਘ ਕਾਇਮਪੁਰ, ਜੂਨੀਅਰ ਮੀਤ ਪ੍ਰਧਾਨ ਬਾਬਾ ਬੂਟਾ ਸਿੰਘ, ਜਨਰਲ ਸਕੱਤਰ ਭਾਈ ਅਮਰਜੀਤ ਸਿੰਘ ਅਤੇ ਹੋਰ ਅਹੁਦੇਦਾਰਾਂ ਵੱਲੋਂ ਸ. ਤਨਮਨਜੀਤ ਸਿੰਘ ਨੂੰ ਸ੍ਰੀ ਸਾਹਿਬ, ਸਿਰੋਪਾਓ, ਲੋਈ, ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦਾ ਸੁਨਹਿਰੀ ਮਾਡਲ ਤੇ ਧਾਰਮਿਕ ਪੁਸਤਕਾਂ ਦਾ ਸੈੱਟ ਦੇ ਕੇ ਸਨਮਾਨਿਤ ਕੀਤਾ ਗਿਆ।

ਸਨਮਾਨ ਸਮਾਗਮ ਦੌਰਾਨ ਬੋਲਦਿਆਂ ਸ. ਤਨਮਨਜੀਤ ਸਿੰਘ ਨੇ ਕਿਹਾ ਕਿ ਪਰਮਾਤਮਾ ਦੀ ਕਿਰਪਾ ਦੁਆਰਾ ਹੀ ਉਨ੍ਹਾਂ ਨੂੰ ਇਹ ਮਾਣ ਮਿਲਿਆ ਹੈ ਜਿਸ ਲਈ ਉਹ ਗੁਰੂ ਸਾਹਿਬ ਦਾ ਸ਼ੁਕਰਾਨਾ ਕਰਨ ਲਈ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਪਹੁੰਚੇ ਹਨ। ਉਨ੍ਹਾਂ ਕਿਹਾ ਕਿ ਸਿੱਖ ਸੰਗਤ ਦਾ ਉਤਸ਼ਾਹ ਅਤੇ ਅਗਵਾਈ ਮੇਰੇ ਲਈ ਸਦਾ ਪ੍ਰੇਰਨਾ ਵਜੋਂ ਕੰਮ ਕਰਦੀ ਰਹੀ ਹੈ। ਇਸ ਲਈ ਮੇਰਾ ਫਰਜ਼ ਹੈ ਕਿ ਮੈਂ ਸਿੱਖ ਸਿਧਾਂਤਾਂ 'ਤੇ ਪਹਿਰਾ ਦਿੰਦਿਆਂ ਸਰਬੱਤ ਦੇ ਭਲੇ ਲਈ ਕੰਮ ਕਰਾਂ। ਉਨ੍ਹਾਂ ਕਿਹਾ ਕਿ ਦਸਤਾਰ ਸਿੱਖ ਦੀ ਸ਼ਾਨ ਤੇ ਪਹਿਚਾਣ ਹੈ ਜਦਕਿ ਸਿੱਖੀ ਦੀਆਂ ਕਦਰਾਂ-ਕੀਮਤਾਂ ਸਿੱਖ ਲਈ ਜੀਵਨ-ਜਾਚ। ਫਰਾਂਸ ਵਿਚ ਦਸਤਾਰ ਦੇ ਮਸਲੇ ਸਬੰਧੀ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਉਹ ਇਸ ਮਾਮਲੇ ਨੂੰ ਯੂ.ਕੇ. ਦੀ ਸੰਸਦ ਵਿਚ ਉਠਾ ਚੁੱਕੇ ਹਨ ਅਤੇ ਇਸ ਦੇ ਹੱਲ ਲਈ ਸਦਾ ਯਤਨਸ਼ੀਲ ਰਹਿਣਗੇ। ਉਨ੍ਹਾਂ ਨੌਜਵਾਨੀ ਨੂੰ

ਅਪੀਲ ਕੀਤੀ ਕਿ ਸਾਬਤ ਸੂਰਤ ਰਹਿੰਦਿਆਂ ਦਸਤਾਰ ਦੀ ਸ਼ਾਨ ਨੂੰ ਵਧਾਉਣ ਲਈ ਅੱਗੇ ਆਉਣ। ੧੯੮੪ ਈ. ਵਿਚ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਉਪਰ ਕੀਤੇ ਗਏ ਫੌਜੀ ਹਮਲੇ ਸਮੇਤ ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿਚ ਕੀਤੀ ਗਈ ਸਿੱਖ ਨਸਲਕੁਸ਼ੀ ਨੂੰ ਮੰਦਭਾਗਾ ਕਰਾਰਾ ਦਿੰਦਿਆਂ ਉਨ੍ਹਾਂ ਕਿਹਾ ਕਿ ਇਸ ਦੇ ਦੋਸ਼ੀਆਂ ਨੂੰ ਸਜ਼ਾਵਾਂ ਮਿਲਣੀਆਂ ਚਾਹੀਦੀਆਂ ਹਨ। ਉਨ੍ਹਾਂ ਕਿਹਾ ਕਿ ਦਸਤਾਰ ਕਿਸੇ ਵੀ ਤਰੱਕੀ ਜਾਂ ਕੰਮ ਵਿਚ ਕਦੇ ਵੀ ਅੜਿੱਕਾ ਨਹੀਂ ਬਣਦੀ, ਸਗੋਂ ਇਹ ਸਾਡੀ ਵੱਖਰੀ ਪਹਿਚਾਣ ਨਿਰਧਾਰਤ ਕਰਦੀ ਹੈ। ਸ. ਤਨਮਨਜੀਤ ਸਿੰਘ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਅਤੇ ਹੋਰ ਅਹੁਦੇਦਾਰਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਸਿੱਖਾਂ ਦੀ ਸਰਵਉੱਚ ਸੰਸਥਾ ਵੱਲੋਂ ਮਿਲਿਆ ਸਨਮਾਨ ਉਨ੍ਹਾਂ ਦੇ ਜੀਵਨ ਦਾ ਹਾਸਲ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਯਾਦਗਾਰੀ ਪਲਾਂ ਨੂੰ ਉਹ ਹਮੇਸ਼ਾ ਯਾਦ ਰੱਖਣਗੇ।

## ਮਾਲਵਾ, ਦੋਆਬਾ ਅਤੇ ਹਰਿਆਣਾ ਤੋਂ ਬਾਅਦ ਮਾਝਾ ਖੇਤਰ ਵਿਚ ਧਰਮ ਪ੍ਰਚਾਰ ਲਹਿਰ ਦਾ ਆਗਾਜ਼

ਸ੍ਰੀ ਅੰਮ੍ਰਿਤਸਰ, ੪ ਅਗਸਤ: ਧਰਮ ਪ੍ਰਚਾਰ ਲਹਿਰ ਨੂੰ ਮਾਝੇ ਖੇਤਰ ਅੰਦਰ ਪ੍ਰਚੰਡ ਕਰਨ ਲਈ ਬਾਬਾ ਨਿਧਾਨ ਸਿੰਘ ਜੀ ਦੀ ਯਾਦ ਨੂੰ ਸਮਰਪਿਤ ਗੁਰਦੁਆਰਾ ਮੰਜੀ ਸਾਹਿਬ ਦੀਵਾਨ ਹਾਲ, ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਕਰਵਾਏ ਗਏ ਗੁਰਮਤਿ ਸਮਾਗਮ ਵਿਚ ਸੰਗਤਾਂ ਨੂੰ ਸੰਬੋਧਨ ਕਰਦਿਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਨੇ ਕਿਹਾ ਕਿ ਗੁਰਮਤਿ ਦੀ ਰੋਸ਼ਨੀ ਵਿਚ ਜਿਊਣ ਦੀ ਚਾਹਤ ਸਾਨੂੰ ਅਧਿਆਤਮਕ ਤੇ ਸਮਾਜਿਕ ਤੌਰ 'ਤੇ ਪ੍ਰਸੰਨ ਕਰ ਸਕਦੀ ਹੈ। ਉਨ੍ਹਾਂ ਕਿਹਾ ਕਿ ਵਰਤਮਾਨ ਸਮੇਂ ਸਮਾਜ ਵਿਚ ਫੈਲੀਆਂ ਕੁਰੀਤੀਆਂ ਨਾਲ ਪੈਦਾ ਹੋਏ ਅਸੰਤੁਲਨ ਨੂੰ ਦੂਰ ਕਰਨ ਲਈ ਗੁਰਮਤਿ ਜੁਗਤ ਨੂੰ ਅਪਣਾਉਣਾ ਪਵੇਗਾ। ਉਨ੍ਹਾਂ ਕਿਹਾ ਕਿ ਗੁਰਬਾਣੀ ਵਿੱਚੋਂ ਸਾਨੂੰ ਮਨੁੱਖੀ ਜੀਵਨ ਦੇ ਹਰ ਪੱਖ ਨਾਲ ਸੰਬੰਧਿਤ ਸੇਧ ਪ੍ਰਾਪਤ ਹੁੰਦੀ ਹੈ, ਪਰ ਇਸ ਲਈ ਸਾਨੂੰ ਗੁਰਬਾਣੀ ਦੀ ਵਿਚਾਰਧਾਰਾ ਨੂੰ ਅਮਲ ਵਿਚ ਲਿਆਉਣਾ ਪਵੇਗਾ। ਉਨ੍ਹਾਂ ਆਖਿਆ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਅਰੰਭੀ ਗਈ ਧਰਮ ਪ੍ਰਚਾਰ ਲਹਿਰ ਦਾ ਮਕਸਦ ਵੀ ਸੰਗਤ ਨੂੰ ਗੁਰਮਤਿ ਨਾਲ ਜੋੜਨਾ ਹੀ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪ੍ਰਧਾਨ ਨੇ ਕਿਹਾ ਕਿ ਮਾਝਾ ਇਲਾਕੇ ਅੰਦਰ ਧਰਮ ਪ੍ਰਚਾਰ ਲਹਿਰ ਦੀ ਅਗਵਾਈ ਸਿੰਘ ਸਾਹਿਬ ਗਿਆਨੀ ਜਸਵੰਤ ਸਿੰਘ ਕਰਨਗੇ। ਉਨ੍ਹਾਂ ਬੱਚਿਆਂ ਤੇ ਨੌਜਵਾਨਾਂ ਨੂੰ ਗੁਰਮਤਿ ਸੱਭਿਆਚਾਰ ਨਾਲ ਜੋੜਨ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਧਰਮ ਪ੍ਰਚਾਰ ਲਈ ਕੀਤੇ ਜਾ ਰਹੇ ਯਤਨਾਂ ਵਿਚ ਸਹਿਯੋਗ ਕਰਨ ਦੀ ਸੰਗਤ ਨੂੰ ਅਪੀਲ ਕੀਤੀ। ਪ੍ਰੋ. ਬਡੂੰਗਰ ਨੇ ਬਾਬਾ ਨਿਧਾਨ ਸਿੰਘ ਹਜ਼ੂਰ ਸਾਹਿਬ ਵਾਲਿਆਂ ਨੂੰ ਯਾਦ ਕਰਦਿਆਂ ਕਿਹਾ ਕਿ ਉਨ੍ਹਾਂ ਦਾ ਸੇਵਾ ਦੇ ਖੇਤਰ ਵਿਚ ਮਿਸਾਲੀ ਯੋਗਦਾਨ ਹੈ ਅਤੇ

ਅਜਿਹੀ ਸੇਵਾ ਨੂੰ ਸਮਰਪਿਤ ਸ਼ਖ਼ਸੀਅਤ ਦਾ ਜੀਵਨ ਸਮਾਜ ਲਈ ਪ੍ਰੇਰਨਾ ਸਰੋਤ ਹੈ। ਉਨ੍ਹਾਂ ਆਪਣੇ ਸੰਬੋਧਨ ਵਿਚ ਸੇਵਾ, ਸਿਮਰਨ ਤੇ ਪਰਉਪਕਾਰੀ ਸ਼ਖ਼ਸੀਅਤ ਭਗਤ ਪੂਰਨ ਸਿੰਘ ਦੀ ਮਨੁੱਖਤਾ ਪ੍ਰਤੀ ਵਡਮੁੱਲੀ ਦੇਣ ਨੂੰ ਵੀ ਸਤਿਕਾਰ ਭੇਟ ਕੀਤਾ।

ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਵਿਚਾਰ ਸਾਂਝੇ ਕਰਦਿਆਂ ਕਿਹਾ ਕਿ ਸਿੱਖ ਧਰਮ ਅੰਦਰ ਵਹਿਮਾਂ-ਭਰਮਾਂ ਅਤੇ ਪਾਖੰਡਵਾਦ ਲਈ ਕੋਈ ਥਾਂ ਨਹੀਂ ਹੈ ਅਤੇ ਸਿੱਖ ਕੇਵਲ ਇੱਕ ਅਕਾਲ ਦਾ ਉਪਾਸ਼ਕ ਹੈ, ਪਰੰਤੂ ਦੁੱਖ ਦੀ ਗੱਲ ਹੈ ਕਿ ਅੱਜ ਸਮਾਜ ਵਿਚ ਪਖੰਡਵਾਦ ਬਹੁਤ ਭਾਰੂ ਹੋ ਚੁੱਕਾ ਹੈ ਜਿਸ ਤੋਂ ਛੁਟਕਾਰਾ ਪਾਉਣਾ ਸਮੇਂ ਦੀ ਮੁੱਖ ਲੋੜ ਹੈ। ਉਨ੍ਹਾਂ ਆਖਿਆ ਕਿ ਸਮਾਜ ਵਿੱਚੋਂ ਫੋਕਟ ਕਰਮ-ਕਾਂਡਾਂ ਅਤੇ ਵਹਿਮਾਂ-ਭਰਮਾਂ ਦੇ ਖਾਤਮੇ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਵੱਲੋਂ ਕੀਤੇ ਜਾ ਰਹੇ ਯਤਨ ਸ਼ਲਾਘਾਯੋਗ ਹਨ। ਇਸ ਸਮੇਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਨੂੰ ਸਿੰਘ ਸਾਹਿਬਾਨ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਹੁਦੇਦਾਰਾਂ ਵੱਲੋਂ ਸਿਰੋਪਾਓ, ਲੋਈ ਤੇ ਸ੍ਰੀ ਸਾਹਿਬ ਦੇ ਕੇ ਸਨਮਾਨਿਤ ਵੀ ਕੀਤਾ ਗਿਆ।

ਇਸ ਤੋਂ ਪਹਿਲਾਂ ਜਿੱਥੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਸਿੰਘ ਸਾਹਿਬ ਗਿਆਨੀ ਜਗਤਾਰ ਸਿੰਘ, ਤਖਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਅਤੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਸਾਬਕਾ ਗ੍ਰੰਥੀ ਗਿਆਨੀ ਜਸਵੰਤ ਸਿੰਘ ਨੇ ਸੰਗਤ ਨੂੰ ਗੁਰਮਤਿ ਸਿਧਾਂਤਾਂ ਨਾਲ ਜੋੜਿਆ, ਉੱਥੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਇੰਦਰਜੀਤ ਸਿੰਘ ਬੰਬੇ ਵਾਲੇ ਅਤੇ ਭਾਈ ਰਾਇ ਸਿੰਘ ਦੇ ਜਥਿਆਂ ਵੱਲੋਂ ਗੁਰਬਾਣੀ ਦਾ ਮਨੋਹਰ ਕੀਰਤਨ ਕੀਤਾ ਗਿਆ।

## ਆਧਾਰ ਕਾਰਡ ਵਿੱਚੋਂ ਪੰਜਾਬੀ ਦਾ ਇੰਦਰਾਜ ਖਤਮ ਕਰਨ ਦਾ ਫੈਸਲਾ ਮੰਦਭਾਗਾ- ਪ੍ਰੋ. ਬਡੂੰਗਰ

ਪਟਿਆਲਾ, ੧੧ ਅਗਸਤ: ਪੰਥ ਰਤਨ ਜਥੇਦਾਰ ਗੁਰਚਰਨ ਸਿੰਘ ਟੌਹੜਾ ਇੰਸਟੀਚਿਊਟ ਆਫ ਐਡਵਾਂਸ ਸਟੱਡੀਜ਼ ਇਨ ਸਿੱਖਇਜ਼ਮ ਬਹਾਦਰਗੜ੍ਹ ਵਿਖੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਨੇ ਐਜੂਕੇਸ਼ਨ ਕਮੇਟੀ ਦੀ ਮੀਟਿੰਗ ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਦੇਸ਼ ਦੀ ਵੰਡ ਤੋਂ ਲੈ ਕੇ ਹੁਣ ਤਕ ਕੇਂਦਰ ਸਰਕਾਰ ਦਾ ਰਵੱਈਆ ਸਿੱਖ ਕੌਮ ਪ੍ਰਤੀ ਹਮੇਸ਼ਾ ਵਿਤਕਰੇ ਵਾਲਾ ਹੀ ਰਿਹਾ ਹੈ। ਉਨ੍ਹਾਂ ਕਿਹਾ ਕਿ ਕੇਂਦਰ ਨੇ ਹਮੇਸ਼ਾ ਸਿੱਖਾਂ ਨਾਲ ਪੱਖਪਾਤ ਕੀਤਾ ਹੈ ਅਤੇ ਸਿੱਖਾਂ ਨੂੰ ਰਾਹਤ ਦੇਣ ਦੀ ਕੋਈ ਕੋਸ਼ਿਸ਼ ਨਹੀਂ ਕੀਤੀ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪ੍ਰਧਾਨ ਨੇ ਕਿਹਾ ਕਿ ਦੇਸ਼

ਅੰਦਰ ਵੱਖ-ਵੱਖ ਘੱਟ ਗਿਣਤੀ ਕੌਮਾਂ ਹਨ ਜਿਨ੍ਹਾਂ ਦੇ ਨੁਮਾਇੰਦਿਆਂ ਨੂੰ ਕੇਂਦਰ ਸਰਕਾਰ ਨੇ ਘੱਟ ਗਿਣਤੀ ਕਮਿਸ਼ਨ ਵਿਚ ਮੈਂਬਰ ਲਿਆ ਹੈ, ਪਰੰਤੂ ਕਿਸੇ ਸਿੱਖ ਨੂੰ ਘੱਟ ਗਿਣਤੀ ਕਮਿਸ਼ਨ ਦਾ ਨੁਮਾਇੰਦਾ ਨਾ ਲੈਣਾ ਇਹ ਸਾਬਤ ਕਰਦਾ ਹੈ ਕਿ ਕੇਂਦਰ ਸਰਕਾਰ ਸਿੱਖਾਂ ਨਾਲ ਵਿਤਕਰਾ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਜਿੱਥੇ ਕੇਂਦਰ ਦੇ ਇਸ ਨਜ਼ਰੀਏ ਨਾਲ ਸਿੱਖਾਂ ਵਿਚ ਰੋਸ ਦੀ ਲਹਿਰ ਫੈਲ ਰਹੀ ਹੈ, ਉੱਥੇ ਅਸੁਰੱਖਿਆ ਦੀ ਭਾਵਨਾ ਵੀ ਵੱਧ ਰਹੀ ਹੈ, ਜਦਕਿ ਅਜ਼ਾਦੀ ਦੀ ਲੜਾਈ ਵਿਚ ਸਿੱਖ ਕੌਮ ਦਾ ਅਹਿਮ ਯੋਗਦਾਨ ਰਿਹਾ। ਇਕ ਸਵਾਲ ਦੇ ਜਵਾਬ ਵਿਚ ਪ੍ਰੋ. ਬਡੂੰਗਰ ਨੇ ਕਿਹਾ ਕਿ ਬੇਸ਼ੱਕ ਅੱਜ ਸਾਬਕਾ ਉਪ ਰਾਸ਼ਟਰਪਤੀ ਹਾਮਿਦ ਅੰਸਾਰੀ ਨੇ ਘੱਟ ਗਿਣਤੀਆਂ ਦੀ ਅਸੁਰੱਖਿਆ ਦਾ ਮਾਮਲਾ ਚੁੱਕਿਆ ਹੈ, ਪਰੰਤੂ ਅਹੁਦੇ 'ਤੇ ਤਾਇਨਾਤ ਹੋਣ ਸਮੇਂ ਕਦੇ ਵੀ ਸਿੱਖ ਮਸਲਿਆਂ ਨੂੰ ਹੱਲ ਕਰਨ ਪ੍ਰਤੀ ਗੰਭੀਰਤਾ ਨਹੀਂ ਵਿਖਾਈ, ਪਰ ਫਿਰ ਵੀ ਅਸੀਂ ਉਨ੍ਹਾਂ ਦੇ ਇਸ ਬਿਆਨ ਦਾ ਸਵਾਗਤ ਕਰਦੇ ਹਾਂ।

ਪ੍ਰੋ. ਬਡੂੰਗਰ ਨੇ ਇਕ ਵਾਰ ਫਿਰ ਜੀ.ਐਸ.ਟੀ. ਮਾਮਲੇ ਉੱਤੇ ਕੇਂਦਰ ਨੂੰ ਕਰੜੇ ਹੱਥੀਂ ਲੈਂਦਿਆਂ ਕਿਹਾ ਕਿ ਸ੍ਰੀ ਨਰਿੰਦਰ ਮੋਦੀ ਵੱਖ-ਵੱਖ ਧਾਰਮਿਕ ਅਸਥਾਨਾਂ ਬਾਰੇ ਚੰਗੀ ਤਰ੍ਹਾਂ ਜਾਣਦੇ ਹਨ, ਪਰੰਤੂ ਫਿਰ ਵੀ ਇਨ੍ਹਾਂ ਅਸਥਾਨਾਂ ਉੱਪਰ ਜੀ.ਐਸ.ਟੀ. ਲਾਗੂ ਕੀਤੀ ਹੋਈ ਹੈ। ਉਨ੍ਹਾਂ ਕਿਹਾ ਕਿ ਕੇਂਦਰ ਵੱਲੋਂ ਨੋਟਬੰਦੀ ਤੇ ਜੀ.ਐਸ.ਟੀ. ਨਾਲ ਆਮ ਜਨਤਾ ਨੂੰ ਪ੍ਰੇਸ਼ਾਨ ਕੀਤਾ ਗਿਆ ਅਤੇ ਹੁਣ ਆਧਾਰ ਕਾਰਡ ਵਿੱਚੋਂ ਪੰਜਾਬੀ ਭਾਸ਼ਾ ਨੂੰ ਹਟਾਉਣ ਦਾ ਮੰਦਭਾਗਾ ਫੈਸਲਾ ਲਾਗੂ ਕਰ ਦਿੱਤਾ ਗਿਆ ਹੈ। ਕੇਂਦਰ ਦੇ ਅਜਿਹੇ ਫੈਸਲਿਆਂ ਨਾਲ ਜਿੱਥੇ ਦੇਸ਼ ਵਿਚ ਅਰਾਜਕਤਾ ਦਾ ਮਾਹੌਲ ਬਣ ਸਕਦਾ ਹੈ, ਉੱਥੇ ਅਮਨ-ਸ਼ਾਂਤੀ ਵੀ ਭੰਗ ਹੋ ਸਕਦੀ ਹੈ। ਉਨ੍ਹਾਂ ਕਿਹਾ ਕਿ ਕੇਂਦਰ ਨੂੰ ਫੈਸਲੇ ਲੈਣ ਤੋਂ ਪਹਿਲਾਂ ਹਰੇਕ ਪਹਿਲੂ ਉੱਪਰ ਚੰਗੀ ਤਰ੍ਹਾਂ ਨਜ਼ਰਸਾਨੀ ਕਰਨੀ ਚਾਹੀਦੀ ਹੈ।

ਪ੍ਰੋ. ਬਡੂੰਗਰ ਨੇ ਸੂਬੇ ਵਿਚ ਵਾਪਰ ਰਹੀਆਂ ਵਾਲ ਕੱਟਣ ਦੀਆਂ ਘਟਨਾਵਾਂ ਉਤੇ ਚਿੰਤਾ ਪ੍ਰਗਟ ਕਰਦਿਆਂ ਕਿਹਾ ਕਿ ਜਿੱਥੇ ਪਹਿਲਾਂ ਸੂਬੇ ਵਿਚ ਧਾਰਮਿਕ ਗ੍ਰੰਥਾਂ ਦੀ ਬੇਅਦਬੀ ਦੀਆਂ ਘਟਨਾਵਾਂ ਵਾਪਰਨਾ ਦੁਖਦਾਈ ਹੈ, ਉੱਥੇ ਵਾਲ ਕੱਟਣ ਦੀਆਂ ਘਟਨਾਵਾਂ ਵੀ ਬਹੁਤ ਮੰਦਭਾਗੀਆਂ ਹਨ ਅਤੇ ਸਰਕਾਰ ਨੂੰ ਚਾਹੀਦਾ ਹੈ ਕਿ ਏਜੰਸੀਆਂ ਰਾਹੀਂ ਉੱਚ ਪੱਧਰੀ ਜਾਂਚ ਕਰਵਾ ਕੇ ਮਾਮਲੇ ਦੀ ਸੱਚਾਈ ਸਾਹਮਣੇ ਲਿਆਂਦੀ ਜਾਵੇ। ਅਜਿਹੀਆਂ ਘਟਨਾਵਾਂ ਪ੍ਰਤੀ ਸਰਕਾਰ ਨੂੰ ਸੁਚੇਤ ਹੋਣ ਦੀ ਲੋੜ ਹੈ।

■

# ਧਰਮ ਪ੍ਰਚਾਰ ਕਮੇਟੀ ਦੀਆਂ ਪ੍ਰਚਾਰ ਸਰਗਰਮੀਆਂ

## ਸ਼ਾਹਜਹਾਨਪੁਰ (ਯੂ. ਪੀ.) ਵਿਖੇ ਗੁਰਮਤਿ ਕੈਂਪ

ਭਾਈ ਦਿਲਪ੍ਰੀਤ ਸਿੰਘ, ਇੰਚਾਰਜ, ਸ੍ਰੀ ਗੁਰੂ ਰਾਮਦਾਸ ਗੁਰਮਤਿ ਸੰਗੀਤ ਵਿਦਿਆਲਾ, ਸ਼ਾਹਜਹਾਨਪੁਰ (ਯੂ.ਪੀ.) ਵੱਲੋਂ ਪੁੱਜੀ ਰਿਪੋਰਟ ਅਨੁਸਾਰ ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ, ਰਾਮ ਨਗਰ ਕਾਲੋਨੀ, ਸ਼ਾਹਜਹਾਨਪੁਰ (ਯੂ. ਪੀ.) ਵਿਖੇ ਸਿੱਖੀ ਦੇ ਪ੍ਰਚਾਰ ਤੇ ਪ੍ਰਸਾਰ ਹਿੱਤ ੫ ਤੋਂ ੨੫ ਜੂਨ, ੨੦੧੭ ਤਕ ਗੁਰਮਤਿ ਕੈਂਪ ਲਗਾਇਆ ਗਿਆ। ਇਸ ਕੈਂਪ ਦੀ ਅਰੰਭਤਾ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਦੀ ਪ੍ਰਧਾਨ ਬੀਬੀ ਕਮਲੇਸ਼ ਕੌਰ ਨੇ ਬੱਚਿਆਂ ਨੂੰ ਪੰਜਾਬੀ ਸਿਖਾ ਕੇ ਕੀਤੀ। ਕੈਂਪ ਵਿਚ ਬੱਚਿਆਂ ਨੂੰ ਸ਼ੁੱਧ ਗੁਰਬਾਣੀ ਦਾ ਪਾਠ, ਸਿੱਖ ਇਤਿਹਾਸ, ਸਿੱਖ ਰਹਿਤ ਮਰਯਾਦਾ, ਗੁਰਬਾਣੀ ਕੀਰਤਨ ਬਾਰੇ ਜਾਣਕਾਰੀ ਅਤੇ ਦਸਤਾਰ ਸਜਾਉਣ ਦੀ ਸਿਖਲਾਈ ਵੀ ਦਿੱਤੀ ਗਈ। ਇਸ ਕੈਂਪ ਵਿਚ ਲੱਗਭਗ ੫੦ ਬੱਚਿਆਂ ਨੇ ਹਿੱਸਾ ਲਿਆ। ਕੈਂਪ ਦੌਰਾਨ ਬੱਚਿਆਂ ਦੀ ਲਈ ਗਈ ਗੁਰਮਤਿ ਪ੍ਰੀਖਿਆ ਵਿਚ ਪਹਿਲੇ, ਦੂਜੇ ਅਤੇ ਤੀਜੇ ਸਥਾਨ 'ਤੇ ਆਉਣ ਵਾਲੇ ਅਤੇ ਕੈਂਪ ਵਿਚ ਭਾਗ ਲੈਣ ਵਾਲੇ ਸਮੂਹ ਬੱਚਿਆਂ ਨੂੰ ਗੁਰਦੁਆਰਾ ਕਮੇਟੀ ਵੱਲੋਂ ਸਨਮਾਨਿਤ ਕੀਤਾ ਗਿਆ। ਇਸ ਕੈਂਪ ਦੇ ਆਯੋਜਨ ਲਈ ਗੁਰਦੁਆਰਾ ਸਾਹਿਬ ਦੇ ਪ੍ਰਧਾਨ ਸ. ਅਵਤਾਰ ਸਿੰਘ, ਮੀਤ ਪ੍ਰਧਾਨ ਸ. ਜੁਝਾਰ ਸਿੰਘ ਅਤੇ ਖ਼ਜ਼ਾਨਚੀ ਸ. ਰਵਿੰਦਰ ਸਿੰਘ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਧੰਨਵਾਦ ਕੀਤਾ।

## ਸਿੱਖ ਮਿਸ਼ਨ ਕਲਕੱਤਾ ਵੱਲੋਂ ਗੁਰਮਤਿ ਕੈਂਪ

ਸ. ਜਗਮੋਹਨ ਸਿੰਘ, ਇੰਚਾਰਜ, ਸਿੱਖ ਮਿਸ਼ਨ ਕਲਕੱਤਾ ਵੱਲੋਂ ਪੁੱਜੀ ਰਿਪੋਰਟ ਅਨੁਸਾਰ ਧਰਮ ਪ੍ਰਚਾਰ ਕਮੇਟੀ (ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ) ਸ੍ਰੀ ਅੰਮ੍ਰਿਤਸਰ ਵੱਲੋਂ ਸਿੱਖੀ ਦੇ ਪ੍ਰਚਾਰ ਤੇ ਪ੍ਰਸਾਰ ਲਈ ੧੫ ਮਈ ਤੋਂ ੧੦ ਜੂਨ, ੨੦੧੭ ਤਕ ਪੱਛਮੀ ਬੰਗਾਲ ਦੇ ਵੱਖ-ਵੱਖ ਜ਼ਿਲ੍ਹਿਆਂ ਵਿਚ ਗੁਰਮਤਿ ਕੈਂਪ ਲਗਾਏ ਗਏ। ਇਨ੍ਹਾਂ ਕੈਂਪਾਂ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਦੇ ਸਹਿਯੋਗ ਨਾਲ ਧਰਮ ਪ੍ਰਚਾਰ ਕਮੇਟੀ ਦੇ ਪ੍ਰਚਾਰਕ ਭਾਈ ਗੁਰਵਿੰਦਰ ਸਿੰਘ ਜੰਮੂ, ਭਾਈ ਚਰਨਜੀਤ ਸਿੰਘ, ਭਾਈ ਪਰਗਟ ਸਿੰਘ, ਭਾਈ ਹਰਵਿੰਦਰ ਸਿੰਘ, ਭਾਈ ਅਰਜਨ ਸਿੰਘ, ਭਾਈ ਸੁਖਵਿੰਦਰ ਸਿੰਘ, ਭਾਈ ਪਰਵੀਨ ਸਿੰਘ, ਭਾਈ ਤਰਲੋਚਨ ਸਿੰਘ ਅਤੇ ਭਾਈ ਜਤਿੰਦਰ ਸਿੰਘ ਵੱਲੋਂ ਲੱਗਭਗ ੧੦੦੦ ਵਿਦਿਆਰਥੀਆਂ ਨੂੰ ਗੁਰਮਤਿ ਦੀ ਸਿੱਖਲਾਈ ਦਿੱਤੀ ਗਈ। ਇਸ ਦੌਰਾਨ ਕਰਵਾਏ ਗਏ ਬੱਚਿਆਂ ਦੇ ਪ੍ਰਸ਼ਨੋਤਰੀ, ਲੈਕਚਰ ਅਤੇ ਕਵਿਤਾ ਮੁਕਾਬਲੇ ਵਿਚ ਪਹਿਲੇ, ਦੂਜੇ ਅਤੇ ਤੀਜੇ ਸਥਾਨ 'ਤੇ ਆਏ ਵਿਦਿਆਰਥੀਆਂ ਨੂੰ ਸਨਮਾਨਿਤ ਵੀ ਕੀਤਾ ਗਿਆ। ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਵੱਲੋਂ

ਭੇਟਾ-ਰਹਿਤ ਧਾਰਮਿਕ ਲਿਟਰੇਚਰ ਵੀ ਵੰਡਿਆ ਗਿਆ।

## ਯੂ. ਪੀ. ਸਿੱਖ ਮਿਸ਼ਨ ਹਾਪੁੜ ਵੱਲੋਂ ਅੰਮ੍ਰਿਤ-ਸੰਚਾਰ

ਭਾਈ ਬ੍ਰਿਜਪਾਲ ਸਿੰਘ, ਇੰਚਾਰਜ, ਯੂ. ਪੀ. ਸਿੱਖ ਮਿਸ਼ਨ ਹਾਪੁੜ ਵੱਲੋਂ ਪ੍ਰਾਪਤ ਰਿਪੋਰਟ ਅਨੁਸਾਰ ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਵੱਲੋਂ ਸ. ਸੁਖਮੀਤ ਸਿੰਘ ਕਾਦੀਆਂ, ਮੈਂਬਰ ਦੀ ਅਗਵਾਈ ਹੇਠ ਮਿਸ਼ਨ ਵੱਲੋਂ ੨੬ ਜਨਵਰੀ, ੨੦੧੭ ਤੋਂ ੨੫ ਜੂਨ, ੨੦੧੭ ਤਕ ਵੱਖ-ਵੱਖ ਸਥਾਨਾਂ 'ਤੇ ਕਰਵਾਏ ਅੰਮ੍ਰਿਤ-ਸੰਚਾਰ ਸਮਾਗਮਾਂ ਦੌਰਾਨ ਕੁੱਲ ੬੧੧ ਪ੍ਰਾਣੀਆਂ ਨੇ ਖੰਡੇ-ਬਾਟੇ ਦੀ ਪਾਹੁਲ ਹਾਸਲ ਕੀਤੀ। ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਵੱਲੋਂ ਅੰਮ੍ਰਿਤ-ਅਭਿਲਾਖੀਆਂ ਨੂੰ ਕਕਾਰ ਭੇਟਾ-ਰਹਿਤ ਦਿੱਤੇ ਗਏ।

ਇਸ ਤੋਂ ਇਲਾਵਾ ਮਿਸ਼ਨ ਵੱਲੋਂ ਮਹੀਨਾ ਮਈ ਅਤੇ ਜੂਨ ੨੦੧੭ ਵਿਚ ਹਾਪੁੜ, ਅਲੀਗੜ੍ਹ, ਇਦੌਰ, ਮੇਰਠ ਅਤੇ ਬਿਜਨੌਰ ਆਦਿ ਸਥਾਨਾਂ ਉੱਤੇ ਬੱਚਿਆਂ ਦੇ ਗੁਰਮਤਿ ਸਿਖਲਾਈ ਕੈਂਪ ਵੀ ਲਗਾਏ ਗਏ।

## ਰਾਜਸਥਾਨ ਵਿਖੇ ਅੰਮ੍ਰਿਤ ਸੰਚਾਰ

ਭਾਈ ਗੁਰਮੀਤ ਸਿੰਘ ਪ੍ਰਚਾਰਕ, ਵੱਲੋਂ ਪ੍ਰਾਪਤ ਰਿਪੋਰਟ ਅਨੁਸਾਰ ਸ਼ਹੀਦ ਨਗਰ ਗੁਰਦੁਆਰਾ ਬੁੱਢਾ ਜੋਹੜ, ਰਾਜਸਥਾਨ ਵਿਖੇ ੨੫ ਮਈ, ੨੦੧੭ ਨੂੰ ਅੰਮ੍ਰਿਤ-ਸੰਚਾਰ ਸਮਾਗਮ ਕਰਵਾਇਆ ਗਿਆ। ਇਸ ਸਮਾਗਮ ਵਿਚ ਕੁੱਲ ੪੩ ਪ੍ਰਾਣੀਆਂ ਨੇ ਅੰਮ੍ਰਿਤ-ਪਾਨ ਕੀਤਾ। ਪੰਜ ਪਿਆਰੇ ਸਾਹਿਬਾਨ ਤਖ਼ਤ ਸ੍ਰੀ ਦਮਦਮਾ ਸਾਹਿਬ ਤੋਂ ਪਹੁੰਚੇ। ਇਸ ਸਮਾਗਮ ਦੌਰਾਨ ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਵੱਲੋਂ ਅੰਮ੍ਰਿਤ-ਅਭਿਲਾਖੀਆਂ ਨੂੰ ਕਕਾਰ ਭੇਟਾ-ਰਹਿਤ ਦਿੱਤੇ ਗਏ।

## ਹਿਮਾਚਲ ਪ੍ਰਦੇਸ਼ ਵਿਖੇ ਅੰਮ੍ਰਿਤ-ਸੰਚਾਰ

ਭਾਈ ਸੁਖਰਾਜ ਸਿੰਘ, ਇੰਚਾਰਜ, ਸਿੱਖ ਮਿਸ਼ਨ ਹਿਮਾਚਲ ਪ੍ਰਦੇਸ਼ ਵੱਲੋਂ ਪ੍ਰਾਪਤ ਰਿਪੋਰਟ ਅਨੁਸਾਰ ਮਿਸ਼ਨ ਵੱਲੋਂ ਭਾਈ ਲਵਪ੍ਰੀਤ ਸਿੰਘ, ਮੁੱਖ ਪ੍ਰਬੰਧਕ ਦੇ ਸਹਿਯੋਗ ਨਾਲ ਸਿੱਖੀ ਦੇ ਪ੍ਰਚਾਰ ਤੇ ਪ੍ਰਸਾਰ ਲਈ ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਵੱਲੋਂ ਗੁਰਦੁਆਰਾ ਸ੍ਰੀ ਗੁਰੂ ਨਾਨਕ ਜੋਤ, ਡਾਕ: ਕੁਠੰਡਲ, ਤਹਿ: ਨੂਰਪੁਰ, ਜ਼ਿਲ੍ਹਾ ਕਾਂਗੜਾ ਵਿਖੇ ਅੰਮ੍ਰਿਤ-ਸੰਚਾਰ ਸਮਾਗਮ ਕਰਵਾਇਆ ਗਿਆ। ਇਸ ਸਮਾਗਮ ਵਿਚ ਕੁੱਲ ੪੫ ਪ੍ਰਾਣੀਆਂ ਨੇ ਅੰਮ੍ਰਿਤ-ਪਾਨ ਕੀਤਾ। ਪੰਜ ਪਿਆਰੇ ਸਾਹਿਬਾਨ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ, ਸ੍ਰੀ ਅਨੰਦਪੁਰ ਸਾਹਿਬ ਤੋਂ ਪਹੁੰਚੇ। ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਵੱਲੋਂ ਅੰਮ੍ਰਿਤ-ਅਭਿਲਾਖੀਆਂ ਨੂੰ ਕਕਾਰ ਭੇਟਾ-ਰਹਿਤ ਦਿੱਤੇ ਗਏ।

■